37ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

# ਤਰਕਸ਼ੀਲ

# TARKSHEEL

ਮਾਰਚ - ਅਪ੍ਰੈਲ 2022

ਅੰਤਰ ਝਾਤ :

'ਡਰੀਮਲੈਂਡ' ਦੀ ਭੂਮਿਕਾ (2)
ਸਿੱਖਿਆ ਪਾਠਕ੍ਰਮਾਂ ਦਾ ਭਗਵਾਂਕਰਨ (13)
ਵਿਟਾਮਿਨ, ਬੈਕਟੀਰੀਆ ਅਤੇ ਤਣਾਅ (21)
ਮਨੋਰੋਗ ਮਾਹਿਰ ਦੀ ਕਲਮ ਤੋਂ (23)




20/-

ਵੱਧ ਵਿਸ਼ਵਾਸ ਕਰਨ ਨਾਲ ਕੋਈ ਚੀਜ਼ ਅਸਲੀ ਨਹੀਂ ਹੋ ਜਾਂਦੀ। ...ਜੇਮਜ਼ ਰੈਂਡੀ

## ਤੁਸੀਂ ਕੀ ਜਾਣੋਂ

ਤੁਸੀਂ ਕੀ ਜਾਣੋਂ
ਵੱਡੇ ਘਰਾਂ ਦੇ ਭਾਂਡੇ-ਟੀਂਡੇ
ਕਿੰਨੇ ਗੰਦੇ ਹੁੰਦੇ ਨੇ
ਮੈਂ ਧੋਣੀ ਆਂ
ਮੈਥੋਂ ਪੁੱਛੋ
ਤੁਸੀਂ ਕੀ ਜਾਣੋਂ
ਰਾਤ ਦਾ ਬੇਹਾ ਟੁੱਕਰ
ਚੁੱਕ ਕੇ ਘਰ ਲਿਆਣਾ
ਕਿੰਨਾ ਭਾਰੀ ਹੁੰਦਾ ਏ
ਮੈਂ ਲਿਆਨੀ ਆਂ
ਮੈਥੋਂ ਪੁੱਛੋ
ਤੁਸੀਂ ਕੀ ਜਾਣੋਂ
ਉਸ ਲੋਰੀ ਦੀ ਭਾਸ਼ਾ ਨੂੰ
ਜਿਸ ਨੂੰ ਸੁਣ ਕੇ
ਸੌਂ ਜਾਂਦੇ ਨੇ ਭੁੱਖੇ ਬੱਚੇ
ਮੈਂ ਦੇਨੀ ਆਂ
ਮੈਥੋਂ ਪੁੱਛੋ
ਤੁਸੀਂ ਕੀ ਜਾਣੋਂ
ਗਰੀਬੀ ਕਿੰਨੀ ਗੰਦੀ ਗਾਲ ਏ
ਕਦੇ ਸੁਣੀ ਜੇ ?
ਮੈਂ ਸੁਣਨੀ ਆਂ
ਮੈਥੋਂ ਪੁੱਛੋ
ਤੁਸੀਂ ਕੀ ਜਾਣੋਂ
ਪੁੰਨ ਦੀ ਰੋਟੀ
ਦਾਨ ਦਾ ਪਾਣੀ
ਕਿਸ ਕੱਲਰੀ ਝੀਲ ਦਾ ਚਿੱਕੜ ਏ
ਮੈਂ ਖਾਣੀ ਆਂ
ਮੈਂ ਪੀਣੀ ਆਂ
ਮੈਥੋਂ ਪੁੱਛੋ




ਉਰਦੂ ਨਜ਼ਮ ਦਾ ਪੋਸਟਰ: ਐਮ.ਆਸਿਫ਼

ਮੂਲ ਉਰਦੂ ਰਚਨਾ : ਸ਼ਾਮ ਜੀ



ਪੰਜਾਬੀ ਰੂਪ : ਜਸਪਾਲ ਘਈ

ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਪ੍ਰਤੀ ਦਿਨ ਕੁਝ ਨਾ ਕੁਝ ਯਤਨ ਕਰਦੇ ਰਹਿਣਾ ਚਾਹੀਦਾ ਹੈ।
*ਜੈਕ ਕੈਨ ਫੀਲਡ*


**ਮੁੱਖ ਸੰਪਾਦਕ**
ਬਲਬੀਰ ਲੌਂਗੋਵਾਲ
98153 17028

**ਸੰਪਾਦਕੀ ਬੋਰਡ**
ਰਾਮ ਸਵਰਨ ਲੱਖੇਵਾਲੀ
ਜਸਵੰਤ ਮੋਹਾਲੀ
ਪਾਲ ਬਾਗਪੁਰ
ਸੁਖਦੇਵ ਧੂਰੀ
ਸੁਖਦੇਵ ਫਗਵਾੜਾ
ਭੁਪਿੰਦਰ ਫੌਜੀ

**ਮੁੱਖ ਸੰਪਾਦਕ**
balbirlongowal1966@gmail.com

**ਮੁੱਖ ਪ੍ਰਬੰਧਕ**
ਸੁਖਵਿੰਦਰ ਬਾਗਪੁਰ (94174 27538)

**ਸਰਵਰਕ** : ਹਰਪ੍ਰੀਤ 'ਰੂਬੀ'

**ਵਿਦੇਸ਼ੀ ਪ੍ਰਤੀਨਿਧ**
ਅਵਤਾਰ ਗਿੱਲ, ਕੈਨੇਡਾ
ਅੱਛਰ ਸਿੰਘ ਖਰਲਵੀਰ, ਕਵੈਂਟਰੀ (ਇੰਗਲੈਂਡ)
(+44-748-635-1185)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

**ਸਲਾਨਾ**: 100 ਰੁਪਏ
**ਵਿਦੇਸ਼**: 25 ਯੂ. ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234
IFSC : PUNB0004400

**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਹੇਮ ਰਾਜ ਸਟੈਨੋ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

## ਤਰਤੀਬ


1. ਸੰਪਾਦਕੀ........................ 1
2. ਡਰੀਮਲੈਂਡ ਦੀ ਭੂਮਿਕਾ ......... 2
3. ਹਰੀਦੁਆਰ 'ਧਰਮ ਸੰਸਦ' ਦੀ ਸੇਧ .......................... 7
4. 'ਤਕਦੀਰ' ਦਾ ਤਮਾਸ਼ਾ .......... 11
5. ਸਿੱਖਿਆ ਪਾਠਕ੍ਰਮਾਂ ਦਾ ਭਗਵਾਂਕਰਨ ................... 13
6. 'ਕੌਣ ਬਣੇਗਾ ਕਰੋੜਪਤੀ' ਨੇ ਬਣਾਇਆ ਕਰੋੜਾਂ ਲੋਕਾਂ ਨੂੰ ਬੁੱਧੂ ......................... 16
7. ਬੋਲ ਸਦੀਵੀਂ ................... 18
8. ਕੇਸ ਰਿਪੋਰਟ .................... 19
9. ਵਿਟਾਮਿਨ, ਬੈਕਟੀਰੀਆ ਅਤੇ ਤਣਾਅ ..................... 21
10. ਮਨੋਰੋਗ ਮਾਹਿਰ ਦੀ ਕਲਮ ਤੋਂ .. 23
11. ਪੈੜਾਂ ...................... 26-27
12. ਕ੍ਰਾਂਤੀਕਾਰੀ ਚੰਦਰ ਸਿੰਘ ਗੜ੍ਹਵਾਲੀ ..................... 28
13. ਬਾਲ ਪੰਨਾ ....................... 31
14. ਪੜ੍ਹਣਯੋਗ ਪੁਸਤਕਾਂ ........... 34
15. ਆਓ ਵਿਗਿਆਨਕ ਕਾਰਣ ਜਾਣੀਏ ........................ 36
16. ਮਿਲੇ ਧੱਕਿਆਂ ਦਾ ਮੋੜ .......... 38
17. ਅਧਾਰਮਿਕ ਲੋਕਾਂ ਦੇ ਏਕੇ ਦੀ ਅਣਸਰਦੀ ਲੋੜ ............ 39
18. ਸੁੱਲੀ-ਬੁੱਲੀ ਐਪ- ਇੱਕ ਫਾਸ਼ੀ ਮੁਹਿੰਮ ........................... 42
19. ਸਾਵਿੱਤਰੀ ਬਾਈ ਫੂਲੇ .......... 44
20. ਕਿਹੜੀ ਕਿਤਾਬ ਪਸੰਦ ਆਈ ... 46
21. ਵਿਸ਼ੇਸ਼ ਰਿਪੋਰਟ ................. 47
22. ਪੇਸ਼ਕਦਮੀਆਂ .................. 48
23. ਆਰਥਿਕ ਸਹਾਇਤਾ ............ 50
24. ਪ੍ਰਤੀਕਰਮ ...................... 51
25. ਆਖਰੀ ਪੰਨਾ ................... 52



**ਕੰਪੋਜ਼ਿੰਗ/ਸੈਟਿੰਗ : ਹਰਪ੍ਰੀਤ 'ਰੂਬੀ'**

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।


# ਸੰਪਾਦਕੀ

ਧੱਕੇ ਨਾਲ ਲੜਕੀਆਂ ਨੂੰ ਹਿਜ਼ਾਬ ਪਹਿਨਣ ਤੋਂ ਰੋਕਣਾ ਜਾਂ ਪਹਿਨਣ ਲਈ ਮਜ਼ਬੂਰ ਕਰਨਾ, ਦੋਵੇਂ ਹੀ ਸਿਰੇ ਦੀਆਂ ਗੈਰ-ਜਮਹੂਰੀ, ਗੈਰ-ਮਨੁੱਖੀ, ਔਰਤ ਵਿਰੋਧੀ ਕਾਰਵਾਈਆਂ ਹਨ। ਇਹ ਇੱਕ ਔਰਤ ਦੀ ਸਮਾਜਿਕ, ਅਤੇ ਇੱਥੋਂ ਤੱਕ ਕਿ ਸੰਵਿਧਾਨਕ ਅਜ਼ਾਦੀ 'ਤੇ ਸਿੱਧਾ ਹਮਲਾ ਹਨ। 'ਸਮਾਨ ਡਰੈੱਸ ਕੋਡ' ਲਾਗੂ ਕਰਨ ਵਰਗੇ ਲਬਾਦਿਆਂ ਦੀ ਆੜ ਵਿੱਚ ਇਹਨਾਂ ਨੂੰ ਕਿਸੇ ਵੀ ਹਾਲਤ ਵਿੱਚ ਜਾਇਜ ਨਹੀਂ ਠਹਿਰਾਇਆ ਜਾ ਸਕਦਾ। ਇਹ 'ਸੀਨ' ਸਭ ਨੇ ਵੇਖਿਆ ਹੈ, ਬੁਰਕਾ ਪਹਿਨੀ ਇੱਕ ਵਿਦਿਆਰਥਣ ਕਰਨਾਟਕਾ ਦੇ ਇੱਕ ਕਾਲਜ ਵਿੱਚ ਦਾਖਲ ਹੁੰਦੀ ਹੈ। ਗਲਾਂ ਵਿੱਚ ਭਗਵੇਂ ਕੱਪੜੇ ਪਾਈ ਹੁੜਦੰਗ ਨੌਜਵਾਨਾਂ ਦੀ ਨਾਹਰੇਬਾਜੀ ਕਰਦੀ ਭੀੜ ਉਸ ਲੜਕੀ ਨੂੰ ਚਿੜਾ ਰਹੀ ਹੈ। ਲੜਕੀ 'ਅੱਲਾ ਹੂ ਅਕਬਰ' ਦੇ ਨਾਹਰੇ ਲਾਉਂਦੀ ਹੈ ਅਤੇ ਵਰਗਲਾਈ ਭੀੜ ਭਗਵੇਂ ਨਾਹਰੇ। ਹਰ ਸੰਵੇਦਨਸ਼ੀਲ ਮਨੁੱਖ ਨੂੰ ਇਹ ਦ੍ਰਿਸ਼ ਅੰਦਰ ਤੱਕ ਝੰਜੋੜਦਾ ਹੈ। ਕਸੂਰ ਨੌਜਵਾਨਾਂ ਦਾ ਹੀ ਨਹੀਂ, ਉਹਨਾਂ ਦੇ ਦਿਮਾਗਾਂ 'ਚ ਰਾਜ ਸੱਤਾ ਇੱਕ ਯੋਜਨਾਬਧ ਫਾਸ਼ੀ ਏਜੰਡੇ ਦੇ ਤਹਿਤ ਇਹ ਜ਼ਹਿਰ ਭਰ ਰਹੀ ਹੈ। ਅਸਲ ਦੁਸ਼ਮਨਾਂ ਨੂੰ ਲੁਕਾਉਣ ਲਈ ਕਾਲਪਨਿਕ ਦੁਸ਼ਮਨ ਘੜ ਰਹੀ ਹੈ। ਨੌਜਵਾਨਾਂ ਨੂੰ ਇਸ ਪਾਸੇ ਤੋਰਿਆ ਜਾ ਰਿਹਾ, ਤਾਂ ਜੋ ਬੇਰੁਜ਼ਗਾਰੀ, ਗਰੀਬੀ, ਸਿੱਖਿਆ ਹੀਣਤਾ ਆਦਿ ਤੋਂ ਪੀੜਤ ਅਤੇ ਉੱਜਲ ਭਵਿੱਖ ਤੋਂ ਹੀਣੇ ਇਹ ਨੌਜਵਾਨ ਇਸ ਲੁਟੇਰੇ ਪ੍ਰਬੰਧ ਦੀ ਤਬਦੀਲੀ ਦੇ ਰਾਹ ਨਾ ਪੈ ਜਾਣ। ਗਊ ਹੱਤਿਆ, ਲਵ ਜਿਹਾਦ ਆਦਿ ਦੇ ਰੌਲੇ ਤੋਂ ਬਾਅਦ, ਧਰਮ ਸੰਸਦਾਂ ਰਾਹੀਂ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਤੋਂ ਬਾਅਦ, ਹੁਣ ਮੁਸਲਿਮ ਔਰਤਾਂ ਵੱਲੋਂ ਪਾਏ ਜਾਂਦੇ ਹਿਜ਼ਾਬ ਦਾ ਮੁੱਦਾ ਖੜ੍ਹਾ ਕਰ ਦਿੱਤਾ ਗਿਆ ਹੈ। ਕਰਨਾਟਕ ਦਾ ਭਾਜਪਾ ਪ੍ਰਧਾਨ ਹਿਜ਼ਾਬ ਪਹਿਨਣ ਨੂੰ ਤਾਲਿਬਾਨੀਕਰਨ ਕਹਿ ਕੇ ਫਿਰਕੂ ਅੱਗ ਨੂੰ ਹੋਰ ਭੜਕਾ ਰਿਹਾ, ਉਸ ਤੋਂ ਪੁੱਛਣਾ ਬਣਦਾ ਕਿ ਜੇ ਇਹ ਇਸੇ ਤਰ੍ਹਾਂ ਹੈ ਤਾਂ ਸਕੂਲ ਵਿੱਚ ਸਰਸਵਤੀ ਦੀ ਪੂਜਾ, ਸਿੱਖਿਆ ਦਾ ਭਗਵਾਂਕਰਨ, ਹਿੰਦੂ ਪ੍ਰਤੀਕਾਂ ਨੂੰ ਉਚਾਇਆਉਣਾ ਆਦਿ ਕੀ ਹੈ ? ਔਰਤਾਂ 'ਤੇ ਸਦੀਆਂ ਤੋਂ ਪਿੱਤਰ ਸੱਤਾ ਦੇ ਅਧੀਨ ਉਹਨਾਂ ਦੀ ਆਜ਼ਾਦੀ ਨੂੰ ਕੁਚਲਣ ਲਈ ਬਹੁਤ ਕੁਝ ਥੋਪਿਆ ਜਾ ਰਿਹਾ ਭਾਵੇਂ ਉਹ ਕਿਸੇ ਵੀ ਧਰਮ ਦੀਆਂ ਹੋਣ। ਅਸਲ ਵਿੱਚ ਇਹ ਮਸਲਾ ਸੰਘ ਦੀ ਔਰਤ, ਮੁਸਲਿਮ ਵਿਰੋਧੀ ਮਾਨਸਿਕਤਾ ਨਾਲ ਜੁੜਿਆ ਹੋਇਆ ਹੈ। ਸੁਪਰੀਮ ਕੋਰਟ ਵਿੱਚ ਜਿੱਤ ਦੇ ਬਾਵਜੂਦ ਜਵਾਨ ਹਿੰਦੂ ਔਰਤਾਂ ਕੇਰਲਾ ਦੇ ਸਬਰੀਮਾਲਾ ਮੰਦਿਰ ਵਿੱਚ ਦਾਖਲ ਨਹੀਂ ਹੋ ਸਕਦੀਆਂ। ਹਾਲਾਂਕਿ ਅਸੀਂ ਮੰਦਿਰਾਂ ਜਾਂ ਹੋਰ ਧਾਰਮਿਕ ਸਥਾਨਾਂ ਵਿੱਚ ਜਾਣ ਦੀ ਹਿਮਾਇਤ ਨਹੀਂ ਕਰਦੇ, ਪਰ ਇੱਕ ਜਮਹੂਰੀ ਆਜ਼ਾਦੀ ਦੇ ਰੂਪ ਵਿੱਚ ਇਸ ਵਰਤਾਰੇ ਨੂੰ ਪੂਰੀ ਤਰ੍ਹਾਂ ਗਲਤ ਮੰਨਦੇ ਹਾਂ। ਹੁਣ ਤਾਂ ਗੱਲ ਇੱਥੇ ਤੱਕ ਪੁੱਜ ਚੁੱਕੀ ਹੈ ਕਿ ਮੰਦਰ ਦੇ ਗੇਟ 'ਤੇ ਔਰਤਾਂ ਦੀ ਮਾਂਹਵਾਰੀ ਚੈੱਕ ਕਰਨ ਲਈ ਮਸ਼ੀਨ ਲਾ ਦੇਣ ਦੀ ਵਿਉਂਤ ਹੋ ਰਹੀ ਹੈ। ਕਰਨਾਟਕਾ ਤੋਂ ਬਾਅਦ ਹਿਜ਼ਾਬ ਦੇ ਮੁੱਦੇ ਨੂੰ ਮੱਧ ਪ੍ਰਦੇਸ਼ ਵਿੱਚ ਵੀ ਗਰਮਾ ਦਿੱਤਾ ਗਿਆ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਜਨਤਾ ਰਾਜਸੱਤਾ ਦੀ ਸ਼ਹਿ 'ਤੇ ਭਗਵੇਂ ਬ੍ਰਿਗੇਡ ਵੱਲੋਂ ਹਰ ਚੜ੍ਹਦੇ ਦਿਨ ਪੈਦਾ ਕੀਤੇ ਜਾ ਰਹੇ ਇਹਨਾਂ ਫਿਰਕੂ ਮੁੱਦਿਆਂ ਦੀ ਅਸਲੀਅਤ ਨੂੰ ਜਾਨਣ ਦਾ ਯਤਨ ਕਰੇ। ਇੱਕ ਆਮ ਮਨੁੱਖ ਦੀਆਂ ਬੁਨਿਆਦੀ ਲੋੜਾਂ - ਸਿੱਖਿਆ, ਸਿਹਤ ਸਹੂਲਤਾਂ, ਰੋਜ਼ਗਾਰ ਆਦਿ ਹਰ ਨਾਗਰਿਕ ਲਈ ਸਮਾਨ ਤੇ ਵਧੀਆ ਢੰਗ ਨਾਲ ਮੁਹੱਈਆ ਕਰਨ ਤੋਂ ਆਕੀ, ਸਿਰਫ ਕਾਰਪੋਰੇਟਾਂ ਦੇ ਮੁਨਾਫ਼ੇ ਲਈ ਚਿੰਤਤ, ਇਹ ਪ੍ਰਬੰਧ ਲੋਕਾਂ ਦਾ ਧਿਆਨ ਜੀਵਨ ਦੇ ਅਸਲੀ ਮੁੱਦਿਆਂ ਤੋਂ ਭਟਕਾ ਕੇ ਪੂਰੇ ਸਮਾਜ ਨੂੰ ਫਿਰਕੂ ਅੱਗ ਵਿੱਚ ਝੋਕਣਾ ਚਾਹੁੰਦਾ ਹੈ। ਆਓ ਇਸ ਵਰਤਾਰੇ ਨੂੰ ਸਮਝੀਏ, ਸਿੱਖਿਅਤ ਹੋਈਏ ਅਤੇ ਡਟਵਾਂ ਵਿਰੋਧ ਕਰੀਏ।

# 'ਡਰੀਮਲੈਂਡ' ਦੀ ਭੂਮਿਕਾ



**ਸ਼ਹੀਦ ਭਗਤ ਸਿੰਘ**

ਲਾਲਾ ਰਾਮ ਸਰਨ ਆਜ਼ਾਦੀ ਦੀ ਲੜਾਈ ਦੇ ਉਨ੍ਹਾਂ ਜਾਣੇ-ਪਛਾਣੇ ਯੋਧਿਆਂ ਵਿੱਚੋਂ ਹਨ, ਜਿਨਾਂ ਨੇ ਤੁਰਨ ਤੋਂ ਬਾਅਦ ਕਦੇ ਰੁਕਣ ਦਾ ਨਾਂ ਨਹੀਂ ਲਿਆ। 1907 ਵਿੱਚ ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਦੇ ਨਾਲ ਉਨ੍ਹਾਂ ਆਜ਼ਾਦੀ ਦੀ ਜੰਗ ਵਿੱਚ ਕਦਮ ਰੱਖਿਆ। ਉਮਰ ਕੈਦ ਕੱਟ ਕੇ ਜੇਲ੍ਹ ਤੋਂ ਆਏ ਤਾਂ ਇਨਕਲਾਬੀਆਂ ਦੀ ਮਦਦ ਕਰਨ ਲੱਗੇ। ਉਨ੍ਹਾਂ ਨੂੰ ਲਾਹੌਰ ਸਾਜਿਸ਼ ਕੇਸ ਵਿੱਚ ਫਸਾਇਆ ਗਿਆ ਅਤੇ ਪੰਜ ਸਾਲ ਦੀ ਕੈਦ ਹੋਈ। ਜੇਲ੍ਹ ਵਿੱਚ ਉਹ ਅੰਗਰੇਜ਼ੀ ਵਿੱਚ ਕਵਿਤਾ ਲਿਖਦੇ ਸਨ। ਜਦੋਂ ਉਨ੍ਹਾਂ ਦੀ ਕਾਵਿ-ਪੁਸਤਕ ਤਿਆਰ ਹੋਈ ਤਾਂ ਉਨ੍ਹਾਂ ਨੇ ਭਗਤ ਸਿੰਘ ਨੂੰ ਉਸਦੀ ਭੂਮਿਕਾ ਲਿਖਣ ਲਈ ਕਿਹਾ। ਇਸ ਗੱਲ ਨੂੰ ਭਗਤ ਸਿੰਘ ਨੇ ਬੜੇ ਸੰਕੋਚ ਨਾਲ ਸਵੀਕਾਰ ਕੀਤਾ ਅਤੇ ਲਾਹੌਰ ਸੈਂਟਰਲ ਜੇਲ੍ਹ ਵਿੱਚ ਹੀ 15 ਜਨਵਰੀ 1931 ਨੂੰ ਮੁੱਖ ਬੰਦ ਵਜੋਂ ਇਸ ਆਲੋਚਨਾਤਮਕ ਲੇਖ ਦੀ ਰਚਨਾ ਕੀਤੀ। ਮੂਲ ਰੂਪ ਵਿੱਚ ਇਹ ਅੰਗਰੇਜ਼ੀ ਵਿੱਚ ਲਿਖਿਆ ਗਿਆ। 'ਡਰੀਮਲੈਂਡ' ਦੀ ਭੂਮਿਕਾ ਵਿੱਚ ਭਗਤ ਸਿੰਘ ਦੀ ਸਾਹਿਤਕ ਸੂਝ ਅਤੇ ਸੰਵੇਦਨਾ ਦਾ ਵੀ ਪਤਾ ਲੱਗਦਾ ਹੈ ਅਤੇ ਇਹ ਵਿਚਾਰਧਾਰਕ ਪੱਖ ਦੇ ਨਜ਼ਰੀਏ ਤੋਂ ਅਹਿਮ ਦਸਤਾਵੇਜ ਹੈ। - ਸੰਪਾਦਕ

ਮੇਰੇ ਸੁਝਵਾਨ ਦੋਸਤ ਲਾਲਾ ਰਾਮ ਸਰਨ ਦਾਸ ਨੇ ਮੈਨੂੰ ਆਪਣੀ ਪੁਸਤਕ 'ਡਰੀਮਲੈਂਡ' (ਸੁਪਨਲੋਕ) ਦੀ ਭੂਮਿਕਾ ਲਿਖਣ ਲਈ ਕਿਹਾ। ਮੈਂ ਨਾ ਤਾਂ ਕਵੀ ਹਾਂ, ਨਾ ਸਾਹਿਤਕਾਰ, ਨਾ ਮੈਂ ਪੱਤਰਕਾਰ ਹਾਂ ਅਤੇ ਨਾ ਹੀ ਆਲੋਚਕ। ਇਸ ਲਈ ਮੈਂ ਉਨ੍ਹਾਂ ਦੀ ਇਸ ਮੰਗ ਦਾ ਕੋਈ ਪ੍ਰਯੋਜਨ ਨਹੀਂ ਲੱਭ ਸਕਿਆ। ਪਰ ਮੈਂ ਜਿਹੋ-ਜਿਹੇ ਹਾਲਾਤ ਵਿੱਚ ਹਾਂ, ਉਨ੍ਹਾਂ ਕਰਕੇ ਮੈਂ ਲੇਖਕ ਨਾਲ ਇਸ ਮਸਲੇ 'ਤੇ ਬਹਿਸ ਜਾਂ ਦਲੀਲ ਦੇਣ ਯੋਗ ਵੀ ਨਹੀਂ ਹਾਂ। ਇਸ ਤਰ੍ਹਾਂ ਮੇਰੇ ਕੋਲ ਇਸ ਤੋਂ ਵੀ ਇਲਾਵਾ ਕੋਈ ਹੋਰ ਰਾਹ ਨਹੀਂ ਹੈ ਕਿ ਮੈਂ ਆਪਣੇ ਮਿੱਤਰ ਦੀ ਇੱਛਾ ਪੂਰੀ ਕਰਾਂ।

ਕਿਉਂਕਿ ਮੈਂ ਕਵੀ ਨਹੀਂ ਹਾਂ, ਇਸ ਲਈ ਮੈਂ ਇਸ ਬਾਰੇ ਉਸ ਦ੍ਰਿਸ਼ਟੀਕੋਣ ਤੋਂ ਬਹਿਸ ਨਹੀਂ ਕਰਾਂਗਾ। ਮੈਨੂੰ ਛੰਦਬੰਦੀ ਬਾਰੇ ਵੀ ਕੋਈ ਗਿਆਨ ਨਹੀਂ ਹੈ ਅਤੇ ਮੈਂ ਇਹ ਵੀ ਨਹੀਂ ਜਾਣਦਾ ਕਿ ਛੰਦਬੰਦੀ ਦੇ ਮਾਪਦੰਡਾਂ ਨਾਲ ਪਰਖਿਆਂ ਇਹ ਕਿਤਾਬ ਪੂਰੀ ਉਤਰੇਗੀ ਜਾਂ ਨਹੀਂ। ਸਾਹਿਤਕਾਰ ਨਾ ਹੋਣ ਕਰਕੇ ਮੈਂ ਇਸ ਕਿਤਾਬ ਨੂੰ ਕੌਮੀ ਸਾਹਿਤ ਵਿੱਚ ਯੋਗ ਥਾਂ ਦਿਵਾਉਣ ਦੀ ਦ੍ਰਿਸ਼ਟੀ ਨਾਲ ਵੀ ਨਹੀਂ ਵਿਚਾਰਾਂਗਾ।

ਮੈਂ ਰਾਜਨੀਤਕ ਕਾਰਜਕਰਤਾ ਹੋਣ ਕਰਕੇ ਵੱਧ ਤੋਂ ਵੱਧ ਸਿਆਸੀ ਦ੍ਰਿਸ਼ਟੀਕੋਣ ਤੋਂ ਗੱਲ ਕਰ ਸਕਦਾ ਹਾਂ। ਪਰ ਇੱਥੇ ਵੀ ਇਹ ਗੱਲ ਮੇਰੇ ਕੰਮ ਨੂੰ ਲਗਭਗ ਅਸੰਭਵ ਬਣਾ ਦਿੰਦੀ ਹੈ ਕਿਉਂਕਿ ਮੈਂ ਪੁਸਤਕ ਦੇ ਵਿਸ਼ੇ ਬਾਰੇ ਲੇਖਕ ਨਾਲ ਸਹਿਮਤ ਨਹੀਂ ਹਾਂ, ਮੈਂ ਆਪਣੇ ਮਿੱਤਰਾਂ ਨਾਲ ਸਾਰੇ ਮਸਲਿਆਂ 'ਤੇ ਇੱਕ ਮਤ ਨਹੀਂ ਹਾਂ। ਉਹ ਇਸ ਗੱਲ ਨੂੰ ਜਾਣਦੇ ਸਨ ਕਿ ਮੈਂ ਕਈ ਬਨਿਆਦੀ ਸਵਾਲਾਂ ਬਾਰੇ ਉਨ੍ਹਾਂ ਨਾਲ ਮੱਤਭੇਦ ਰੱਖਦਾ ਹਾਂ। ਇਸ ਲਈ ਮੈਂ ਜੋ ਲਿਖ ਰਿਹਾ ਹਾਂ, ਉਹ ਕਿਸੇ ਵੀ ਹਾਲ ਵਿੱਚ ਪੁਸਤਕ ਦੀ ਭੂਮਿਕਾ ਨਹੀਂ ਹੋਵੇਗੀ। ਇਹ ਵੱਧ ਤੋਂ ਵੱਧ ਉਸ ਦੀ ਆਲੋਚਨਾ ਹੋ ਸਕਦੀ ਹੈ ਅਤੇ ਇਸਦੀ ਥਾਂ ਕਿਤਾਬ ਦੇ ਅਖੀਰ ਵਿੱਚ ਹੋਵੇਗੀ, ਸ਼ੁਰੂ ਵਿੱਚ ਨਹੀਂ।

ਸਿਆਸੀ ਖੇਤਰ ਵਿੱਚ 'ਡਰੀਮਲੈਂਡ' ਦੀ ਬਹੁਤ ਅਹਿਮ ਥਾਂ ਹੈ। ਮੌਜੂਦਾ ਹਾਲਾਤ ਵਿੱਚ ਇਹ ਕਿਤਾਬ ਅੰਦੋਲਨ ਦੇ ਵੱਡੇ ਖੱਪੇ ਨੂੰ ਪੂਰਾ ਕਰਦੀ ਹੈ। ਦਰਅਸਲ ਆਧੁਨਿਕ ਇਤਿਹਾਸ ਵਿੱਚ ਅਹਿਮ ਰੋਲ ਅਦਾ ਕਰਨ ਵਾਲਾ ਹਰ ਸਿਆਸੀ ਅੰਦੋਲਨ ਆਦਰਸ਼ ਰਹਿਤ ਰਿਹਾ ਹੈ। ਇਨਕਲਾਬੀ ਲਹਿਰ ਵੀ ਇਸ ਦੋਸ਼ ਤੋਂ ਮੁਕਤ ਨਹੀਂ ਹੈ। ਇੱਕ ਗ਼ਦਰ ਪਾਰਟੀ ਨੂੰ ਛੱਡ ਕੇ ਜਿਸ ਨੇ ਅਮਰੀਕੀ ਢੰਗ ਦੀ ਸਰਕਾਰ ਤੋਂ ਪ੍ਰੇਰਿਤ ਹੋ ਕੇ ਸਪੱਸ਼ਟ ਕਿਹਾ ਸੀ ਕਿ ਉਹ ਭਾਰਤ ਦੀ ਮੌਜੂਦਾ ਸਰਕਾਰ ਦੀ ਥਾਂ ਪਰਜਾਤੰਤਰਿਕ ਭਾਂਤ ਦੀ ਸਰਕਾਰ ਸਥਾਪਿਤ ਕਰਨਾ ਚਾਹੁੰਦੀ ਹੈ, ਆਪਣੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਮੈਨੂੰ ਅਜਿਹੀ ਇੱਕ ਵੀ ਇਨਕਲਾਬੀ ਪਾਰਟੀ ਨਹੀਂ ਮਿਲੀ ਜਿਸ ਨੂੰ ਇਸ ਗੱਲ ਦਾ ਸਪੱਸ਼ਟ ਗਿਆਨ ਹੋਵੇ ਕਿ ਉਸ ਕਿਸ ਉਦੇਸ਼ ਅਧੀਨ ਲੜ ਰਹੀ ਹੈ। ਹੋਰ ਸਾਰੀਆਂ ਪਾਰਟੀਆਂ ਦੇ ਲੋਕ ਸਿਰਫ਼ ਇਹ ਜਾਣਦੇ ਸਨ ਕਿ ਉਨ੍ਹਾਂ ਨੇ ਵਿਦੇਸ਼ੀ ਹਾਕਮਾਂ ਦੇ ਖਿਲਾਫ਼ ਲੜਨਾ ਹੈ। ਇਹ ਵਿਚਾਰ ਤਾਂ ਸਲਾਹੁਣਯੋਗ ਹੈ, ਪਰ ਇਹਨੂੰ ਇਨਕਲਾਬੀ ਵਿਚਾਰ ਨਹੀਂ ਕਿਹਾ ਜਾ ਸਕਦਾ। ਸਾਨੂੰ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਇਨਕਲਾਬ ਤੋਂ ਭਾਵ ਨਿਰੀ ਉਥਲ-ਪੁਥਲ ਜਾਂ ਖ਼ੂਨੀ ਸੰਘਰਸ਼ ਨਹੀਂ ਹੈ। ਜਦੋਂ ਅਸੀਂ ਇਨਕਲਾਬ ਦੀ ਗੱਲ ਕਰਦੇ ਹਾਂ ਤਾਂ ਉਸ ਦਾ ਭਾਵ ਮੌਜੂਦਾ ਹਾਲਾਤ (ਯਾਨੀ ਸਰਕਾਰ) ਨੂੰ ਪੂਰੀ ਤਰ੍ਹਾਂ ਤਬਾਹ ਕਰਕੇ ਸਮਾਜ

ਦੀ ਚੰਗੇਰੀ ਪੁਨਰ-ਉਸਾਰੀ ਦੇ ਪ੍ਰੋਗਰਾਮ ਤੋਂ ਹੁੰਦਾ ਹੈ।

ਸਿਆਸੀ ਖੇਤਰ ਵਿੱਚ ਉਦਾਰਤਾਵਾਦੀ ਲੋਕ (ਲਿਬਰਲਜ਼) ਮੌਜੂਦਾ ਸਰਕਾਰ ਅਧੀਨ ਹੀ ਕੁਝ ਸੁਧਾਰ ਚਾਹੁੰਦੇ ਹਨ, ਜਦੋਂ ਕਿ ਗਰਮਦਲ ਦੇ ਲੋਕਾਂ ਦੀਆਂ ਮੰਗਾਂ ਵਧੇਰੇ ਸਨ ਅਤੇ ਉਹ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਉਤੇਜਨਾ ਭਰਪੂਰ ਤਰੀਕੇ ਅਪਨਾਉਣ ਲਈ ਤਿਆਰ ਸਨ। ਇਨਕਲਾਬੀ ਹਮੇਸ਼ਾ ਉਤੇਜਨਾ ਭਰੇ ਤਰੀਕਿਆਂ ਦੇ ਹਿਮਾਇਤੀ ਰਹੇ ਹਨ ਅਤੇ ਉਨ੍ਹਾਂ ਦਾ ਵਿਚਾਰ ਹੈ- ਵਿਦੇਸ਼ੀਆਂ ਦੇ ਹਾਵੀ ਹੋਣ ਨੂੰ ਜੜ੍ਹੋਂ ਪੁੱਟਣਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੁੱਝ ਅਜਿਹੇ ਵੀ ਲੋਕ ਸਨ ਜੋ ਇਨ੍ਹਾਂ ਉਤੇਜਿਤ ਢੰਗਾਂ ਨਾਲ ਕੁਝ ਸੁਧਾਰ ਕਰਨਾ ਚਾਹੁੰਦੇ ਸਨ। ਇਨ੍ਹਾਂ ਸਾਰੀਆਂ ਲਹਿਰਾਂ ਨੂੰ ਸਹੀ ਅਰਥਾਂ ਵਿੱਚ ਇਨਕਲਾਬੀ ਲਹਿਰਾਂ ਨਹੀਂ ਕਿਹਾ ਜਾ ਸਕਦਾ। ਪਰ ਲਾਲਾ ਰਾਮ ਸਰਨ ਦਾਸ ਪਹਿਲੇ ਇਨਕਲਾਬੀ ਹਨ ਜਿਨ੍ਹਾਂ ਨੂੰ ਕਿਸੇ ਬੰਗਾਲੀ ਫਰਾਰ ਨੇ 1908 ਵਿੱਚ ਬਾਕਾਇਦਾ ਰੂਪ ਵਿੱਚ (ਇਨਕਲਾਬੀ ਪਾਰਟੀ) ਵਿੱਚ ਭਰਤੀ ਕੀਤਾ ਸੀ। ਉਦੋਂ ਤੋਂ ਉਹ ਲਗਾਤਾਰ ਇਨਕਲਾਬੀ ਅੰਦੋਲਨ ਦੇ ਸੰਪਰਕ ਵਿੱਚ ਰਹੇ ਅਤੇ ਅਖੀਰ ਵਿੱਚ ਗ਼ਦਰ ਪਾਰਟੀ ਵਿੱਚ ਭਰਤੀ ਹੋ ਗਏ। ਪਰ ਅੰਦੋਲਨ ਦੇ ਆਦਰਸ਼ ਦੇ ਬਾਰੇ ਉਹਨਾਂ ਲੋਕਾਂ ਦੇ (1908 ਦੇ ਇਨਕਲਾਬੀਆਂ ਦੇ) ਜਿਹੜੇ ਪੁਰਾਣੇ ਵਿਚਾਰ ਸਨ, ਉਹ ਉਨ੍ਹਾਂ ਨੇ ਨਹੀਂ ਤਿਆਗੇ ਸਨ। ਇਸ ਕਿਤਾਬ ਦੀ ਖੂਬਸੂਰਤੀ ਅਤੇ ਕਦਰ ਵਧਾਉਣ ਵਾਲੀ ਇੱਕ ਹੋਰ ਦਿਲਚਸਪ ਗੱਲ ਇਹ ਹੈ ਕਿ ਲਾਲਾ ਰਾਮ ਸਰਨ ਦਾਸ ਨੂੰ 1915 ਵਿੱਚ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿੱਚ ਘਟਾ ਕੇ ਉਮਰ ਕੈਦ ਕਰ ਦਿੱਤੀ ਗਈ। ਅੱਜ ਮੈਂ ਆਪ ਫਾਂਸੀ ਦੀ ਕੋਠੜੀ ਵਿੱਚ ਬੈਠਾ ਆਪਣੇ ਪਾਠਕਾਂ ਨੂੰ ਦਾਅਵੇ ਨਾਲ ਦੱਸ ਸਕਦਾ ਹਾਂ ਕਿ ਉਮਰ ਕੈਦ ਮੌਤ ਨਾਲੋਂ ਕਿਤੇ ਵੱਧ ਸਖਤ ਸਜ਼ਾ ਹੁੰਦੀ ਹੈ। ਲਾਲਾ ਰਾਮ ਸਰਨ ਦਾਸ ਨੂੰ ਪੂਰੇ ਚੌਦਾਂ ਵਰ੍ਹੇ ਜੇਲ੍ਹ ਵਿੱਚ ਕੱਟਣੇ ਪਏ ਸਨ ਅਤੇ ਉਨ੍ਹਾਂ ਨੇ ਇਹ ਕਵਿਤਾਵਾਂ ਦੱਖਣ ਦੀ ਕਿਸੇ ਜੇਲ੍ਹ ਵਿੱਚ ਲਿਖੀਆਂ ਸਨ। ਇਨ੍ਹਾਂ ਕਵਿਤਾਵਾਂ 'ਤੇ ਲੇਖਕ ਦੀ ਉਸ ਵੇਲੇ ਦੀ ਮਾਨਸਿਕ ਦਸ਼ਾ ਅਤੇ ਮਾਨਸਿਕ ਹਾਲਤ ਦੀ ਸਪੱਸ਼ਟ ਛਾਪ ਹੈ ਜਿਸ ਨਾਲ ਇਹ ਹੋਰ ਵੀ ਵਧੇਰੇ ਖੂਬਸੂਰਤ ਅਤੇ ਦਿਲਚਸਪ ਹੋ ਗਈਆਂ ਹਨ। ਇਨ੍ਹਾਂ ਕਵਿਤਾਵਾਂ ਨੂੰ ਲਿਖਣ ਦਾ ਫੈਸਲਾ ਕਰਨ ਤੋਂ ਪਹਿਲਾਂ ਉਹ (ਲੇਖਕ) ਢਾਹੂ ਵਿਚਾਰਾਂ ਨਾਲ ਸਖ਼ਤ ਜੱਦੋ-ਜਹਿਦ ਕਰਦਾ ਰਿਹਾ ਹੈ। ਅਜਿਹੇ ਸਮੇਂ ਜਦੋਂ ਇਨ੍ਹਾਂ ਦੇ ਬਹੁਤੇ ਸਾਥੀ ਨੇਕ ਚਲਨੀ ਦਾ ਵਿਸ਼ਵਾਸ ਦੇ ਕੇ ਰਿਹਾਅ ਹੋਏ ਸਨ ਅਤੇ ਸਾਰਿਆਂ ਦੇ ਸਾਹਮਣੇ-ਉਨ੍ਹਾਂ ਦੇ ਸਾਹਮਣੇ ਵੀ ਵੱਡੇ ਵੱਡੇ ਲਾਲਚ ਸਨ ਅਤੇ ਜਦੋਂ ਪਤਨੀ ਅਤੇ ਬੱਚਿਆਂ ਦੀਆਂ ਮਿੱਠੀਆਂ ਤੇ ਦਰਦਨਾਕ ਯਾਦਾਂ ਨੇ ਰਿਹਾਅ ਹੋਣ ਦੀ ਬੇਤਾਬੀ ਹੋਰ ਵਧਾ ਦਿੱਤੀ ਸੀ ਤਾਂ ਉਨ੍ਹਾਂ ਨੂੰ ਇਨ੍ਹਾਂ ਢਾਹੂ ਗੱਲਾਂ ਦੇ ਪ੍ਰਭਾਵ ਦੇ ਵਿਰੁੱਧ ਜ਼ੋਰਦਾਰ ਸੰਘਰਸ਼ ਕਰਨਾ ਪੈਂਦਾ ਸੀ ਅਤੇ ਉਨ੍ਹਾਂ ਨੇ ਆਪਣਾ ਧਿਆਨ ਇਸ (ਕਾਵਿ-ਰਚਨਾ) ਵੱਲ ਮੋੜ ਦਿੱਤਾ ਸੀ। ਇਸੇ ਕਾਰਣ ਹੀ ਕਵਿਤਾ ਦੇ ਮੁਢਲੇ ਬੰਦਾਂ ਵਿੱਚ ਸਾਨੂੰ ਇਸ ਤਰ੍ਹਾਂ ਦੇ ਜਜ਼ਬਾਤ ਨਜ਼ਰ ਆਉਂਦੇ ਹਨ-

"ਪਤਨੀ, ਪੁੱਤਰ, ਮਿੱਤਰਗਣ ਮੇਰੇ,
ਜੋ ਮੈਨੂੰ ਰਹਿੰਦੇ ਹਨ ਘੇਰੇ।
ਜ਼ਹਿਰੀਲੇ ਸੱਪ ਸਾਹਮਣੇ ਸੀ ਇਹ ਸਾਰੇ
ਚਾਰਾਂ ਦਿਸ਼ਾਵਾਂ ਤੋਂ ਫੇਰੇ ਪਾਉਂਦੇ।"

ਰਾਮ ਸਰਨ ਦਾਸ ਆਰੰਭ ਵਿੱਚ ਹੀ ਦਰਸ਼ਨ ਦੀ ਗੱਲ ਕਰਦੇ ਹਨ। ਇਹ ਦਰਸ਼ਨ ਬੰਗਾਲ ਅਤੇ ਪੰਜਾਬ ਦੀਆਂ ਸਾਰੀਆਂ ਇਨਕਲਾਬੀ ਲਹਿਰਾਂ ਦੀ ਰੀੜ੍ਹ ਦੀ ਹੱਡੀ ਹੈ। ਮੇਰਾ ਲੇਖਕ ਨਾਲ ਇਸ ਨੁਕਤੇ ਤੋਂ ਬਹੁਤ ਵੱਡਾ ਮੱਤਭੇਦ ਹੈ। ਉਨ੍ਹਾਂ ਨੇ ਵਿਸ਼ਵ ਦੀ ਵਿਆਖਿਆ ਉਦੇਸ਼ਵਾਦੀ ਅਤੇ ਪਰਾਭੌਤਿਕ (ਮੈਟਾ-ਫਿਜ਼ਿਕਲ) ਕੀਤੀ ਹੈ, ਜਦੋਂਕਿ ਮੈਂ ਪਦਾਰਥਵਾਦੀ ਹਾਂ ਅਤੇ ਇਸ ਦ੍ਰਿਸ਼ਟਮਾਨ ਬਾਰੇ ਮੇਰੀ ਵਿਆਖਿਆ ਕਰੁਣਾਤਮਕ ਹੋਵੇਗੀ। ਤਾਂ ਵੀ ਇਹ ਰਚਨਾ ਕਿਸੇ ਹਾਲਤ ਵਿੱਚ ਪ੍ਰਾਸੰਗਿਕ ਨਹੀਂ ਹੈ। ਸਾਡੇ ਦੇਸ਼ ਵਿੱਚ ਜਿਹੜੇ ਆਮ ਵਿਚਾਰ ਪ੍ਰਚਲਿਤ ਹਨ, ਉਹ ਲੇਖਕ ਵੱਲੋਂ ਪ੍ਰਗਟ ਕੀਤੇ ਵਿਚਾਰਾਂ ਨਾਲ ਵਧੇਰੇ ਮੇਲ ਖਾਂਦੇ ਹਨ। ਉਸ ਵੇਲੇ ਦੀ ਆਪਣੀ ਉਦਾਸੀ ਦੀ ਮਨੋਦਸ਼ਾ ਨਾਲ ਲੜਨ ਦੇ ਉਦੇਸ਼ ਨਾਲ ਅਰਦਾਸ ਦੀ ਰਾਹ ਅਪਣਾਈ ਹੈ। ਇਹ ਇਸ ਗੱਲੋਂ ਸਪੱਸ਼ਟ ਹੈ ਕਿ ਕਿਤਾਬ ਦਾ ਸਾਰਾ ਸ਼ੁਰੂ ਦਾ ਹਿੱਸਾ ਰੱਬ, ਉਸ ਦੀ ਯਾਦ ਅਤੇ ਉਸ ਦੀ ਪਰਿਭਾਸ਼ਾ ਆਦਿ ਨੂੰ ਭੇਂਟ ਕੀਤਾ ਗਿਆ ਹੈ। ਰੱਬ ਦਾ ਵਿਸ਼ਵਾਸ ਰਹੱਸਵਾਦ ਦਾ ਸਿੱਟਾ ਹੁੰਦਾ ਹੈ ਅਤੇ ਰਹੱਸਵਾਦ ਮਾਨਸਿਕ ਉਦਾਸੀ ਦੀ ਸੁਭਾਵਕ ਉਪਜ ਹੈ। ਇਹ ਦੁਨੀਆਂ ਮਾਇਆ ਹੈ ਜਾਂ ਝੂਠ ਹੈ, ਸੁਪਨਾ ਹੈ ਜਾਂ ਕਲਪਨਾ ਹੈ - ਅਜਿਹੇ ਵਿਚਾਰਾਂ ਨੂੰ ਹੀ ਰਹੱਸਵਾਦ ਕਹਿੰਦੇ ਹਨ। ਇਨ੍ਹਾਂ ਵਿਚਾਰਾਂ ਨੂੰ ਪੁਰਾਣੇ ਸਮਿਆਂ ਵਿੱਚ ਸ਼ੰਕਰਾਚਾਰੀਆ ਅਤੇ ਉਨ੍ਹਾਂ ਜਿਹੇ ਹੋਰ ਦਾਰਸ਼ਨਿਕਾਂ ਨੇ ਜਨਮ ਦੇ ਕੇ ਵਿਕਸਿਤ ਕੀਤਾ ਪਰ ਪਦਾਰਥਵਾਦੀ ਦਰਸ਼ਨ ਦੇ ਸੰਦਰਭ ਵਿੱਚ ਇਸ ਕਿਸਮ ਦੀ ਵਿਚਾਰਧਾਰਾ ਲਈ ਕੋਈ ਥਾਂ ਨਹੀਂ ਹੈ। ਫਿਰ ਵੀ ਲੇਖਕ ਦਾ ਇਹ ਰਹੱਸਵਾਦ ਕਿਸੇ ਵੀ ਰੂਪ ਵਿੱਚ ਹੀਣਾ, ਤੁੱਛ ਅਤੇ ਨਿੰਦਣਯੋਗ ਨਹੀਂ ਹੈ। ਉਸ ਦੀ ਆਪਣੀ ਸੁੰਦਰਤਾ ਤੇ ਕੋਸ਼ਿਸ਼ ਹੈ। ਉਸ ਦੇ ਵਿਚਾਰ ਉਤਸ਼ਾਹ ਵਧਾਉਣ ਵਾਲੇ ਹਨ। ਜਰਾ ਦੇਖੋ-

ਧਰਤ ਹੇਠ ਲੱਗਾ ਸੰਗ-ਇ-ਬੁਨਿਆਦ ਹੋ ਜਾਓ,

ਵੱਡੇ ਉਸਰੇ ਕਲੱਬ ਮਕਾਨ ਦਾ ਜੀ।
ਸੀਨੇ ਆਪਣੇ 'ਤੇ ਹੱਸ ਕੇ ਭਾਰ ਝੱਲੋ,
ਘੜੀ ਦੁੱਖ ਦੀ ਸਬਰ-ਸੰਤੋਖ ਹੈ ਜੀ।
ਉੱਚੀ ਮਟੀ ਨਾਲ ਕਰੀਏ ਨਾ ਕਦੇ ਸਾੜਾ,
ਜਿਸ ਦੀ ਸ਼ਾਨ ਗਾਉਣਾ ਕੰਮ ਜਹਾਨ ਦਾ ਜੀ।

ਮੈਂ ਆਪਣੀ ਨਿੱਜੀ ਅਨੁਭਵ ਦੇ ਆਧਾਰ 'ਤੇ ਕਹਿ ਸਕਦਾ ਹਾਂ ਗੁਪਤ ਕੰਮਾਂ ਵਿੱਚ, ਜਦੋਂ ਵਿਅਕਤੀ ਨੂੰ ਲਗਾਤਾਰ ਖ਼ਤਰੇ ਦੀ ਜ਼ਿੰਦਗੀ ਗੁਜ਼ਾਰਨੀ ਪੈਂਦੀ ਹੈ- ਬਿਨ੍ਹਾਂ ਆਸ ਤੋਂ ਅਤੇ ਨਿਡਰ, ਹਮੇਸ਼ਾ ਅਣਜਾਣ, ਬਿਨ੍ਹਾਂ ਇੱਜਤ ਤੋਂ, ਬਿਨਾਂ ਸੰਗਤ ਤੋਂ, ਮੌਤ ਲਈ ਤਿਆਰ -ਉਦੋਂ ਅਜਿਹੇ ਮੌਕਿਆਂ 'ਤੇ ਆਪਣੀਆਂ ਨਿੱਜੀ ਖਾਹਿਸ਼ਾਂ ਤੇ ਮੋਹ ਵਿਰੁੱਧ ਲੜਨ ਲਈ ਉਹਦੇ ਕੋਲ ਇਸ ਕਿਸਮ ਦੇ ਰਹੱਸਵਾਦ ਤੋਂ ਬਿਨ੍ਹਾਂ ਹੋਰ ਕਈ ਚਾਰਾ ਨਹੀਂ ਹੁੰਦਾ ਅਤੇ ਇਹੋ ਜਿਹਾ ਰਹੱਸਵਾਦ ਕਿਸੇ ਤਰ੍ਹਾਂ ਵੀ ਦਿਲ ਪਸਤ ਕਰਨ ਵਾਲਾ ਨਹੀਂ ਹੁੰਦਾ।

ਲੇਖਕ ਨੇ ਇੱਕ ਇਨਕਲਾਬੀ ਦੀ ਮਾਨਸਿਕਤਾ ਦਾ ਵਰਨਣ ਕੀਤਾ ਹੈ। ਲਾਲਾ ਰਾਮ ਸਰਨ ਦਾਸ ਇੱਕ ਅਜਿਹੀ ਇਨਕਲਾਬੀ ਪਾਰਟੀ ਦੇ ਮੈਂਬਰ ਸਨ, ਜਿਸ ਨੂੰ ਕਈ ਹਿੰਸਕ ਕਾਰਵਾਈਆਂ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਪਰ ਇਸ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਇਨਕਲਾਬੀ ਬਰਬਾਦੀ ਅਤੇ ਤਬਾਹੀ ਵਿੱਚ ਸੁਖੀ ਰਹਿਣ ਵਾਲੇ ਲਹੂ-ਪੀਣੇ 'ਦੈਂਤ' ਹੁੰਦੇ ਹਨ। ਜ਼ਰਾ ਦੇਖੋ :

ਲੋੜ ਪਏ ਤਾਂ ਬਾਹਰੋਂ ਭਾਵੇਂ ਬਣੋ ਖੂੰਖਾਰ,
ਪਰ ਦਿਲ ਦੇ ਮਾੜੇ ਨਹੀਂ ਬਣੀਦਾ ਨਹੀਂ।
ਲੋੜ ਪਏ ਤਾਂ ਦਿਖਾ ਦਿਓ ਕੱਢ ਅੱਖਾਂ,
ਪਰ ਪਿਆਰ ਕਦੇ ਦਿਲੋਂ ਛੱਡੀਦਾ ਨਹੀਂ।

ਉਸਾਰੀ ਲਈ ਤਬਾਹੀ ਜਰੂਰੀ ਹੀ ਨਹੀਂ, ਸਗੋਂ ਲਾਜ਼ਮੀ ਹੁੰਦੀ ਹੈ। ਇਨਕਲਾਬੀਆਂ ਨੂੰ ਆਪਣੇ ਪ੍ਰੋਗਰਾਮ ਵਿੱਚ ਇਹਨੂੰ ਜਰੂਰੀ ਅੰਗ ਵਜੋਂ ਅਪਣਾਉਣਾ ਪੈਂਦਾ ਹੈ ਅਤੇ ਹਿੰਸਾ ਅਤੇ ਅਹਿੰਸਾ ਦਾ ਦਰਸ਼ਨ ਉਪਰੋਕਤ ਸਤਰਾਂ ਵਿੱਚ ਖੂਬਸੂਰਤੀ ਨਾਲ ਬਿਆਨ ਕੀਤਾ ਗਿਆ ਹੈ। ਪਰ ਇੱਕ ਵਾਰੀ ਗੋਰਕੀ ਨੇ ਕਿਹਾ ਸੀ ਕਿ ਅਜਿਹਾ ਸੰਗੀਤ ਸੁਣਨ ਨੂੰ ਕਦੇ ਮਿਲਿਆ ਜਿਹੜਾ ਸਰੀਰ ਦੇ ਤੰਤੂਆਂ ਵਿੱਚ ਜਾਨ ਪਾ ਦੇਵੇ ਅਤੇ ਅਜਿਹਾ ਸੰਗੀਤ ਸੁਣ ਕੇ ਉਸ ਦੀ ਇੱਛਾ ਕਲਾਕਾਰਾਂ ਦੇ ਸਿਰ ਪਲੋਸਣ ਦੀ ਹੁੰਦੀ ਹੈ। ਉਸ ਨੇ ਕਿਹਾ ਸੀ, "ਹੁਣ ਕਲਾਕਾਰਾਂ ਦੇ ਸਿਰ ਪਲੋਸਣ ਦਾ ਵੇਲਾ ਨਹੀਂ ਹੈ। ਇਸ ਵੇਲੇ ਤਾਂ ਹੱਥਾਂ ਦਾ ਕੰਮ ਖੋਪੜੀਆਂ ਨੂੰ ਭੰਨਣਾ ਹੈ। ਭਾਵੇਂ ਸਾਡਾ ਅੰਤਮ ਉਦੇਸ਼ ਹਰ ਕਿਸਮ ਦੀ ਹਿੰਸਾ ਨੂੰ ਖਤਮ ਕਰਨਾ ਹੈ।" ਜਦੋਂ ਇਨਕਲਾਬੀਆਂ ਨੂੰ ਇੱਕ ਲਾਜ਼ਮੀ ਲੋੜ ਵਜੋਂ ਹਿੰਸਕ ਵਰਤਾਰਿਆਂ ਤੋਂ ਕੰਮ ਲੈਣਾ ਪੈਂਦਾ ਹੈ ਤਾਂ ਉਹ ਵੀ ਅਜਿਹਾ ਹੀ ਮਹਿਸੂਸ ਕਰਦੇ ਹਨ।

ਇਸ ਤੋਂ ਮਗਰੋਂ ਲੇਖਕ ਨੇ ਆਪਸ ਵਿੱਚ ਟਕਰਾਉਣ ਵਾਲੇ ਭਿੰਨ-ਭਿੰਨ ਧਰਮਾਂ ਦੀ ਸਮੱਸਿਆ ਬਾਰੇ ਵਿਚਾਰ ਕੀਤਾ ਹੈ। ਉਹ ਸਾਰੇ ਧਰਮਾਂ ਨਾਲ ਤਾਲਮੇਲ ਜੋੜਨ ਦੀ ਕੋਸ਼ਿਸ਼ ਕਰਦਾ ਹੈ, ਜਿਵੇਂ ਕਿ ਆਮ ਤੌਰ 'ਤੇ ਸਾਰੇ ਰਾਸ਼ਟਰਵਾਦੀ ਕਰਦੇ ਹਨ। ਸਮੱਸਿਆ ਨੂੰ ਹੱਲ ਕਰਨ ਦਾ ਇਹ ਤਰੀਕਾ ਵਿਸਥਾਰਮਈ ਅਤੇ ਗੋਲਮੋਲ ਹੈ ਅਤੇ ਜਿੱਥੋਂ ਤੱਕ ਮੇਰੀ ਗੱਲ ਹੈ ਮੈਂ ਇਸ ਨੂੰ ਕਾਰਲ ਮਾਰਕਸ ਦੇ ਇੱਕ ਹੀ ਫਿਕਰੇ ਨਾਲ ਰੱਦ ਕਰ ਦਿਆਂਗਾ ਕਿ "ਧਰਮ ਲੋਕਾਂ ਲਈ ਅਫ਼ੀਮ ਹੈ।"

ਅਖੀਰ ਵਿੱਚ ਇਨ੍ਹਾਂ ਦੀ ਕਵਿਤਾ ਦਾ ਸਭ ਤੋਂ ਮਹੱਤਵਪੂਰਨ ਉਹ ਹਿੱਸਾ ਆਉਂਦਾ ਹੈ ਜਿੱਥੇ ਇਹ ਭਵਿੱਖ ਦੇ ਸਮਾਜ ਬਾਰੇ ਗੱਲ ਕਰਦੇ ਹਨ, ਜਿਸ ਸਮਾਜ ਦੀ ਸਿਰਜਣਾ ਲਈ ਅਸੀਂ ਸਾਰੇ ਉਤਾਵਲੇ ਹਾਂ। ਪਰ ਮੈਂ ਸ਼ੁਰੂ ਵਿੱਚ ਹੀ ਇੱਕ ਗੱਲ ਸਪੱਸ਼ਟ ਕਰਨੀ ਚਾਹੁੰਦਾ ਹਾਂ ਕਿ 'ਡਰੀਮਲੈਂਡ' ਸਹੀ ਅਰਥਾਂ ਵਿੱਚ ਸੁਪਨਦੇਸ਼ ਹੈ। ਲੇਖਕ ਨੇ ਨਿਰਸੁਆਰਥ ਭਾਵ ਨਾਲ ਪੁਸਤਕ ਦੇ ਸਿਰਲੇਖ ਨਾਲ ਇਸ ਗੱਲ ਨੂੰ ਸਵੀਕਾਰ ਕਰ ਲਿਆ ਹੈ। ਉਹ ਇਸ ਵਿਸ਼ੇ ਬਾਰੇ ਕੋਈ ਵਿਗਿਆਨਕ ਖੋਜ-ਪ੍ਰਬੰਧ ਲਿਖਣ ਦਾ ਦਾਅਵਾ ਨਹੀਂ ਕਰਦੇ। 'ਡਰੀਮਲੈਂਡ' ਸਿਰਲੇਖ ਹੀ ਇਸ ਗੱਲ ਨੂੰ ਪੂਰੀ ਤਰ੍ਹਾਂ ਸਪਸ਼ਟ ਕਰ ਦਿੰਦਾ ਹੈ। ਪਰ ਸੁਪਨ-ਲੋਕਾਂ ਦਾ ਨਿਸ਼ਚਿਤ ਰੂਪ ਵਿੱਚ ਸਮਾਜਿਕ ਪ੍ਰਗਤੀ ਵਿੱਚ ਅਹਿਮ ਰੋਲ ਹੁੰਦਾ ਹੈ। ਸੇਂਟ ਸਾਈਮਨ, ਫ਼ੂਰੀਏ ਅਤੇ ਰਾਬਰਟ ਉਵੇਨ ਅਤੇ ਉਨ੍ਹਾਂ ਦੇ ਸਿਧਾਂਤ ਨਾ ਹੁੰਦੇ ਤਾਂ ਵਿਗਿਆਨਕ ਮਾਰਕਸਵਾਦੀ ਸਮਾਜਵਾਦ ਵੀ ਨਾ ਹੁੰਦਾ। ਜਦੋਂ ਸਾਡੇ ਕਾਰਜਕਰਤਾ ਆਪਣੇ ਅੰਦੋਲਨ ਦੇ ਦਰਸ਼ਨ ਨੂੰ ਬਕਾਇਦਾ ਰੂਪ ਦੇਣ ਅਤੇ ਅੰਦੋਲਨ ਦੇ ਬਾਰੇ ਵਿਗਿਆਨਕ ਦ੍ਰਿਸ਼ਟੀਕੋਣ ਘੜਨ ਦੇ ਮਹੱਤਵ ਨੂੰ ਸਮਝਣਗੇ, ਤਾਂ ਉਸ ਵੇਲੇ ਇਹ ਕਿਤਾਬ ਉਨ੍ਹਾਂ ਲਈ ਲਾਹੇਵੰਦ ਸਿੱਧ ਹੋਵੇਗੀ।

ਮੈਂ ਇਹ ਗੱਲ ਨੋਟ ਕੀਤੀ ਹੈ ਕਿ ਲੇਖਕ ਦੀ ਪੇਸ਼ਕਾਰੀ ਸ਼ੈਲੀ-ਕੱਚਘਰੜ ਹੈ। ਆਪਣੇ ਸੁਪਨ-ਲੋਕ ਦਾ ਵਰਨਣ ਕਰਦੇ ਹੋਏ ਉਹ ਮੌਜੂਦਾ ਸਮਾਜ ਦੇ ਵਿਚਾਰਾਂ ਤੋਂ ਅਛੂਤੇ ਨਹੀਂ ਰਹਿ ਸਕੇ।

**ਲੋੜਵੰਦਾਂ ਨੂੰ ਦਾਨ ਦੇਣਾ**

ਭਵਿੱਖ ਦੇ ਸਮਾਜ ਵਿੱਚ, ਯਾਨੀ ਕਮਿਊਨਿਸਟ ਸਮਾਜ ਵਿੱਚ, ਜਿਸ ਦੀ ਉਸਾਰੀ ਅਸੀਂ ਕਰਨਾ ਚਾਹੁੰਦੇ ਹਾਂ, ਅਸੀਂ ਖੈਰਾਇਤੀ ਸੰਸਥਾਵਾਂ ਸਥਾਪਤ ਨਹੀਂ ਕਰਨੀਆਂ, ਸਗੋਂ ਉਸ ਸਮਾਜ ਵਿੱਚ ਨਾ ਗਰੀਬ ਹੋਣਗੇ, ਨਾ ਲੋੜਵੰਦ, ਨਾ ਦਾਨ ਦੇਣ ਵਾਲੇ, ਨਾ ਦਾਨ ਲੈਣ ਵਾਲੇ। ਇਸ ਘਾਟ ਦੇ

ਬਾਵਜੂਦ ਲੇਖਕ ਨੇ ਇਸ ਪ੍ਰਸ਼ਨ ਨੂੰ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ।

ਕਿਤਾਬ ਵਿੱਚ ਲੇਖਕ ਨੇ ਸਮਾਜ ਦੀ ਜਿਸ ਸਾਧਾਰਨ ਰੂਪ-ਰੇਖਾ 'ਤੇ ਬਹਿਸ ਕੀਤੀ ਹੈ ਉਹ ਵਿਗਿਆਨਕ ਸਮਾਜਵਾਦ ਦੀ ਰੂਪ-ਰੇਖਾ ਵਰਗੀ ਹੈ। ਪਰ ਉਸ ਵਿੱਚ ਕੁਝ ਅਜਿਹੀਆਂ ਗੱਲਾਂ ਵੀ ਹਨ ਜਿਨ੍ਹਾਂ ਦਾ ਵਿਰੋਧ ਜਾਂ ਖੰਡਨ ਕਰਨਾ ਜਰੂਰੀ ਹੈ, ਜਾਂ ਇਉਂ ਕਿਹਾ ਜਾਵੇ ਕਿ ਉਨ੍ਹਾਂ ਵਿੱਚ ਸੁਧਾਰ ਜਰੂਰੀ ਹੈ। ਮਿਸਾਲ ਵਜੋਂ 427ਵੇਂ ਬੰਦ ਦੀ ਪੈਰ-ਟਿੱਪਣੀ ਵਿੱਚ ਉਹ ਲਿਖਦੇ ਹਨ ਕਿ ਰਾਜ-ਕਰਮਚਾਰੀਆਂ ਨੂੰ ਆਪਣੀ ਰੋਜੀ ਰੋਟੀ ਕਮਾਉਣ ਲਈ ਹਰ ਰੋਜ ਖੇਤਾਂ ਜਾਂ ਕਾਰਖਾਨਿਆਂ ਵਿੱਚ ਚਾਰ ਘੰਟੇ ਕੰਮ ਕਰਨਾ ਚਾਹੀਦਾ ਹੈ। ਪਰ ਇਹ ਗੱਲ ਖਿਆਲ ਹੈ ਅਤੇ ਵਿਵਹਾਰਕ ਨਹੀਂ ਹੈ। ਇਹ ਗੱਲ, ਅੱਜ ਦੀ ਵਿਵਸਥਾ ਵਿੱਚ ਰਾਜ ਕਰਮਚਾਰੀਆਂ ਨੂੰ ਚੰਗੀ ਤਨਖਾਹ ਦਿੱਤੀ ਗਈ ਹੈ, ਉਸਦੇ ਵਿਰੁੱਧ ਪ੍ਰਤੀਕਿਰਿਆ ਦੀ ਹੀ ਕਾਢ ਹੈ। ਦਰਅਸਲ ਬਾਲਸ਼ਵਿਕਾਂ ਨੂੰ ਇਹ ਗੱਲ ਮੰਨਣੀ ਪਈ ਸੀ ਕਿ ਦਿਮਾਗੀ ਕੰਮ ਜਿਸਮਾਨੀ ਕਿਰਤ ਜਿੰਨਾ ਹੀ ਉਤਪਾਦਕ ਹੁੰਦਾ ਹੈ ਅਤੇ ਭਵਿੱਖ ਵਿੱਚ ਜਦੋਂ ਭਿੰਨ-ਭਿੰਨ ਤੱਤਾਂ ਦੇ ਆਪਸੀ ਸੰਬੰਧਾਂ ਦਾ ਸੁਮੇਲ ਬਰਾਬਰੀ ਦੇ ਅਧਾਰ 'ਤੇ ਹੋਵੇਗਾ ਤਾਂ ਉਦੋਂ ਉਤਪਾਦਕ ਅਤੇ ਵਿਤਰਕ ਦੋਹੇਂ ਇੱਕੋ ਜਿੰਨੇ ਅਹਿਮ ਸਮਝੇ ਜਾਣਗੇ। ਤੁਸੀਂ ਕਿਸੇ ਜਹਾਜ਼ੀ ਤੋਂ ਇਹ ਉਮੀਦ ਨਹੀਂ ਕਰ ਸਕਦੇ ਕਿ ਉਹ ਹਰ ਚੌਵੀਂ ਘੰਟਿਆਂ ਮਗਰੋਂ ਆਪਣਾ ਜਹਾਜ ਰੋਕ ਕੇ ਰੋਜ਼ੀ ਕਮਾਉਣ ਲਈ ਚਾਰ ਘੰਟੇ ਕੰਮ ਕਰਨ ਚਲਾ ਜਾਵੇ, ਜਾਂ ਇੱਕ ਸਾਇੰਸਦਾਨ ਆਪਣੀ ਪ੍ਰਯੋਗਸ਼ਾਲਾ ਅਤੇ ਆਪਣਾ ਪ੍ਰਯੋਗ (ਕੰਮ) ਛੱਡ ਕੇ ਖੇਤਾਂ ਵਿੱਚ ਆਪਣੇ ਹਿੱਸੇ ਦਾ ਕੰਮ ਕਰਨ ਚਲਾ ਜਾਵੇ। ਦੋਵੇਂ ਹੀ ਬਹੁਤ ਉਤਪਾਦਕ ਕੰਮ ਕਰ ਰਹੇ ਹਨ। ਸਮਾਜਵਾਦੀ ਸਮਾਜ ਸਿਰਫ਼ ਇੱਕੋ ਫਰਕ ਦੀ ਆਸ ਕਰਦਾ ਹੈ ਕਿ ਮਾਨਸਿਕ ਕੰਮ ਕਰਨ ਵਾਲਿਆਂ ਨੂੰ ਸਰੀਰਕ ਕੰਮ ਕਰਨ ਵਾਲਿਆਂ ਨਾਲੋਂ ਚੰਗਾ ਨਹੀਂ ਸਮਝਿਆ ਜਾਵੇਗਾ।

ਮੁਫ਼ਤ ਵਿਦਿਆ ਬਾਰੇ ਲਾਲਾ ਰਾਮ ਸਰਨ ਦਾਸ ਦਾ ਵਿਚਾਰ ਯਕੀਨਨ ਵਿਚਾਰਨਯੋਗ ਹੈ ਅਤੇ ਰੂਸ ਵਿੱਚ ਉੱਥੋਂ ਦੀ ਸਮਾਜਵਾਦੀ ਸਰਕਾਰ ਨੇ ਕਾਫੀ ਕੁਝ ਉਸੇ ਤਰ੍ਹਾਂ ਦਾ ਹੀ ਢੰਗ ਅਪਣਾਇਆ ਹੋਇਆ ਹੈ।

ਅਪਰਾਧ ਦੇ ਬਾਰੇ ਉਨ੍ਹਾਂ ਦੀ ਬਹਿਸ ਬੇਸ਼ੱਕ ਬੜੀ ਉੱਤਮ ਵਿਚਾਰਧਾਰਾ ਹੈ। ਅਪਰਾਧ (ਜੁਰਮ) ਇੱਕ ਬਹੁਤ ਗੰਭੀਰ ਸਮਾਜਿਕ ਸਮੱਸਿਆ ਹੈ ਜਿਸਨੂੰ ਬੜੀ ਸਾਵਧਾਨੀ ਨਾਲ ਨਜਿੱਠਣ ਦੀ ਲੋੜ ਹੈ। ਲੇਖਕ ਨੇ ਆਪਣੇ ਜੀਵਨ ਦਾ ਚੰਗਾ ਸਮਾਂ ਜੇਲ੍ਹ ਵਿੱਚ ਗੁਜ਼ਾਰਿਆ ਹੈ। ਉਨ੍ਹਾਂ ਨੂੰ ਅਮਲੀ ਤਜ਼ਰਬਾ ਹੈ। ਇੱਕ ਥਾਂ 'ਤੇ ਉਨ੍ਹਾਂ ਜੇਲ੍ਹ ਦੀ ਠੇਠ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ ਜਿਵੇਂ ਹਲਕੀ ਮੁਸ਼ੱਕਤ, ਦਰਮਿਆਨੀ ਮੁਸ਼ੱਕਤ ਅਤੇ ਸਖਤ ਮੁਸ਼ੱਕਤ ਆਦਿ। ਬਾਕੀ ਸਾਰੇ ਸਮਾਜਵਾਦੀਆਂ ਵਾਂਗੂੰ, ਉਨ੍ਹਾਂ ਦਾ ਵੀ ਸੁਝਾਅ ਹੈ ਕਿ ਸਜ਼ਾ ਦਾ ਆਧਾਰ ਬਦਲੇ ਦੀ ਥਾਂ ਸੁਧਾਰ ਦਾ ਸਿਧਾਂਤ ਹੋਣਾ ਚਾਹੀਦਾ ਹੈ। ਨਿਆਂ-ਪ੍ਰਬੰਧ ਨੂੰ ਚਲਾਉਣ ਵਾਲਾ ਸਿਧਾਂਤ ਸਜ਼ਾ ਦੇਣਾ ਨਾ ਹੋ ਕੇ ਚੰਗੇ ਰਾਹ 'ਤੇ ਲਿਆਉਣਾ ਹੋਣਾ ਚਾਹੀਦਾ ਹੈ ਅਤੇ ਜੇਲ੍ਹਾਂ ਦਾ ਅਸਲ ਰੂਪ 'ਨਰਕ' ਦੀ ਥਾਂ ਸੁਧਾਰ-ਘਰ ਹੋਣਾ ਚਾਹੀਦਾ ਹੈ। ਇਸ ਸਬੰਧ ਵਿੱਚ ਪਾਠਕਾਂ ਨੂੰ ਚਾਹੀਦਾ ਹੈ ਕਿ ਉਹ ਰੂਸੀ ਜੇਲ੍ਹ ਵਿਵਸਥਾ ਦਾ ਅਧਿਐਨ ਕਰਨ।

ਫੌਜ ਬਾਰੇ ਗੱਲਾਂ ਕਰਦਿਆਂ ਉਨ੍ਹਾਂ ਨੇ ਜੰਗ ਬਾਰੇ ਵੀ ਆਪਣੇ ਵਿਚਾਰ ਪੇਸ਼ ਕੀਤੇ ਹਨ। ਮੇਰੀ ਰਾਏ ਹੈ ਕਿ ਉਸ ਵੇਲੇ ਦੇ ਵਿਸ਼ਵਕੋਸ਼ ਵਿੱਚ ਯੁੱਧ ਦੇ ਬਾਰੇ ਬਹੁਤ ਘੱਟ ਸਫੇ ਹੋਣਗੇ ਅਤੇ ਜੰਗੀ ਸਮਾਨ ਅਜਾਇਬ ਘਰਾਂ ਦੀ ਸ਼ੋਭਾ ਵਧਾਏਗਾ, ਕਿਉਂਕਿ ਉਸ ਸਮਾਜ ਵਿੱਚ ਯੁੱਧ ਪੈਦਾ ਕਰਨ ਵਾਲੇ ਆਪਸੀ ਵਿਰੋਧੀ ਹਿੱਤ ਨਹੀਂ ਹੋਣਗੇ।

ਵੱਧ ਤੋਂ ਵੱਧ ਅਸੀਂ ਇਹ ਆਖ ਸਕਦੇ ਹਾਂ ਕਿ ਯੁੱਧ ਸੰਕਰਾਂਤੀ ਕਾਲ ਤੱਕ ਰਹਿਣਗੇ। ਜੇ ਅਸੀਂ ਰੂਸ ਦਾ ਉਦਾਹਰਣ ਲਈਏ ਤਾਂ ਅਸੀਂ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕਾਂਗੇ। ਇਸ ਵੇਲੇ ਉੱਥੇ ਮਜ਼ਦੂਰ ਜਮਾਤ ਦੀ ਸਰਦਾਰੀ ਹੈ। ਉਹ ਸਮਾਜਵਾਦੀ ਸਮਾਜ ਕਾਇਮ ਕਰਨਾ ਚਾਹੁੰਦੇ ਹਨ। ਉਦੋਂ ਤੱਕ ਪੂੰਜੀਵਾਦੀ ਸਮਾਜ ਤੋਂ ਆਪਣੀ ਸੁਰੱਖਿਆ ਲਈ ਉਨ੍ਹਾਂ ਨੂੰ ਫੌਜ ਰੱਖਣੀ ਪੈ ਰਹੀ ਹੈ, ਪਰ ਉਨ੍ਹਾਂ ਦੇ ਯੁੱਧ ਦੇ ਉਦੇਸ਼ ਵੱਖਰੇ ਹੋਣਗੇ। ਕ੍ਰਾਂਤੀਕਾਰੀ ਫੌਜਾਂ ਦੂਜੇ ਦੇਸ਼ਾਂ ਵਿੱਚ ਜਾਣਗੀਆਂ-ਉੱਥੋਂ ਦੀ ਜਨਤਾ 'ਤੇ ਹਕੂਮਤ ਕਰਨ ਜਾਂ ਉਨ੍ਹਾਂ ਨੂੰ ਲੁੱਟਣ ਨਹੀਂ ਸਗੋਂ ਸ਼ੋਸ਼ਣ ਕਰਨ ਵਾਲੇ ਹਾਕਮਾਂ ਨੂੰ ਉਨ੍ਹਾਂ ਦੇ ਤਖਤਾਂ ਤੋਂ ਲਾਹੁਣ ਲਈ ਅਤੇ ਉਨ੍ਹਾਂ ਦੀ ਰੱਤ-ਪੀਣੀ ਲੁੱਟ ਨੂੰ ਖਤਮ ਕਰਨ ਲਈ ਅਤੇ ਉੱਥੋਂ ਦੀ ਮਿਹਨਤਕਸ਼ ਜਨਤਾ ਨੂੰ ਮੁਕਤ ਕਰਵਾਉਣ ਲਈ। ਪਰ ਉੱਥੇ ਸਾਡਾ ਜਵਾਨਾਂ ਨੂੰ ਲੜਨ ਲਈ ਪ੍ਰੇਰਨਾ ਵਾਸਤੇ ਆਦਿ ਕੌਮੀ ਜਾਂ ਨਸਲੀ ਨਫ਼ਰਤ ਨਹੀਂ ਹੋਵੇਗੀ।

ਅੱਜ ਦੇ ਸਭ ਆਜ਼ਾਦ ਖਿਆਲ ਚਿੰਤਕਾਂ ਦਾ ਸਭ ਤੋਂ ਵੱਧ ਹਰਮਨ ਪਿਆਰਾ ਅਤੇ ਫੌਰੀ ਮਕਸਦ ਹੈ-ਵਿਸ਼ਵ ਸੰਘ, ਅਤੇ ਲੇਖਕ ਨੇ ਇਸ ਬਾਰੇ ਚੰਗਾ ਲਿਖਿਆ ਹੈ ਅਤੇ ਅਖੌਤੀ 'ਲੀਗ ਆਫ ਨੇਸ਼ਨਜ਼' ਦੀ ਆਲੋਚਨਾ ਬੜੀ ਖੂਬਸੂਰਤ ਹੈ।

571ਵੇਂ ਬੰਦ ਦੀ ਪੈਰ ਟਿੱਪਣੀ ਵਿੱਚ ਲੇਖਕ ਨੇ ਤਰੀਕਿਆਂ ਦੇ ਸਵਾਲ ਬਾਰੇ ਸੰਖੇਪ ਵਿੱਚ ਪ੍ਰਸ਼ਨ ਕੀਤਾ ਹੈ।

ਉਹ ਕਹਿੰਦੇ ਹਨ, "ਇਸ ਤਰ੍ਹਾਂ ਦੇ ਰਾਜ ਹਿੰਸਕ ਇਨਕਲਾਬਾਂ ਨਾਲ ਕਾਇਮ ਨਹੀਂ ਕੀਤੇ ਜਾ ਸਕਦੇ। ਇਹ ਸਮਾਜ ਦੇ ਬਾਹਰੋਂ ਨਹੀਂ ਮੜ੍ਹੇ ਜਾ ਸਕਦੇ। ਇਨ੍ਹਾਂ ਨੂੰ ਅੰਦਰੋਂ ਹੀ ਵਿਕਸਿਤ ਹੋਣਾ ਪਵੇਗਾ। ਇਸ ਦੀ ਪ੍ਰਾਪਤੀ ਹੌਲੀ ਹੌਲੀ ਦਰਜੇ ਵਾਰ ਅਮਲ ਰਾਹੀਂ ਅਤੇ ਲੋਕਾਂ ਨੂੰ ਉਪਰੋਕਤ ਨੀਹਾਂ 'ਤੇ ਸਿੱਖਿਅਤ ਕਰਕੇ ਹੀ ਹੋ ਸਕਦੀ ਹੈ।" ਇਸ ਬਿਆਨ ਵਿੱਚ ਆਪਣੇ ਆਪ ਵਿੱਚ ਕੋਈ ਉਕਾਈ ਨਹੀਂ ਹੈ। ਇਹ ਬਿਲਕੁਲ ਸਹੀ ਹੈ। ਪਰ ਇਸ ਦੀ ਵਿਆਖਿਆ ਪੂਰੀ ਤਰ੍ਹਾਂ ਨਾ ਕੀਤੇ ਜਾਣ ਕਰਕੇ ਇਹ ਕੁਝ ਗਲਤਫਹਿਮੀਆਂ ਅਤੇ ਉਲਝਣਾਂ ਪੈਦਾ ਕਰ ਸਕਦਾ ਹੈ। ਕੀ ਇਹਦਾ ਇਹ ਮਤਲਬ ਹੈ ਕਿ ਲਾਲ ਰਾਮ ਸਰਨ ਦਾਸ ਨੂੰ ਤਾਕਤ ਦੀ ਵਰਤੋਂ ਦੀ ਅਰਥਹੀਣਤਾ ਦਾ ਗਿਆਨ ਹੋ ਗਿਆ ਹੈ? ਕੀ ਉਹ ਅਹਿੰਸਾ ਦੇ ਕੱਟੜ ਸਮਰਥਕ ਹੋ ਗਏ ਹਨ? ਨਹੀਂ, ਇਹਦਾ ਮਤਲਬ ਇਹ ਨਹੀਂ ਹੈ।

ਉਪਰੋਕਤ ਬਿਆਨ ਦਾ ਕੀ ਅਰਥ ਹੈ, ਆਓ ਉਸ 'ਤੇ ਥੋੜ੍ਹਾ ਚਾਨਣਾ ਪਾਈਏ। ਹੋਰ ਕਿਸੇ ਆਦਮੀ ਦੇ ਮੁਕਾਬਲੇ ਕ੍ਰਾਂਤੀਕਾਰੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਕਿ ਸਮਾਜਵਾਦੀ ਸਮਾਜ ਦੀ ਸਥਾਪਨਾ ਹਿੰਸਕ ਤਰੀਕਿਆਂ ਨਾਲ ਨਹੀਂ ਹੋ ਸਕਦੀ ਸਗੋਂ ਇਸ ਨੂੰ ਆਪਣੇ ਅੰਦਰੋਂ ਉਗਮਣਾ ਤੇ ਵਿਗਸਣਾ ਪੈਣਾ ਹੈ। ਲੇਖਕ ਦਾ ਸੁਝਾਅ ਹੈ ਕਿ ਉਪਾਅ ਦੇ ਰੂਪ ਵਿੱਚ ਸਿਰਫ਼ ਸਿਖਲਾਈ ਤੋਂ ਕੰਮ ਲੈਣਾ ਚਾਹੀਦਾ ਹੈ। ਪਰ ਹਰ ਕੋਈ ਇਸ ਗੱਲ ਨੂੰ ਸਹਿਜੇ ਹੀ ਸਮਝ ਸਕਦਾ ਹੈ ਕਿ ਇੱਥੋਂ ਦੀ ਮੌਜੂਦਾ ਸਰਕਾਰ, ਦਰਅਸਲ ਸਾਰੀਆਂ ਪੂੰਜੀਵਾਦੀ ਸਰਕਾਰਾਂ ਇਸ ਤਰ੍ਹਾਂ ਦੀ ਕੋਸ਼ਿਸ਼ ਕਰਨ ਵਿੱਚ ਮਦਦ ਕਰਨ ਦੀ ਥਾਂ ਸਗੋਂ ਇਹਨੂੰ ਬੇਰਹਿਮੀ ਨਾਲ ਦਬਾਉਂਦੀਆਂ ਹਨ, ਤਾਂ ਉਹਦੇ ਦਰਜੇਵਾਰ ਵਿਕਾਸ ਤੋਂ ਕੀ ਹਾਸਲ ਹੋਵੇਗਾ? ਅਸੀਂ ਇਨਕਲਾਬੀ ਤਾਕਤ ਆਪਣੇ ਹੱਥ ਲੈਣ ਅਤੇ ਇਨਕਲਾਬੀ ਸਰਕਾਰ ਦਾ ਸੰਗਠਨ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਉਸ ਸਰਕਾਰ ਨੂੰ ਜਨਤਾ ਨੂੰ ਸਿੱਖਿਅਤ ਕਰਨ ਲਈ ਆਪਣੇ ਸਾਰੇ ਸਾਧਨਾਂ ਤੋਂ ਕੰਮ ਲੈਣਾ ਪਵੇਗਾ, ਜਿਵੇਂ ਕਿ ਇਸ ਵੇਲੇ ਰੂਸ ਵਿੱਚ ਹੋ ਰਿਹਾ ਹੈ। ਪੂੰਜੀਵਾਦੀਆਂ ਦੇ ਹੱਥੋਂ ਤਾਕਤ ਹਥਿਆਉਣ ਮਗਰੋਂ ਰਚਨਾਤਮਕ ਕੰਮ ਵਾਸਤੇ ਪੁਰਅਮਨ ਤਰੀਕੇ ਵਰਤੇ ਜਾਣਗੇ ਅਤੇ ਰੁਕਾਵਟਾਂ ਹਟਾਉਣ ਲਈ ਤਾਕਤ ਵਰਤੀ ਜਾਏਗੀ। ਜੇ ਲੇਖਕ ਦੀ ਇਹੀ ਮੁਰਾਦ ਹੈ ਤਾਂ ਅਸੀਂ ਉਹਦੇ ਨਾਲ ਹਾਂ ਅਤੇ ਮੈਨੂੰ ਯਕੀਨ ਹੈ ਕਿ ਉਨ੍ਹਾਂ ਦਾ ਇਹੀ ਮਤਲਬ ਹੈ।

ਮੈਂ ਕਿਤਾਬ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਹੈ। ਅਸਲ ਵਿੱਚ ਮੈਂ ਤਾਂ ਇਹਦੀ ਆਲੋਚਨਾ ਕੀਤੀ ਹੈ ਪਰ ਮੈਂ ਕਿਤਾਬ ਵਿੱਚ ਕਿਸੇ ਕਿਸਮ ਦੀ ਤਬਦੀਲੀ ਕਰਨ ਲਈ ਨਹੀਂ ਕਹਾਂਗਾ ਕਿਉਂਕਿ ਇਹਦਾ ਇਤਿਹਾਸਕ ਮੁੱਲ ਹੈ। 1914-15 ਦੇ ਇਨਕਲਾਬੀਆਂ ਦੇ ਇਹੀ ਵਿਚਾਰ ਸਨ।

ਮੈਂ ਆਪਣੇ ਨੌਜਵਾਨਾਂ ਨੂੰ ਖਾਸ ਤੌਰ 'ਤੇ ਇਹ ਕਿਤਾਬ ਪੜ੍ਹਨ ਦੀ ਸਿਫਾਰਸ਼ ਕਰਦਾ ਹਾਂ। ਮਿਹਰਬਾਨੀ ਕਰਕੇ ਇਹਨੂੰ ਅੱਖਾਂ ਬੰਦ ਕਰਕੇ ਅਮਲ ਕਰਨ ਲਈ ਜਾਂ ਇਸ ਵਿੱਚ ਜੋ ਲਿਖਿਆ ਹੈ, ਉਹਨੂੰ ਉਹੋ ਜਿਹਾ ਹੀ ਮੰਨ ਲੈਣ ਲਈ ਨਾ ਪੜ੍ਹੋ। ਇਹਨੂੰ ਪੜ੍ਹੋ, ਇਹਦੀ ਆਲੋਚਨਾ ਕਰੋ, ਇਹਦੇ ਬਾਰੇ ਸੋਚੋ ਅਤੇ ਇਹਦੀ ਮਦਦ ਨਾਲ ਆਪ ਆਪਣੀ ਸਮਝਦਾਰੀ ਬਣਾਓ।

---

## ਦਿਨ...... ਜੋ ਇਤਿਹਾਸ ਬਣੇ

| | | |
|---|---|---|
| 2 ਮਾਰਚ | : | ਰੇਡੀਓ ਐਕਟੀਵਿਟੀ ਦੀ ਖੋਜ (1896) |
| 2 ਮਾਰਚ | : | ਪਾਇਨੀਅਰ-10 (ਸੂਰਜੀ ਮੰਡਲ ਨੂੰ ਪਾਰ ਕਰਨ ਵਾਲਾ ਪਹਿਲਾ ਪੁਲਾੜੀ ਵਾਹਨ) ਦੀ ਉਡਾਣ |
| 3 ਮਾਰਚ | : | ਟੈਲੀਫ਼ੋਨ ਦੇ ਖੋਜੀ ਗਰਾਹਮ ਬੈੱਲ ਦਾ ਜਨਮ (1847) |
| 8 ਮਾਰਚ | : | ਕੌਮਾਂਤਰੀ ਔਰਤ ਦਿਵਸ |
| 10 ਮਾਰਚ | : | ਦੇਹਾਂਤ (ਸਵਿੱਤਰੀ ਬਾਈ ਫੂਲੇ) (ਸਮਾਜ ਸੁਧਾਰਕ, ਸਿਖਿਆ ਸ਼ਾਸਤਰੀ ਅਤੇ ਕਵੀ) (1897) |
| 13 ਮਾਰਚ | : | ਸ਼ਹੀਦ ਉਧਮ ਸਿੰਘ ਨੇ ਸਰ ਮਾਈਕਲ ਓਡਵਾਇਰ ਨੂੰ ਗੋਲੀ ਮਾਰੀ (1940) |
| 14 ਮਾਰਚ | : | ਮਹਾਨ ਵਿਗਿਆਨੀ ਅਲਬਰਟ ਆਈਨ ਸਟਾਈਨ ਦਾ ਜਨਮ (1879) |
| 15 ਮਾਰਚ | : | ਵਿਸ਼ਵ ਖਪਤਕਾਰ ਹੱਕ ਦਿਵਸ |
| 18 ਮਾਰਚ | : | ਬਰਤਾਨਵੀ ਹਕੂਮਤ ਨੇ ਬਦਨਾਮ 'ਰੋਲਟ ਐਕਟ' ਪਾਸ ਕੀਤਾ (1919) |
| 20 ਮਾਰਚ | : | ਆਈਨ ਸਟਾਈਨ ਨੇ 'ਸਾਪੇਖਤਾਵਾਦ' ਦਾ ਸਿਧਾਂਤ ਪੇਸ਼ ਕੀਤਾ (1916) |
| 21 ਮਾਰਚ | : | ਨਸਲਵਾਦ ਵਿਰੋਧੀ ਦਿਵਸ |
| 22 ਮਾਰਚ | : | ਵਿਸ਼ਵ ਪਾਣੀ ਦਿਵਸ |
| 23 ਮਾਰਚ | : | ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਬਰਤਾਵਨੀ ਹਕੂਮਤ ਵੱਲੋਂ ਫਾਂਸੀ (1931) |
| 23 ਮਾਰਚ | : | ਇਨਕਲਾਬੀ ਕਵੀ ਪਾਸ਼ ਦਾ ਫਿਰਕਾਪ੍ਰਸਤਾਂ ਵੱਲੋਂ ਕਤਲ (1988) |
| 25 ਮਾਰਚ | : | ਸੂਰਜ ਗ੍ਰਹਿਣ ਦੀ ਪਹਿਲੀ ਫੋਟੋ ਖਿੱਚੀ ਗਈ (1857) |

ਚਲੰਤ ਮਸਲੇ

# ਹਰੀਦੁਆਰ 'ਧਰਮ ਸੰਸਦ' ਦੀ ਸੇਧ



ਹੇਮ ਰਾਜ ਸਟੈਨੋ

ਸਾਡੇ ਦੇਸ਼ ਅੰਦਰ ਧਰਮਾਂ, ਜਾਤਾਂ-ਪਾਤਾਂ, ਗੋਤਾਂ, ਕਬੀਲਿਆਂ ਦੇ ਨਾਂਅ 'ਤੇ ਪਾੜੋ ਤੇ ਰਾਜ ਕਰੋ ਦੀ ਨੀਤੀ ਅਧੀਨ ਲੋਕਾਂ 'ਚ ਪਾਟਕ ਪਾਉਣ ਅਤੇ ਕਤਲੇਆਮ ਕਰਾਉਣ ਦਾ ਸਿਲਸਿਲਾ ਤੇਜ਼ ਹੁੰਦਾ ਆ ਰਿਹਾ ਹੈ। ਸਾਡੇ ਦੇਸ਼ ਦੀ 1947 'ਚ ਫਿਰਕੂ ਆਧਾਰ 'ਤੇ ਹੋਈ ਵੰਡ ਵੇਲੇ ਹੋਇਆ ਭਿਅੰਕਰ ਕਤਲੇਆਮ ਵੀਹਵੀਂ ਸਦੀ ਦਾ ਦੁਨੀਆਂ ਦਾ ਸਭ ਤੋਂ ਵੱਡਾ ਕਤਲੇਆਮ ਸੀ। ਇਸ ਵੱਡੀ ਤਰਾਸਦੀ ਤੋਂ ਬਾਅਦ ਵੀ ਸਾਡੇ ਦੇਸ਼ ਅੰਦਰ ਫਿਰਕੂ ਕਤਲੇਆਮ ਜਾਰੀ ਹਨ। ਮਿਸਾਲ ਦੇ ਤੌਰ 'ਤੇ 1984 'ਚ ਸਿੱਖ ਕਤਲੇਆਮ ਅਤੇ 2002 'ਚ ਗੁਜਰਾਤ 'ਚ ਹੋਏ ਮੁਸਲਿਮ ਕਤਲੇਆਮ। ਇਹ ਸਾਰੇ ਫਿਰਕੂ ਕਤਲੇਆਮ ਫਿਰਕੂਆਂ ਵੱਲੋਂ ਰਾਜ 'ਤੇ ਬਿਰਾਜਮਾਨ ਹਾਕਮਾਂ ਦੀ ਮਿਲੀਭੁਗਤ ਨਾਲ ਕੀਤੇ ਜਾ ਰਹੇ ਹਨ। 16 ਤੋਂ 19 ਦਸੰਬਰ 2021 ਨੂੰ ਹਰਿਦੁਆਰ 'ਚ ਹੋਈ ਹਿੰਦੂ ਧਰਮ ਵਾਲਿਆਂ ਦੀ ਫਿਰਕੂ ਕਤਲੇਆਮ ਕਰਵਾਉਣ ਅਤੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਨੀਤੀ ਨੂੰ ਵਧਾਉਣ ਦੇ ਇੱਕ ਸਾਧਨ ਵਜੋਂ ਕਰਵਾਈ 'ਧਰਮ ਸੰਸਦ' ਇਸਦੀ ਉੱਘੜਵੀਂ ਉਦਾਹਰਣ ਹੈ। ਇਸ ਸੰਸਦ ਦਾ ਸੰਖੇਪ ਸਾਰ ਇਉਂ ਹੈ:-

"ਸ਼ਸ਼ਤਰਮੇਵ ਜਯਤੇ (ਭਾਵ ਹਥਿਆਰਾਂ ਦੀ ਜਿੱਤ)। ਮੁਸਲਿਮਾਂ ਦੇ ਆਰਥਕ ਬਾਈਕਾਟ ਨਾਲ ਕੰਮ ਨਹੀਂ ਚੱਲੇਗਾ, ਉਨ੍ਹਾਂ ਦਾ ਸਫਾਇਆ ਕਰਨਾ ਪਵੇਗਾ, ਤਲਵਾਰਾਂ ਸਟੇਜਾਂ 'ਤੇ ਹੀ ਚੰਗੀਆਂ ਲਗਦੀਆਂ ਹਨ। ਇਹ ਲੜਾਈ ਚੰਗੇ ਹਥਿਆਰਾਂ ਵਾਲੇ ਹੀ ਜਿੱਤਣਗੇ, ਤਲਵਾਰਾਂ ਨਾਲ ਭੀ ਕੰਮ ਨਹੀਂ ਚੱਲੇਗਾ, ਹਿੰਦੂਆਂ ਨੂੰ ਹਥਿਆਰਾਂ ਦੇ ਮਾਮਲੇ 'ਚ ਖ਼ੁਦ ਨੂੰ ਆਧੁਨਿਕ ਬਣਾਉਣਾ ਹੋਵੇਗਾ, ਤਲਵਾਰਾਂ ਦੇ ਨਾਲ ਨਾਲ ਦੂਸਰੇ ਹਥਿਆਰ ਵੀ ਚੁੱਕਣੇ ਪੈਣਗੇ। ਮਿਆਂਮਾਰ ਦੀ ਤਰਜ਼ 'ਤੇ ਮੁਸਲਮਾਨਾਂ ਦਾ ਨਸਲੀ ਕਤਲੇਆਮ ਹੋਣਾ ਚਾਹੀਦਾ ਹੈ, (ਇੱਥੇ ਇਹ ਚੇਤਾ ਕਰਵਾਉਣਾ ਠੀਕ ਰਹੇਗਾ ਕਿ ਮੀਆਂਮਾਰ 'ਚ ਰੋਹਿੰਗੀਆ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ ਸੀ ਅਤੇ ਉਹ ਵੱਡੀ ਪੱਧਰ 'ਤੇ ਉੱਥੋਂ ਬਾਹਰਲੇ ਦੇਸ਼ਾਂ ਨੂੰ ਪਲਾਇਨ (ਹਿਜਰਤ) ਕਰ ਗਏ ਸਨ। ਇਸ ਕਤਲੇਆਮ ਬਾਰੇ ਕੌਮਾਂਤਰੀ ਨਿਆਂ ਅਦਾਲਤ 'ਚ ਸੁਣਵਾਈ ਹੋਣੀ ਹੈ..ਲੇਖਕ), ਸਫਾਈ ਮੁਹਿੰਮ ਚਲਾਉਣੀ ਪਵੇਗੀ, ਸੰਵਿਧਾਨ ਬਦਲ ਦਿੱਤਾ ਜਾਣਾ ਚਾਹੀਦਾ ਹੈ, ਮਹਾਤਮਾ ਗਾਂਧੀ ਨੂੰ ਨਹੀਂ ਬਲਕਿ ਨੱਥੂ ਰਾਮ ਗੌਡਸੇ ਨੂੰ ਨਾਇਕ ਬਣਾਉਣਾ ਚਾਹੀਦਾ ਹੈ, ਨੌਜਵਾਨਾਂ ਨੂੰ ਆਪਣੇ ਹੱਥਾਂ 'ਚੋਂ ਕਿਤਾਬਾਂ-ਕਾਪੀਆਂ ਸੁੱਟ ਕੇ ਹਥਿਆਰ ਚੱਕ ਲੈਣੇ ਚਾਹੀਦੇ ਹਨ, 20 ਲੱਖ ਲੋਕ ਮਰਨਗੇ ਫਿਰ ਸਮਝ ਆਏਗਾ ਹਿੰਦੂ ਕੀ ਹਨ, ਜਾਂ ਤਾਂ ਖ਼ੁਦ ਮਰਨ ਨੂੰ ਤਿਆਰ ਰਹੋ ਜਾਂ ਮਾਰਨ ਨੂੰ ਤਿਆਰ ਰਹੋ, ਦੂਸਰਾ ਕੋਈ ਬਦਲ ਨਹੀਂ ਹੈ, ਮੈਂ ਸੰਸਦ 'ਚ ਹੁੰਦੀ ਤਾਂ ਮਨਮੋਹਨ ਸਿੰਘ ਨੂੰ ਗੋਲੀ ਮਾਰ ਦਿੰਦੀ, ਜਿਸਨੇ ਵੀ ਕੁਰਾਨ ਸਮਝਿਆ ਹੋਇਆ ਹੈ, ਉਹ ਜੇਹਾਦੀ (ਧਰਮ ਯੁੱਧ ਕਰਨ ਵਾਲਾ-ਲੇਖਕ) ਹੈ ਅਤੇ ਹਿੰਦੂਆਂ ਨੂੰ ਹਥਿਆਰ ਉਠਾਉਣੇ ਹੋਣਗੇ ਅਤੇ ਹਰ ਜੇਹਾਦੀ ਦਾ ਸਫਾਇਆ ਕਰਨਾ ਪਵੇਗਾ। ਹਥਿਆਰ ਉਠਾਓ, ਯੁੱਧ ਕਰੋ, "ਕੀ ਸਭ ਤਿਆਰ ਹਨ, ਬੋਲੋ ਤਿਆਰ ਹੋ ਜਾਂ ਨਹੀਂ?"

ਇਹ ਹਨ ਜ਼ਹਿਰੀਲੇ ਬਿਆਨ ਜਿਹੜੇ 'ਹਿੰਦੂ ਸਵੈਅਭਿਮਾਨ' ਦੀ ਰੱਖਿਆ ਅਤੇ ਹਿੰਦੂ ਨੌਜਵਾਨਾਂ ਨੂੰ 'ਸਵੈ ਰੱਖਿਆ' ਲਈ 'ਧਰਮ ਸੈਨਾ' ਜਥੇਬੰਦ ਕਰਨ ਦੇ ਉਦੇਸ਼ ਨਾਲ ਹਰਿਦੁਆਰ ਵਿੱਚ 16 ਤੋਂ 19 ਦਸੰਬਰ ਨੂੰ 'ਧਰਮ ਸੰਸਦ' 'ਚ ਦਿੱਤੇ ਗਏ।

ਇਸ (ਧਰਮ ਸੰਸਦ) ਦੇ ਦਸ ਪ੍ਰਬੰਧਕਾਂ ... ਜਿੰਨਾਂ ਦੇ ਨਾਮ ਹਰਿਦੁਆਰ ਦੇ ਜੱਬਲਪੁਰ ਥਾਨੇ 'ਚ ਐਫ.ਆਈ.ਆਰ. ਵਿੱਚ ਦਰਜ ਹਨ ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ:- ਵਸੀਮ ਰਿਜ਼ਵੀ ਉਰਫ ਜੀਤੇਂਦਰ ਨਰਾਇਣ ਤਿਆਗੀ, ਪ੍ਰਬੋਧਾਨੰਦ ਗਿਰੀ, ਯਤਿ ਨਰਸਿਨਹਾਨੰਦ ਉਰਫ ਦੀਪਕ ਤਿਆਗੀ, ਪੂਜਾ ਸ਼ਕੁਨ ਪਾਂਡੇ, ਅੰਨਪੂਰਨਾ ਦੇਵੀ, ਸਿੰਧੂ ਸਾਗਰ, ਧਰਮਦਾਸ, ਪਰਮਾਨੰਦ, ਆਨੰ ਸਵਰੂਪ ਅਸ਼ਵਨੀ ਉਪਾਧਿਆ, ਸੁਰੇਸ਼ ਚੌਹਾਨਕੇ (ਸੁਦਰਸ਼ਨ ਟੀ.ਵੀ.)

ਇਸ ਤੋਂ ਬਾਅਦ 20 ਅਤੇ 26 ਦਸੰਬਰ ਨੂੰ ਵੀ ਰਾਏਪੁਰ ਅਤੇ 2 ਜਨਵਰੀ ਨੂੰ ਗਾਜ਼ੀਆਬਾਦ 'ਚ ਅਜਿਹੇ ਹੀ ਇਕੱਠ ਕੀਤੇ ਗਏ ਜਿੰਨਾਂ ਵਿੱਚ ਬਿਲਕੁਲ ਹਰਿਦੁਆਰ ਦੀ ਤਰ੍ਹਾਂ ਹੀ ਮੁਸਲਮਾਨਾਂ ਦੇ ਨਰਸੰਹਾਰ, ਗੌਡਸੇ ਰਾਹੀਂ ਗਾਂਧੀ ਦੀ ਹੱਤਿਆ ਨੂੰ ਠੀਕ ਠਹਿਰਾਉਣ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਦੇ ਹੋਏ ਮੌਜੂਦਾ ਸੰਵਿਧਾਨ ਦਾ ਭਗਵਾਕਰਣ ਕਰਨ ਦਾ ਪ੍ਰਣ ਲਿਆ ਗਿਆ। ਕਿਹਾ ਗਿਆ ਕਿ "ਐਲਾਨ ਹਰਿਦੁਆਰ ਤੋਂ ਹੋ ਚੁੱਕਾ ਹੈ, ਹੁਣ ਹਿੰਦੂਆਂ ਨੂੰ ਕਿਸ ਗੱਲ ਦਾ ਇੰਤਜ਼ਾਰ ਹੈ? ਮੋਦੀ ਨੇ ਨਾਹਰਾ ਦਿੱਤਾ ਹੈ ਸਵੱਛ ਭਾਰਤ,

ਸਾਡਾ ਨਾਹਰਾ ਹੈ ਪਵਿੱਤਰ ਭਾਰਤ। ਅਸੀਂ ਜੇਹਾਦੀਆਂ ਨੂੰ ਮਾਰਕੇ ਭਾਰਤ ਭੂਮੀ ਨੂੰ ਪਵਿੱਤਰ ਬਣਾਵਾਂਗੇ।" ਇਸ ਤੋਂ ਬਾਅਦ 23 ਜਨਵਰੀ ਨੂੰ ਅਲੀਗੜ੍ਹ ਅਤੇ ਉਸਦੇ ਬਾਅਦ ਦੇਸ਼ ਭਰ 'ਚ ਅਨੇਕਾਂ ਥਾਵਾਂ 'ਤੇ ਅਜਿਹੀਆਂ ਹੀ 'ਧਰਮ ਸੰਸਦਾਂ' ਕਰਨ ਦਾ ਐਲਾਨ ਹੋ ਚੁੱਕਾ ਹੈ।[1]

ਹਿੰਦੂ ਧਰਮ ਦਾ ਸ਼ਲੋਕ ਹੈ : ਸਤਿਅਮੇਵ ਜਯਤੇ ਜਿਸਦਾ ਅਰਥ ਹੁੰਦਾ ਹੈ ਸਤਯ (ਸੱਚ) ਦੀ ਜਿੱਤ। ਪਰ ਇਸ ਬਿਆਨ ਦੇ ਸ਼ੁਰੂ 'ਚ ਹੀ ਸ਼ਸਤਰਮੇਵ ਜਯਤੇ ਕਿਹਾ ਗਿਆ ਹੈ ਭਾਵ ਸ਼ਸਤਰਾਂ ਦੀ ਜਿੱਤ। ਇਹ ਇਨ੍ਹਾਂ ਦਾ ਅੱਜ ਦਾ ਨਾਹਰਾ ਨਹੀਂ ਹੈ। ਅੱਜ ਤੋਂ ਬਹੁਤ ਪਹਿਲਾਂ ਇਨ੍ਹਾਂ ਦਾ ਇੱਕ ਹਿੰਦੂ ਆਗੂ ਹੁੰਦਾ ਸੀ ਡਾ.ਮੁੰਜੇ। ਉਸਨੇ ਕਿਹਾ ਸੀ ਕਿ ਇਕੱਲਾ ਸਤਿਅਮ ਮੇਵ ਜਯਤੇ ਕਹਿਣ ਨਾਲ ਗੱਲ ਨਹੀਂ ਬਣੇਗੀ। ਫਿਰਕੂ ਹਿੰਦੂਤਵੀਆਂ ਵੱਲੋਂ ਜਿਹੜਾ ਸ਼ਸਤਰਮੇਵ ਜਯਤੇ ਦਾ ਨਾਹਰਾ ਲਗਾਇਆ ਜਾਂਦਾ ਹੈ, ਇਹ ਸਰਸਰੀ ਤੌਰ 'ਤੇ ਦੇਖਣ ਨੂੰ ਇਉਂ ਲੱਗ ਸਕਦਾ ਹੈ ਕਿ ਇਹਨਾਂ 'ਚ ਹਕੂਮਤਾਂ ਦਾ ਕੋਈ ਹੱਥ ਨਹੀਂ ਹੈ। ਪਰ ਗੱਲ ਇਉਂ ਨਹੀਂ। ਕਿਉਂ? ਮਿਸਾਲ ਦੇ ਤੌਰ 'ਤੇ ਗੁਜਰਾਤ 'ਚ ਸੰਨ 2002 'ਚ ਮੋਦੀ ਹਕੂਮਤ ਸਮੇਂ ਜਿਹੜੇ ਰਾਜ ਦੇ ਸ਼ਸਤਰ ਬਲ ਮੌਜੂਦ ਸਨ, ਉਹਨਾਂ ਸਾਰਿਆਂ ਨੇ ਮੁਸਲਮਾਨਾਂ ਦੇ ਕਤਲੇਆਮ ਨੂੰ ਰੋਕਣ 'ਚ ਕੋਈ ਭੂਮਿਕਾ ਨਾ ਨਿਭਾਉਂਦਿਆਂ ਮੂਕ ਦਰਸ਼ਕ ਬਣੇ ਰਹਿਣ ਦਾ ਸਬੂਤ ਦਿੱਤਾ ਸੀ। ਇਸੇ ਤਰ੍ਹਾਂ ਹੋਰ ਹਰ ਤਰ੍ਹਾਂ ਦੀਆਂ ਹਕੂਮਤਾਂ ਹੇਠ ਕੰਮ ਕਰਦੇ ਸ਼ਸਤਰ-ਬਲ ਇੱਕ ਜਾਂ ਦੂਜੀ ਸ਼ਕਲ 'ਚ ਇਨ੍ਹਾਂ ਫਿਰਕੂ ਟੋਲਿਆਂ ਦੀ ਸਹਾਇਤਾ ਵਜੋਂ ਹੀ ਕੰਮ ਕਰਦੇ ਹਨ।

ਫਿਰਕੂਆਂ ਵੱਲੋਂ ਕਤਲੇਆਮ ਕਰਨ ਦੇ ਐਲਾਨਾਂ ਦੀ ਰਾਜ ਕਰਦਿਆਂ ਨਾਲ ਮਿਲੀਭੁਗਤ ਦੀ ਮਿਸਾਲ ਉਤਰਾਖੰਡ 'ਚੋਂ ਹੀ ਦੇਖੀ ਜਾ ਸਕਦੀ ਹੈ। ਜਿਵੇਂ ਕਿ ਇਸ ਧਰਮ ਸੰਸਦ 'ਚ ਉਤਰਾਖੰਡ ਦੇ ਮੁੱਖ ਮੰਤਰੀ ਨੇ ਫਿਰਕੂ ਬਿਆਨ ਕਰਦਿਆਂ ਦੇ ਪੈਰ ਛੂਹੇ। ਅਤੇ ਇਹ ਹੀ ਨਹੀਂ ਬਲਕਿ ਉਤਰਾਖੰਡ ਦੀ ਪੁਲਿਸ ਨੇ ਇਸ ਧਰਮ ਸੰਸਦ ਦਾ ਪ੍ਰਬੰਧ ਕਰਨ ਵਾਲਿਆਂ ਜਾਂ ਹਿੱਸਾ ਲੈਣ ਵਾਲਿਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ। ਨਾਲੇ ਪੁਲਿਸ ਕਾਰਵਾਈ ਕਰਦੀ ਵੀ ਕੀ ਜਦੋਂ ਮੁੱਖ ਮੰਤਰੀ ਤਾਂ ਉਨ੍ਹਾਂ (ਸੰਤਾਂ?) ਦੇ ਪੈਰ ਛੂਹ ਰਿਹਾ ਹੈ!

ਇਸ ਘਟਨਾਕ੍ਰਮ ਦਾ ਇੱਕ ਹੋਰ ਘ੍ਰਿਣਾਤਮਕ ਅਤੇ ਨਿਖੇਧੀਯੋਗ ਪਹਿਲੂ ਦੇਖੋ। ਪਹਿਲਾਂ ਜਦੋਂ ਕੋਈ ਅਜਿਹਾ ਜ਼ਹਿਰੀਲਾ ਫਿਰਕੂ ਬਿਆਨ ਜਨਤਾ ਸਾਹਮਣੇ ਆ ਜਾਂਦਾ ਸੀ ਤਾਂ ਬਿਆਨ ਦੇਣ ਵਾਲਾ ਇਹ ਕਹਿਕੇ ਆਪਣਾ ਬਚਾਅ ਕਰਦਾ ਨਜ਼ਰ ਆਉਂਦਾ ਸੀ ਕਿ ਉਸਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ, ਪਰ ਇਸ ਵਾਰ ਇਉਂ ਨਹੀਂ ਹੋ ਰਿਹਾ। ਜਿਹੜਿਆਂ ਨੇ ਵੀ ਇਹੋ-ਜਿਹੇ ਜ਼ਹਿਰੀਲੇ ਬਿਆਨ ਦਿੱਤੇ ਹਨ ਉਹ ਆਪੋ-ਆਪਣੇ ਅਖਾੜਿਆਂ 'ਚ ਜਾ ਕੇ ਵੀ ਉਹੀ ਬਿਆਨ ਦਹੁਰਾਈ ਜਾਂਦੇ ਹਨ ਅਤੇ ਉਨ੍ਹਾਂ ਨੂੰ ਠੀਕ ਦਰਸਾਈ ਜਾਂਦੇ ਹਨ।

ਅਜਿਹੀ ਸਥਿਤੀ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕੇਂਦਰ 'ਚ ਰਾਜ ਕਰਦੀ ਜਿਹੜੀ ਮੋਦੀ ਹਕੂਮਤ ਆਪਣੇ ਤੋਂ ਵੱਖਰੀ ਸੋਚ ਰੱਖਣ ਵਾਲਿਆਂ ਨੂੰ ਦੇਸ਼-ਵਿਰੋਧੀ ਗਰਦਾਨਦਿਆਂ ਜੇਲ੍ਹਾਂ ਅੰਦਰ ਬੰਦ ਕਰਨ ਲੱਗੀ ਫੋਰਾ ਨਹੀਂ ਲਾਉਂਦੀ, ਉਹ ਦੇਸ਼ ਅੰਦਰ ਫਿਰਕੂ ਜ਼ਹਿਰ ਫੈਲਾ ਕੇ ਨਸਲਕੁਸ਼ੀ ਤੱਕ ਕਰਾਉਣ ਵਾਲੇ ਬਿਆਨ ਦੇਣ ਵਾਲਿਆਂ ਬਾਰੇ ਜਾੜ ਘੁੱਟੀ ਬੈਠੀ ਹੈ। ਇਸ ਤੋਂ ਸਾਬਤ ਹੋ ਜਾਂਦਾ ਹੈ ਕਿ ਮੋਦੀ ਸਰਕਾਰ ਦੀ ਅਜਿਹੀ ਸਥਿਤੀ ਬਣਾਉਣ ਵਾਲਿਆਂ ਨਾਲ ਮਿਲੀ-ਭੁਗਤ ਹੈ। ਭਾਵੇਂ ਸੰਵਿਧਾਨ ਫਿਰਕੂ ਭਾਵਨਾਵਾਂ ਭੜਕਾਉਣ ਵਾਲਿਆਂ ਖਿਲਾਫ਼ ਕਾਰਵਾਈ ਦੀ ਮੰਗ ਕਰਦਾ ਹੈ, ਪਰ ਇਨ੍ਹਾਂ ਹਿੰਦੂਤਵੀਆਂ ਦਾ ਆਪਣਾ ਟੀਚਾ ਕਿਵੇਂ ਵੀ ਪ੍ਰਾਪਤ ਹੋਵੇ ਉਸਦੇ ਲਈ ਕੋਈ ਕਤਲੇਆਮ ਕਰਨਾ ਪਵੇ, ਇਹ ਹੀ ਇਨ੍ਹਾਂ ਦਾ ਦਿਲੋ-ਦਿਲੀ ਸੰਵਿਧਾਨ ਹੈ ਅਤੇ ਸੰਵਿਧਾਨ ਨੂੰ ਲਾਗੂ ਕਰਨ ਵੇਲੇ ਕੇਂਦਰੀ ਹਕੂਮਤ ਵੀ ਚੁੱਪ ਹੈ। ਆਹ ਹੁਣੇ ਹੁਣੇ ਚੱਲੇ ਸਾਲ ਭਰ ਕਿਸਾਨ ਅੰਦੋਲਨ 'ਚ 700 ਕਿਸਾਨਾਂ ਦੀਆਂ ਜਾਨਾਂ ਗਈਆਂ। ਉਸਤੋਂ ਬਾਅਦ ਮੋਦੀ ਬਿਆਨ ਦੇ ਰਿਹਾ ਹੈ ਕਿ ਉਸਦੀ ਤਪੱਸਿਆ 'ਚ ਕੋਈ ਘਾਟ ਰਹੀ ਹੈ। ਕਿਹੜੀ ਤਪੱਸਿਆ? ਜ਼ਰਾ ਸੋਚੋ। ਇਹ ਤਪੱਸਿਆ 'ਚ ਅਜਿਹੀ ਹੀ ਘਾਟ ਹੋ ਸਕਦੀ ਹੈ ਕਿ ਸਿਰਫ 700 ਕਿਸਾਨ ਹੀ ਮਾਰੇ ਗਏ ਹਨ ਕਿਉਂਕਿ ਜੇਕਰ ਤਪੱਸਿਆ 'ਚ ਘਾਟ ਨਾ ਰਹਿੰਦੀ ਤਾਂ ਮਰਨ ਵਾਲੇ ਕਿਸਾਨਾਂ ਦੀ ਗਿਣਤੀ ਅੰਦਾਜ਼ਿਓਂ ਬਾਹਰ ਹੋਣੀ ਸੀ!

ਅੱਜ ਦੇ ਜਿਹੜੇ ਇਹ ਹਾਲਾਤ ਬਣਦੇ ਜਾਂ ਬਣਾਏ ਜਾ ਰਹੇ ਹਨ, ਇਸਦਾ ਕਾਰਨ ਕੀ ਹੈ?

ਇਤਿਹਾਸ ਬਾਰੇ ਇੱਕ ਗੱਲ ਤਾਂ ਬੜੀ ਸਪੱਸ਼ਟ ਹੈ ਕਿ ਇਤਿਹਾਸ ਅੰਦਰ ਕੋਈ ਵੀ ਘਟਨਾ ਜਾਂ ਹਕੀਕਤ ਅਜਿਹੀ ਨਹੀਂ ਹੁੰਦੀ ਜਿਸਦਾ **ਅੰਤਮ ਤੌਰ 'ਤੇ ਕਾਰਨ ਆਰਥਕ ਨਾ ਹੋਵੇ ਅਤੇ ਜਿਸਦੇ ਅੱਗੇ-ਪਿੱਛੇ ਚੇਤਨਾ ਦਾ ਰੋਲ ਨਾ ਰਿਹਾ ਹੋਵੇ।** ਇਸ ਸਿਧਾਂਤਕ ਨਿਯਮ ਨੂੰ ਹੁਣੇ ਹੁਣੇ ਚੱਲੇ ਕਿਸਾਨ ਅੰਦੋਲਨ ਤੋਂ ਹੀ ਸਮਝਿਆ ਜਾ ਸਕਦਾ ਹੈ। ਉਹ ਇਉਂ ਕਿ ਕੇਂਦਰੀ ਹਕੂਮਤ ਨੇ ਕਿਸਾਨੀ ਨੂੰ ਉਜਾੜਣ ਅਤੇ ਕਾਰਪੋਰੇਟਾਂ ਦੀਆਂ ਝੋਲੀਆਂ ਹੋਰ ਭਰਨ ਲਈ ਤਿੰਨ ਖੇਤੀ ਕਾਨੂੰਨ ਲਿਆਂਦੇ। ਇਹ ਆਰਥਕ ਕਾਰਨ ਸੀ। ਹੁਣ ਦੇਖੋ ਚੇਤਨਾ ਦਾ ਰੋਲ। ਕੇਂਦਰ ਦਾ ਕਾਨੂੰਨ ਬਣਾਉਣੇ ਉਨ੍ਹਾਂ ਦਾ ਚੇਤੰਨ ਰੋਲ ਸੀ। ਦੂਸਰੇ ਪਾਸੇ ਕਿਸਾਨ ਅੰਦੋਲਨ ਛੇੜਨਾ ਕਿਸਾਨਾਂ ਦਾ ਚੇਤੰਨ ਰੋਲ

ਸੀ। ਇਸੇ ਲਈ ਇਹ ਇੱਕ ਵਿਗਿਆਨਕ ਸਿਧਾਂਤ ਹੈ ਕਿ ਇਤਿਹਾਸ ਅੰਦਰ ਕੋਈ ਵੀ ਘਟਨਾ ਜਾਂ ਹਕੀਕਤ ਅਜਿਹੀ ਨਹੀਂ ਹੁੰਦੀ ਜਿਸਦਾ ਅੰਤਮ ਤੌਰ 'ਤੇ ਕਾਰਨ ਆਰਥਕ ਨਾ ਰਿਹਾ ਹੋਵੇ ਅਤੇ ਜਿਸਦੇ ਅੱਗੇ-ਪਿੱਛੇ ਚੇਤਨਾ ਦਾ ਰੋਲ ਨਾ ਰਿਹਾ ਹੋਵੇ। ਇਸੇ ਲਈ ਹੀ ਫਿਰਕੂ ਫਸਾਦਾਂ ਬਾਰੇ ਲਿਖਦਿਆਂ ਸ਼ਹੀਦੇ-ਆਜ਼ਮ ਭਗਤ ਸਿੰਘ ਨੇ ਕਿਹਾ ਸੀ ਕਿ "ਸਾਨੂੰ ਤਾਂ ਫਿਰਕੂ ਫਸਾਦਾਂ ਦਾ ਕਾਰਨ ਆਰਥਕ ਹੀ ਜਾਪਦਾ ਹੈ।" ਇਸ ਲਈ ਅੱਜ ਦੇ ਹਾਲਤ ਨੂੰ ਸਮਝਣ ਲਈ ਸਾਨੂੰ ਥੋੜਾ ਜਿੰਨਾ ਆਰਥਕ ਪਹਿਲੂ 'ਤੇ ਵੀ ਧਿਆਨ ਦੇਣਾ ਪਵੇਗਾ।

ਆਰਥਕਤਾ 'ਚ ਸੰਸਾਰ-ਪੱਧਰ ਸਮੇਤ ਭਾਰਤ ਅੰਦਰ ਵਧ ਰਿਹਾ ਪਾੜਾ ਸਿਖਰਾਂ ਛੋਹ ਰਿਹਾ ਹੈ। ਇਸ ਬਾਰੇ ਰਿਪੋਰਟਾਂ ਆ ਰਹੀਆਂ ਹਨ। ਜਿਵੇਂ "ਸੰਸਾਰ ਦੀ ਗੈਰ-ਬਰਾਬਰਤਾ ਸਬੰਧੀ 2022 'ਚ ਜਾਰੀ ਰਿਪੋਰਟ" ਦਰਸਾਉਂਦੀ ਹੈ ਕਿ ਸੰਸਾਰ ਦੇ ਸਭ ਤੋਂ ਅਮੀਰ 1 ਪ੍ਰਤੀਸ਼ਤ ਹੁਣ ਸੰਸਾਰ ਦੀ ਕੁੱਲ ਧਨ-ਦੌਲਤ ਦੇ ਤੀਜੇ ਹਿੱਸੇ 'ਤੇ ਕਾਬਜ਼ ਹਨ। .................ਜਿੱਥੋਂ ਤੱਕ ਸਾਡੇ ਦੇਸ਼ ਦਾ ਸਬੰਧ ਹੈ, ਇਸ ਬਾਰੇ ਰਿਪੋਰਟ ਕਹਿੰਦੀ ਹੈ ਕਿ "ਸਭ ਤੋਂ ਵੱਧ ਅਮੀਰ ਆਬਾਦੀ ਦਾ 1 ਪ੍ਰਤੀਸ਼ਤ ਕੁੱਲ ਕੌਮੀ ਆਮਦਨ ਦੇ ਪੰਜਵੇ ਹਿੱਸੇ 'ਤੇ ਕਾਬਜ਼ ਹਨ।" ਅਤੇ ਇਸੇ ਰਿਪੋਰਟ ਮੁਤਾਬਕ, "ਭਾਰਤ ਦੀ 50 ਪ੍ਰਤੀਸ਼ਤ ਗਰੀਬ ਆਬਾਦੀ ਕੋਲ ਨਾ-ਮਾਤਰ ਆਮਦਨ ਹੈ।"[2]

ਇੱਕ ਹੋਰ ਮਿਸਾਲ ਸੰਪਤੀ ਵੰਡ ਦੀ ਵੀ ਦੇਖੋ।

"ਸਭ ਤੋਂ ਅਮੀਰ 1 ਪ੍ਰਤੀਸ਼ਤ ਕੋਲ 51.5 ਪ੍ਰਤੀਸ਼ਤ

4 ਪ੍ਰਤੀਸ਼ਤ ਦੇ ਕੋਲ 17.1 ਪ੍ਰਤੀਸ਼ਤ

5 ਪ੍ਰਤੀਸ਼ਤ ਦੇ ਕੋਲ 8.8 ਪ੍ਰਤੀਸ਼ਤ

ਭਾਵ ਕਿ 10 ਪ੍ਰਤੀਸ਼ਤ ਧਨਾਢਾਂ ਕੋਲ ਦੇਸ਼ ਦੀ ਕੁੱਲ ਸੰਪਤੀ ਦਾ 77.4 ਪ੍ਰਤੀਸ਼ਤ ਹਿੱਸਾ ਹੈ ਜਦੋਂ ਕਿ 60 ਪ੍ਰਤੀਸ਼ਤ ਗਰੀਬ ਲੋਕਾਂ ਕੋਲ ਸੰਪਤੀ ਦਾ ਕੇਵਲ 4.7 ਪ੍ਰਤੀਸ਼ਤ ਹਿੱਸਾ ਹੈ। ਦਰਮਿਆਨੇ 30 ਪ੍ਰਤੀਸ਼ਤ ਲੋਕਾਂ ਕੋਲ ਦੇਸ਼ ਦੀ ਸੰਪਤੀ ਦਾ 17.8 ਪ੍ਰਤੀਸ਼ਤ ਹਿੱਸਾ ਹੈ।"[3]

ਔਕਸਫੌਮ ਦੀ ਹਾਲੀਆ ਰਿਪੋਰਟ ਅਨੁਸਾਰ 18 **ਮਾਰਚ, 2020 ਤੋਂ ਲੈ ਕੇ 31 ਅਕਤੂਬਰ 2020** ਦੇ ਦਰਮਿਆਨ ਮੁਕੇਸ਼ ਅੰਬਾਨੀ ਦੀ ਦੌਲਤ 36.2 ਅਰਬ ਡਾਲਰ ਤੋਂ ਵਧਕੇ 78.3 ਅਰਬ ਡਾਲਰ -ਭਾਵ ਦੁੱਗਣੀ ਤੋਂ ਵੀ ਜ਼ਿਆਦਾ ਹੋ ਗਈ ਹੈ। ਅੱਜ ਮੁਕੇਸ਼ ਅੰਬਾਨੀ ਦੁਨੀਆਂ ਦੇ 5 ਧਨੀ ਵਿਅਕਤੀਆਂ 'ਚੋਂ ਇੱਕ ਹੈ।[4]

ਦੂਸਰੇ ਪਾਸੇ ਕਰੋਨਾ ਕਾਲ ਦੌਰਾਨ ਹੀ 22 ਕਰੋੜ ਲੋਕਾਂ ਦਾ ਰੁਜ਼ਗਾਰ ਖੁੱਸ ਗਿਆ ਹੈ। ਅੰਕੜੇ ਇਹ ਵੀ ਆਉਂਦੇ ਰਹਿੰਦੇ ਹਨ ਕਿ 45 ਸਾਲ ਦੇ ਲੰਮੇ ਅਰਸੇ ਬਾਅਦ ਅੱਜ ਬੇਰੁਜ਼ਗਾਰੀ ਸਭ ਤੋਂ ਉੱਚੀ ਪੱਧਰ 'ਤੇ ਪਹੁੰਚ ਗਈ ਹੈ।

ਸੋ ਸਾਡੇ ਆਰਥਕ-ਸਮਾਜਕ ਢਾਂਚੇ ਦੀ ਅਜਿਹੀ ਸਥਿਤੀ ਬਣੀ ਹੋਈ ਹੈ ਕਿ ਇੱਕ ਪਾਸੇ ਅਮੀਰ ਹੋਰ ਅਮੀਰ ਅਤੇ ਦੂਸਰੇ ਪਾਸੇ ਗਰੀਬ ਹੋਰ ਗਰੀਬ ਹੋਈ ਜਾ ਰਹੇ ਹਨ। ਨਾਲ ਦੀ ਨਾਲ ਹਕੂਮਤਾਂ ਅਮੀਰਾਂ ਨੂੰ ਸਹੂਲਤਾਂ ਤੇ ਸਹੂਲਤਾਂ ਦੇਈ ਜਾ ਰਹੀਆਂ ਹਨ ਅਤੇ ਲੋੜਵੰਦ ਗਰੀਬਾਂ ਨੂੰ ਪਹਿਲਾਂ ਮਿਲਣ ਵਾਲੀਆਂ ਸਹੂਲਤਾਂ ਜਾਂ ਤਾਂ ਬਿਲਕੁਲ ਬੰਦ ਹੋ ਰਹੀਆਂ ਹਨ ਜਾਂ ਘਟਾਈਆਂ ਜਾ ਰਹੀਆਂ ਹਨ। ਜਿਹੜੀਆਂ ਸਹੂਲਤਾਂ ਜਿਵੇਂ ਗੈਸ ਸਲੰਡਰ ਦਿੱਤੇ ਗਏ ਉਹ ਗਰੀਬ ਵਰਤਣੋਂ ਹੀ ਅਸਮਰਥ ਹੋਏ ਪਏ ਹਨ ਕਿਉਂਕਿ ਮਹਿੰਗੀ ਹੋਈ ਗੈਸ ਉਨ੍ਹਾਂ ਦੀ ਖਰੀਦ-ਸ਼ਕਤੀ ਤੋਂ ਬਾਹਰ ਹੋ ਗਈ ਹੈ। ਨੌਜਵਾਨ ਮਜ਼ਬੂਰੀ ਵੱਸ ਬਾਹਰਲੇ ਦੇਸ਼ਾਂ ਨੂੰ ਜਾ ਰਹੇ ਹਨ ਜਿਸ ਨਾਲ ਦੇਸ਼ ਦਾ ਧਨ ਅਤੇ ਲਿਆਕਤ ਬਾਹਰਲੇ ਮੁਲਕਾਂ ਨੂੰ ਜਾ ਰਹੀ ਹੈ।

ਜੇਕਰ ਥੋੜ੍ਹੇ ਸ਼ਬਦਾਂ 'ਚ ਆਖਣਾ ਹੋਵੇ ਤਾਂ ਇੱਕ ਪਾਸੇ ਖੁਸ਼ਹਾਲ ਭਾਰਤ ਹੈ ਅਤੇ ਦੂਸਰੇ ਪਾਸੇ ਨਿਢਾਲ ਭਾਰਤ ਹੈ।

ਇਹ ਨਹੀਂ ਕਿ ਇਸ ਤੋਂ ਹਕੂਮਤ ਅਣਜਾਣ ਹੈ। ਇਉਂ ਸੋਚਣਾ ਆਪਣੀ ਅਕਲ ਦੀ ਵਰਤੋਂ ਨਾ ਕਰਨਾ ਹੋਵੇਗਾ। ਕੇਂਦਰ'ਚ ਬੈਠੀ ਭਾਜਪਾਈ ਹਿੰਦੂਤਵੀ ਹਕੂਮਤ ਸਭ ਕੁੱਝ ਜਾਣਦੀ ਹੈ। ਉਸਨੂੰ ਪਤਾ ਹੈ ਕਿ ਦੇਸ਼ ਬਾਰੂਦ ਦੇ ਢੇਰ'ਤੇ ਬੈਠਾ ਹੈ ਅਤੇ ਅਜਿਹੇ ਹੀ ਸਮੇਂ ਹੁੰਦੇ ਹਨ ਜਦੋਂ ਲੋਕ ਅੱਕ ਕੇ ਹਕੂਮਤ ਦੇ ਗਲ ਪੈਂਦੇ ਹਨ ਜਿਵੇਂ ਆਹ ਹੁਣੇ ਹੁਣੇ ਕਿਸਾਨਾਂ ਦਾ ਸਾਲ ਭਰ ਘੋਲ ਚੱਲਕੇ ਅਜੇ ਹਟਿਆ ਹੀ ਹੈ। ਇਹ ਅਜਿਹੇ ਹਾਲਤਾਂ ਦੀ ਹੀ ਦੇਣ ਸੀ। ਕਿਸਾਨ ਘੋਲ ਕੋਈ ਕਿਸੇ ਕਿਸਾਨ ਦੇ ਦਿਮਾਗ 'ਚੋਂ ਉਪਜੀ ਵਿਉਂਤ ਨਹੀਂ ਸੀ। ਹਰ ਵਰਤਾਰਾ ਆਰਥਕ-ਸਮਾਜਕ ਢਾਂਚੇ 'ਚੋਂ ਹੀ ਪੈਦਾ ਹੁੰਦਾ ਹੈ ਨਾ ਕਿ ਮਨੁੱਖੀ ਦਿਮਾਗਾਂ 'ਚੋ। ਇਸੇ ਲਈ ਇਹ ਕਿਹਾ ਜਾਂਦਾ ਹੈ ਕਿ ਮਨੁੱਖ ਦਾ ਸਮਾਜੀਕਰਣ ਨਹੀਂ ਬਲਕਿ ਸਮਾਜ ਦਾ ਮਨੁੱਖੀਕਰਣ ਕੀਤਾ ਜਾਣਾ ਚਾਹੀਦਾ ਹੈ।

ਉਪਰੋਕਤ ਬਿਆਨੀਆਂ ਗਈਆਂ ਵਿਸਫੋਟਕ ਬਣੀਆਂ ਹਾਲਤਾਂ 'ਚ ਹਕੂਮਤੀ ਗੱਦੀਆਂ 'ਤੇ ਬੈਠੇ ਕਾਰਪੋਰੇਟ ਘਰਾਣਿਆਂ ਦੇ ਨੁਮਾਇੰਦੇ ਆਪਣੇ ਆਕਿਆਂ ਕਾਰਪੋਰੇਟ ਲਾਣਿਆਂ ਨੂੰ ਹਰ ਤਰ੍ਹਾਂ ਦਾ ਫਾਇਦਾ ਪਹੁੰਚਾਉਣ ਲਈ ਤਰ੍ਹਾਂ ਤਰ੍ਹਾਂ ਦੀਆਂ ਚਾਲਾਂ ਚੱਲਦੇ ਹਨ। ਕਦੇ ਇਹ ਲੋਕਾਂ ਦੇ ਬੋਲਣ ਤੇ ਹਰ ਕਿਸਮ ਦੇ ਵਿਰੋਧ ਨੂੰ ਕੁਚਲਣ ਵਾਲੇ ਕਾਨੂੰਨ ਬਣਾਉਂਦੇ ਹਨ ਅਤੇ ਕਦੇ ਲੋਕਾਂ 'ਚ ਫਿਰਕੂ ਪਾਟਕ ਪਾਕੇ ਭਰਾ-ਮਾਰ ਲੜਾਈ 'ਚ ਉਲਝਾਉਣ ਦੀਆਂ ਕੋਸ਼ਿਸ਼ਾਂ ਕਰਦੇ ਹਨ। ਬਸ, ਇਹ ਧਰਮ-ਸੰਸਦ, ਜਿਸਦਾ ਜ਼ਿਕਰ ਆਪਾਂ ਸ਼ੁਰੂ 'ਚ ਕੀਤਾ

ਹੈ, ਅਜਿਹੀ ਹੀ ਇੱਕ ਚਾਲ ਹੈ ਕਿ ਸਾਡੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਨਾਮ ਥੱਲੇ ਸੰਨ 1947 ਵਾਲੀ ਵੱਢਾ-ਟੁੱਕੀ ਕਰਵਾਈ ਜਾ ਸਕੇ ਅਤੇ ਆਪਣੇ ਕਾਰਪੋਰੇਟਾਂ ਦੇ ਆਕਿਆਂ ਦੇ ਮੁਨਾਫਿਆਂ 'ਤੇ ਆਂਚ ਨਾ ਆਉਣ ਦਿੱਤੀ ਜਾਵੇ। ਇੱਥੇ ਦੋ ਗੱਲਾਂ ਸਾਨੂੰ ਧਿਆਨ 'ਚ ਰੱਖਣੀਆਂ ਚਾਹੀਦੀਆਂ ਹਨ।

ਪਹਿਲੀ ਗੱਲ ਤਾਂ ਇਹ ਕਿ ਅਤੀਤ 'ਚ ਰਹਿਣਾ ਗਲਤ ਹੁੰਦਾ ਹੈ ਪਰ ਅਤੀਤ ਤੋਂ ਸਿੱਖਣਾ ਸਿਆਣਪ ਹੁੰਦੀ ਹੈ। ਇਸ ਲਈ ਸਾਨੂੰ ਦੁਨੀਆਂ ਦੇ ਅਤੀਤ ਤੋਂ ਸਿੱਖਣਾ ਚਾਹੀਦਾ ਹੈ। ਅਤੀਤ ਦਰਸਾਉਂਦਾ ਹੈ ਕਿ ਜਦੋਂ ਜਰਮਨੀ 'ਚ ਵੀ ਅਜਿਹੀਆਂ ਭੈੜੀਆਂ ਹਾਲਤਾਂ ਬਣੀਆਂ ਸਨ ਤਾਂ ਉਸਨੇ ਉੱਥੋਂ ਦੀਆਂ ਮਾੜੀਆਂ ਹਾਲਤਾਂ ਦਾ ਠੀਕਰਾ ਯਹੂਦੀਆਂ ਸਿਰ ਭੰਨਿਆ ਸੀ। ਫਿਰ ਯਹੂਦੀਆਂ ਦਾ ਕਤਲੇਆਮ ਕੀਤਾ ਸੀ ਅਤੇ ਦੂਸਰੀ ਸੰਸਾਰ ਜੰਗ ਲਾਈ ਸੀ। ਜੇਕਰ ਜਰਮਨੀ ਦਾ ਫਾਸ਼ੀ ਨੇਤਾ ਹਿਟਲਰ ਜਰਮਨੀ ਦੀਆਂ ਸਾਰੀਆਂ ਬੁਰਾਈਆਂ ਦਾ ਠੀਕਰਾ ਯਹੂਦੀਆਂ ਸਿਰ ਭੰਨਦਾ ਸੀ ਤਾਂ ਸਾਡੇ ਦੇਸ਼ ਦੇ ਇਹ ਹਿੰਦੂਤਵਵੀਏ ਸਾਡੇ ਦੇਸ਼ ਦੀਆਂ ਮਾੜੀਆਂ ਹਾਲਤਾਂ, ਹਰ ਕਿਸਮ ਦੀਆਂ ਬੁਰਿਆਈਆਂ ਆਦਿ ਦਾ ਠੀਕਰਾ ਸਿੱਧੇ ਤੌਰ 'ਤੇ ਤਾਂ ਮੁਸਲਿਮ ਭਾਈਚਾਰੇ ਸਿਰ ਭੰਨਦੇ ਹਨ ਭਾਵੇਂ ਢਿੱਡੋ-ਢਿੱਡੀ ਇਹ ਬਖਸ਼ਦੇ ਦੂਸਰੀਆਂ ਘੱਟ-ਗਿਣਤੀਆਂ ਨੂੰ ਵੀ ਨਹੀਂ। ਐਲਾਨੀਆ ਤੌਰ 'ਤੇ ਇਹ ਮੁਸਲਿਮ ਭਾਈਚਾਰੇ ਦਾ ਸਫਾਇਆ ਕਰਕੇ ਦੇਸ਼ ਨੂੰ ਪਵਿੱਤਰ ਹਿੰਦੂ ਰਾਸ਼ਟਰ ਬਣਾਉਣ ਦੀ ਗੱਲ ਕਰਦੇ ਹਨ ਪਰ ਬਖਸ਼ਣਾ ਇਨ੍ਹਾਂ ਨੇ ਦੂਸਰੀਆਂ ਘੱਟ-ਗਿਣਤੀਆਂ ਨੂੰ ਵੀ ਨਹੀਂ। ਜੇਕਰ ਅਸੀਂ ਮਿੰਟ ਦੀ ਮਿੰਟ ਦੂਸਰੀਆਂ ਘੱਟ-ਗਿਣਤੀਆਂ ਦੀ ਗੱਲ ਛੱਡ ਵੀ ਦੇਈਏ ਤਾਂ ਵੀ ਮੁਸਲਿਮ ਭਾਈਚਾਰੇ ਦੀ ਨਸਲਕੁਸ਼ੀ ਕਰਦਿਆਂ ਸਾਡੇ ਦੇਸ਼ ਨੂੰ ਪਵਿੱਤਰ ਕਰਨ ਦੀ ਗੱਲ ਨਾਲ ਕਿਵੇਂ ਸਹਿਮਤ ਹੋ ਸਕਦੇ ਹਾਂ? ਜੇਕਰ ਕੁਦਰਤੀ ਨਿਆਂ ਦੇ ਦ੍ਰਿਸ਼ਟੀਕੋਣ ਤੋਂ ਹੀ ਦੇਖਿਆ ਜਾਵੇ ਤਾਂ ਇਨ੍ਹਾਂ ਦਾ ਇਹ ਦਾਅਵਾ ਵੀ ਨਿਆਂਸੰਗਤ ਨਹੀਂ ਰਹਿੰਦਾ। ਕਿਉਂ? ਕਿਉਂਕਿ ਕੋਈ ਵੀ ਮਨੁੱਖ ਜਨਮ ਤੋਂ ਮੁਜਰਮ ਨਹੀਂ ਹੁੰਦਾ। ਇਹ ਤਾਂ ਉਸਨੂੰ ਸਮੇਂ ਦਾ ਸਮਾਜਕ-ਆਰਥਕ ਢਾਂਚਾ ਅਜਿਹਾ ਬਣਾਉਂਦਾ ਹੈ। ਕਿਸੇ ਵੀ ਮਨੁੱਖ ਨੂੰ ਜਨਮ ਤੋਂ, ਭਾਵੇਂ ਉਹ ਕਿਸੇ ਵੀ ਧਰਮ, ਨਸਲ, ਜਾਤ ਆਦਿ ਵਿੱਚ ਪੈਦਾ ਹੋਇਆ ਹੋਵੇ, ਮੁਜਰਮ ਕਰਾਰ ਦੇਣਾ ਕੁਦਰਤੀ ਨਿਆਂ ਦੇ ਹੀ ਉਲਟ ਹੈ।

ਸੋ ਅੱਜ ਹਰ ਜਮਹੂਰੀ, ਇਨਕਲਾਬੀ, ਨਿਆਂਪਸੰਦ, ਮਨੁੱਖਤਾਵਾਦੀ, ਘੱਟ-ਗਿਣਤੀਆਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਅਜਿਹੇ ਫਿਰਕੂ ਨਾਹਰਿਆਂ ਅਤੇ ਫਿਰਕੂ ਕੁਚਾਲਾਂ ਦਾ ਡਟਕੇ ਵਿਰੋਧ ਕਰੇ।

**ਹਵਾਲੇ:**


1. ਮੈਗਜ਼ੀਨ 'ਯਥਾਰਥ' ਹਿੰਦੀ, ਅੰਕ 9, ਜਨਵਰੀ, 2022
2. 'ਡਾਊਨ ਟੂ ਅਰਥ' ਮੈਗਜ਼ੀਨ, 16 ਤੋਂ 31 ਦਸੰਬਰ, 2021, ਅੰਗਰੇਜ਼ੀ
3. 'ਰੈਡ ਸਟਾਰ' ਹਿੰਦੀ, ਨਵੰਬਰ 2021, ਸਫਾ 26
4. 'ਰੈਡ ਸਟਾਰ' ਹਿੰਦੀ, ਨਵੰਬਰ 2021, ਸਫਾ 25


**98769-53561**

## ਦਿਨ...... ਜੋ ਇਤਿਹਾਸ ਬਣੇ

26 ਮਾਰਚ : ਡਾ. ਜੋਨਜ਼ ਸਾਕ ਨੇ ਪੋਲੀਓ ਬੂੰਦਾਂ ਦੀ ਖੋਜ ਕੀਤੀ (1953)

27 ਮਾਰਚ : ਵਿਸ਼ਵ ਰੰਗਮੰਚ ਦਿਵਸ

28 ਮਾਰਚ : ਜਨਮ ਦਿਨ ਰੂਸੀ ਲੇਖਕ ਮੈਕਸਿਮ ਗੋਰਕੀ (1868)

29 ਮਾਰਚ : ਮੰਗਲ ਪਾਂਡੇ ਵੱਲੋਂ ਅੰਗਰੇਜ਼ ਅਫ਼ਸਰ ਨੂੰ ਗੋਲੀ ਮਾਰਨ ਨਾਲ 1857 ਦੇ ਗ਼ਦਰ ਦੀ ਸ਼ੁਰੂਆਤ

7 ਅਪਰੈਲ : ਵਿਸ਼ਵ ਸਿਹਤ ਦਿਵਸ

8 ਅਪਰੈਲ : ਮੰਗਲ ਪਾਂਡੇ ਨੂੰ ਫਾਂਸੀ (1857)

8 ਅਪਰੈਲ : ਭਗਤ ਸਿੰਘ ਅਤੇ ਬੀ.ਕੇ. ਦੱਤ ਵੱਲੋਂ 'ਪਬਲਿਕ ਸੇਫਟੀ ਬਿਲ' ਅਤੇ 'ਇੰਡਸਟਰੀਅਲ ਡਿਸਪਊਟ ਬਿਲ' ਦੇ ਵਿਰੋਧ ਵਿੱਚ ਅਸੈਂਬਲੀ ਵਿੱਚ ਬੰਬ ਸੁੱਟਿਆ ਗਿਆ (1929)

10 ਅਪ੍ਰੈਲ : ਡਾ. ਅਬਰਾਹਮ ਟੀ. ਕਾਵੂਰ (ਤਰਕਸ਼ੀਲ ਲਹਿਰ ਦੇ ਮੋਢੀ) ਦਾ ਜਨਮ (1898)

13 ਅਪ੍ਰੈਲ : ਜਲ੍ਹਿਆਂ ਵਾਲਾ ਬਾਗ ਗੋਲੀ ਕਾਂਡ (1919)

14 ਅਪ੍ਰੈਲ : ਜਨਮ (ਡਾ. ਬੀ. ਆਰ. ਅੰਬੇਦਕਰ (1891)

19 ਅਪ੍ਰੈਲ : ਭਾਰਤ ਦਾ ਪਹਿਲਾ ਪੁਲਾੜੀ ਉਪਗ੍ਰਹਿ 'ਆਰੀਆ ਭੱਟ' ਪੁਲਾੜ 'ਚ ਛੱਡਿਆ ਗਿਆ (1975)

20 ਅਪ੍ਰੈਲ : ਜਨਮ ਇਨਕਲਾਬੀ ਕਵੀ ਸੰਤ ਰਾਮ ਉਦਾਸੀ

22 ਅਪ੍ਰੈਲ : ਵਿਸ਼ਵ ਧਰਤ ਦਿਵਸ

22 ਅਪ੍ਰੈਲ : ਰੂਸੀ ਇਨਕਲਾਬ ਦੇ ਆਗੂ ਵੀ ਆਈ ਲੈਨਿਨ ਦਾ ਜਨਮ (1870)

23 ਅਪ੍ਰੈਲ : ਵਿਸ਼ਵ ਪੁਸਤਕ ਦਿਵਸ

ਖ਼ੁਦ ਨੂੰ ਅਤੇ ਦੂਸਰਿਆਂ ਨੂੰ ਸਮਝਣ ਵਾਸਤੇ ਕਿਤਾਬਾਂ ਦੀ ਜ਼ਰੂਰਤ ਹੈ।

**ਰਸੂਲ ਹਮਜ਼ਾਤੋਵ**

# 'ਤਕਦੀਰ' ਦਾ ਤਮਾਸ਼ਾ



**ਰਣਬੀਰ ਰਾਣਾ**

*ਰਣਬੀਰ ਰਾਣਾ ਜਿੱਥੇ ਫਿਲਮ ਅਤੇ ਥੀਏਟਰ ਦਾ ਬਹੁਤ ਵਧੀਆ ਕਲਾਕਾਰ ਹੈ, ਉੱਥੇ ਚੰਗੀ ਸੋਚ ਵਾਲਾ, ਸਮਾਜ ਪ੍ਰਤੀ ਫ਼ਿਕਰਮੰਦੀ ਰੱਖਣ ਵਾਲਾ ਇੱਕ ਵਧੀਆ ਇਨਸਾਨ ਵੀ ਹੈ। ਜਿਸ ਕਿਸੇ ਨੇ ਉਸਦਾ ਪਾਸ਼ ਦੇ ਜੀਵਨ ਅਤੇ ਕਵਿਤਾ ਉੱਤੇ ਆਧਾਰਿਤ ਇੱਕ-ਪਾਤਰੀ ਨਾਟਕ 'ਖੇਤਾਂ ਦਾ ਪੁੱਤ' ਦੇਖਿਆ ਹੈ, ਉਹ ਉਸ ਦੀ ਕਲਾ ਅਤੇ ਸੋਚ-ਸਮਝ ਦੇ ਉੱਚੇ ਮਿਆਰਾਂ ਦੀ ਜਰੂਰ ਤਸਦੀਕ ਕਰੇਗਾ। ਸਮਾਜ ਪ੍ਰਤੀ ਉਸ ਦੇ ਲਗਾਅ ਕਾਰਣ ਹੀ ਕੁਝ ਵਰ੍ਹੇ ਪਹਿਲਾਂ ਉਸ ਨੇ ਪੰਜਾਬੀ ਵਿਦਵਾਨ ਡਾ. ਸੁਰਜੀਤ ਨਾਲ ਮਿਲ ਕੇ ਨੌਜਵਾਨਾਂ ਨੂੰ ਚੰਗੇ ਪਾਸੇ ਪ੍ਰੇਰਣ ਲਈ 'ਜ਼ਿੰਦਗੀ ਜ਼ਿੰਦਾਬਾਦ' ਮੁਹਿੰਮ ਸ਼ੁਰੂ ਕੀਤੀ ਸੀ। ਲੇਖਕ ਵਜੋਂ ਉਸ ਨੇ ਫਿਲਮ-ਲੇਖਨ ਵਿੱਚ ਹਿੱਸਾ ਪਾਉਣ ਤੋਂ ਇਲਾਵਾ ਇੱਕ ਨਾਵਲ '20 ਨਵੰਬਰ' ਅਤੇ ਦੋ ਕਾਵਿ-ਸੰਗ੍ਰਿਹਾਂ ਦੀ ਰਚਨਾ ਕੀਤੀ ਹੈ। ਹੁਣ ਉਸ ਨੇ ਆਪਣੀ ਡਾਇਰੀ ਵਿੱਚ ਲਿਖੇ ਵਿਚਾਰਾਂ ਉੱਤੇ ਆਧਾਰਿਤ ਪੁਸਤਕ 'ਕਲਾਕਾਰੀਆਂ' ਛਪਵਾਈ ਹੈ। ਹੇਠ ਪੇਸ਼ ਕੀਤੀ ਗਈ ਲਿਖਤ ਵਿੱਚ ਇਸ ਪੁਸਤਕ ਦੇ ਚੈਪਟਰ 'ਤਕਦੀਰ ਦਾ ਤਮਾਸ਼ਾ' ਵਿੱਚੋਂ ਕੁੱਝ ਹਿੱਸੇ ਪਾਠਕਾਂ ਨਾਲ ਸਾਂਝੇ ਕੀਤੇ ਜਾ ਰਹੇ ਹਨ ਜਿਸ ਵਿੱਚ ਕਿਸਮਤ ਜਾਂ ਤਕਦੀਰ ਦਾ ਰਾਣੇ ਨੇ ਆਪਣੇ ਵੱਖਰੇ ਅੰਦਾਜ਼ ਵਿੱਚ ਵਿਸ਼ਲੇਸ਼ਣ ਕੀਤਾ ਹੈ।*

*-ਰਾਜਪਾਲ ਸਿੰਘ*

"ਜਨਾਬ! ਤਕਦੀਰ ਕੀ ਹੈ? ਇਸ ਲਈ ਆਮ ਖਾਸ ਲੋਕਾਂ ਦਾ, ਸਭ ਦਾ ਸਿੱਧਾ ਸਪੱਸ਼ਟ ਉੱਤਰ ਹੈ ਕਿ ਰੱਬ ਨਾਂ ਦੀ ਸ਼ਕਤੀ ਦੁਆਰਾ ਮਨੁੱਖ ਨੂੰ ਜਨਮ ਤੋਂ ਲੈ ਕੇ ਮਰਨ ਤੱਕ ਦਿੱਤਾ, ਹਰ ਪਲ, ਹਰ ਘੜੀ ਦਾ ਉਹ ਲਾਈਸੈਂਸ ਜੋ ਮਨੁੱਖ ਦੇ ਦੁੱਖ, ਸੁੱਖ, ਆਰਾਮ, ਤਕਲੀਫ਼, ਅਮੀਰੀ, ਗਰੀਬੀ, ਜਿੱਤ, ਹਾਰ ਜਾਂ ਹੋਰ ਵੀ ਜੋ ਕੁੱਝ ਹੈ, ਜੋ ਖਾਣ ਪੀਣ, ਸੌਣ ਜਾਗਣ ਆਦਿ ਨੂੰ ਨਿਰਧਾਰਿਤ ਕਰਦਾ ਹੈ, ਉਹ ਸਭ ਰੱਬ ਵਰਗੀ ਸ਼ਕਤੀ ਵੱਲੋਂ ਪਹਿਲਾਂ ਹੀ ਲਿਖੀ ਗਈ ਹੁੰਦੀ ਹੈ। ਬੜਾ ਕੁੱਝ ਸਮੇਟੀ ਬੈਠੀ ਹੈ ਇਹ ਕਿਸਮਤ, ਲੱਕ ਜਾਂ ਤਕਦੀਰ ਆਪਣੇ ਆਪ ਵਿੱਚ। ਤਕਦੀਰ ਵਿੱਚ ਸਾਨੂੰ ਲਪੇਟ ਕੇ ਦਿੱਤਾ ਗਿਆ ਹੈ, ਝੂਠ ਅਤੇ ਪਾਖੰਡ ਦਾ ਮਿੱਠਾ ਜ਼ਹਿਰ।"

ਇਹ ਮੇਰੇ ਲਿਖੇ ਨਾਟਕ ਦਾ ਛੋਟਾ ਜਿਹਾ ਹਿੱਸਾ ਹੈ। ਐੱਮ.ਏ. ਪਾਸ ਕਰਕੇ ਨੁੱਕੜ ਨਾਟਕ ਕਰਿਆ ਕਰਦਾ ਸੀ, ਪੈਸੇ ਕਮਾਉਣ ਲਈ, ਜਦ ਇਹ 'ਤਕਦੀਰ ਦਾ ਤਮਾਸ਼ਾ' ਨਾਟਕ ਲਿਖਿਆ ਸੀ।

ਮੈਂ 'ਤਕਦੀਰ' ਸ਼ਬਦ ਦੇ ਅਰਥ ਆਪਣੇ ਮੁਤਾਬਿਕ ਬਨਾਉਂਦਾ ਹਾਂ ਤਾਂ ਕਿ ਇਹ ਤਕਦੀਰ ਸ਼ਬਦ ਮੈਨੂੰ ਬੁੱਤ ਬਣਾ ਕੇ ਸਿਰਫ ਖੜ੍ਹਨ ਜਾਂ ਬੈਠਣ ਹੀ ਨਾ ਲਗਾ ਦੇਵੇ। ਮੈਂ ਤਕਦੀਰ ਨੂੰ ਆਪਣੇ ਦਿਮਾਗ ਦੇ ਕੰਪਿਊਟਰ ਵਿੱਚ ਇਸ ਤਰ੍ਹਾਂ ਫੀਡ ਕੀਤਾ ਹੈ ਕਿ ਇਹ ਸ਼ਬਦ ਮੈਨੂੰ ਜਗਾ ਕੇ, ਸਮਝਾ ਕੇ ਰਖਦਾ ਹੈ।

**ਤਕਦੀਰ**

ਤ - ਤਮੰਨਾ, ਤਾਅਲੁੱਕ, ਤਕੜਾਈ, ਤਜ਼ਰਬਾ
ਕ - ਕਿਤਾਬ, ਕੋਸ਼ਿਸ਼, ਕਰਤੱਵ, ਕਮੀਆਂ
ਦ - ਦਰਪਣ, ਦ੍ਰਿਸ਼ਟੀ, ਦਲੇਰੀ, ਦਲੀਲ
ਰ - ਰਵੱਈਆ, ਰਸਨਾ, ਰਾਬਤਾ, ਰਚਨਾ

ਹੁਣ ਜੇਕਰ ਮੈਂ ਤਮੰਨਾ, ਤਾਅਲੁੱਕ, ਤਕੜਾਈ, ਤਜ਼ਰਬਾ ਦੇ ਅਰਥ ਕਰ ਕੇ ਅਤੇ ਇਨ੍ਹਾਂ ਨੂੰ ਵਿਸਥਾਰ ਦੇ ਕੇ ਸਮਝਾਉਣ ਲੱਗ ਪਿਆ ਤਾਂ ਆਪਣੇ ਪਾਠਕਾਂ ਨੂੰ ਕਮ ਬੁੱਧੀ ਵਾਲਾ ਸਮਝਣ ਦੀ ਗਲਤੀ ਕਰਾਂਗਾ। ਜੇ ਮੈਂ 'ਤਕਦੀਰ' ਸ਼ਬਦ ਨੂੰ ਇਉਂ ਵੇਖ ਸਕਦਾ ਹਾਂ ਤਾਂ ਤੁਸੀਂ ਆਪਣੇ ਹਿਸਾਬ ਨਾਲ ਇਸਦੇ ਅਰਥ ਕਿਉਂ ਨਹੀਂ ਕੱਢ ਸਕਦੇ?

ਸੋਹਣਾ ਜਿਉਣ ਲਈ ਅਤੇ ਤਰੱਕੀ ਵਾਸਤੇ ਕੋਸ਼ਿਸ਼ਾਂ ਕਰਦੇ ਰਹਿਣਾ ਚਾਹੀਦਾ ਹੈ। ਚਾਹੇ ਹਾਰ ਮਿਲੇ, ਚਾਹੇ ਜਿੱਤ ਮਿਲੇ ਪਰ ਕੋਸ਼ਿਸ਼ਾਂ ਨਾ ਛੱਡੋ। ਇਹ ਕੋਸ਼ਿਸ਼ਾਂ ਹੀ ਕਰਤੱਵ ਕਰਨ ਲਾਉਂਦੀਆਂ ਹਨ ਅਤੇ ਕਰਤੱਵ ਕਰਨ ਵਾਲੇ ਗੀਂ ਗੀਂ ਕਰਨਾ ਛੱਡ ਦਿੰਦੇ ਹਨ।

ਆਪਣੀਆਂ ਕਮੀਆਂ ਬਾਰੇ ਗਿਆਨ ਰੱਖਣ ਵਾਲੇ ਅਤੇ ਕਮੀਆਂ ਨੂੰ ਸੁਧਾਰ ਲੈਣ ਵਾਲੇ ਹੱਥ ਦੀਆਂ ਲਕੀਰਾਂ ਵੱਲ ਝਾਕਣਾ ਬੰਦ ਕਰਕੇ ਆਪਣੇ ਕਾਰਜਾਂ ਵੱਲ ਧਿਆਨ ਧਰਦੇ ਹਨ।

ਕਿਸਮਤ ਦੇ ਉਪਾਅ ਕਰਨ ਤੋਂ ਪਹਿਲਾਂ ਤੁਸੀਂ ਸੱਚ ਅਤੇ ਝੂਠ ਦਾ ਦਰਪਣ ਵੇਖਣਾ, ਵਿਗਿਆਨਕ ਦ੍ਰਿਸ਼ਟੀ ਅਪਨਾਉਣਾ, ਦਲੇਰੀ ਨਾਲ ਅੰਧਵਿਸ਼ਵਾਸ ਅਤੇ ਵਹਿਮ ਭਰਮ ਨੂੰ ਛੱਡਣਾ, ਸਹੀ ਅਤੇ ਤਰਕ ਵਾਲੀ ਦਲੀਲ ਵੱਲ ਧਿਆਨ ਦੇਣਾ। ਤੁਹਾਡਾ ਰਵੱਈਆ, ਰਸਨਾ (ਵਿਚਾਰ ਸੁਣਨਾ), ਰਾਬਤਾ, ਰਚਨਾ ਕਿੰਨੀ ਸਹੀ ਹੈ ਕਿੰਨੀ ਗਲਤ, ਇਹਦੇ ਬਾਰੇ

ਸਮਝ ਕੇ ਲਿਖਣਾ, ਫਿਰ ਆਪਣੇ ਲਿਖੇ ਨੂੰ ਪੜ੍ਹਨਾ ਅਤੇ ਬਿਨ੍ਹਾਂ ਰੂੜ੍ਹੀਵਾਦੀ ਸੋਚ ਦੇ ਨਤੀਜਾ ਲੱਭਣਾ। ਸਹੀ ਫੈਸਲਾ ਕਰਨਾ। 'ਕਿਸਮਤ' ਦਾ ਪਤਾ ਲੱਗ ਜਾਵੇਗਾ।

ਪਿਆਰੇ ਨੇ ਇੱਕ ਵਾਰ ਮੈਨੂੰ ਉਦਾਸ ਬੈਠੇ ਨੂੰ ਫੜ੍ਹ ਲਿਆ। ਉਹ ਮੇਰੇ ਕੋਲ ਆ ਕੇ ਬੈਠ ਗਿਆ ਤੇ ਮੈਨੂੰ ਉਦਾਸੀ ਦਾ ਕਾਰਣ ਪੁੱਛਿਆ। ਮੈਂ ਆਪਣੀ ਕਿਸੇ ਅਸਫਲਤਾ ਕਰ ਕੇ ਉਦਾਸ ਸੀ ਅਤੇ ਮੈਂ ਸਾਰਾ ਦੋਸ਼ 'ਕਿਸਮਤ' ਉੱਤੇ ਸੁੱਟਦੇ ਹੋਏ ਕਿਹਾ ਕਿ ਮੇਰੀ ਤਾਂ 'ਕਿਸਮਤ' ਹੀ ਖਰਾਬ ਹੈ। ਪਿਆਰਾ ਕਹਿੰਦਾ ਉਦਾਸ ਕਿਉਂ ਹੁੰਨੈ ? ਕਿਸਮਤ ਤੇਰੀ ਖਰਾਬ ਐ ! ਕੋਸ਼ਿਸ਼ ਕਿਵੇਂ ਐ ? ਮੈਂ ਕਿਹਾ ਕੋਸ਼ਿਸ਼ ਵਿੱਚ ਕੋਈ ਖਰਾਬੀ ਨਹੀਂ। ਪਿਆਰਾ ਕਹਿੰਦਾ ਜਿਹੜੀ ਚੀਜ਼ ਖਰਾਬ ਐ, ਉਹਨੂੰ ਰੱਖਣਾ ਕਿਉਂ ਐ ? ਤੇ ਜੀਹਦੇ 'ਚ ਕੋਈ ਖਰਾਬੀ ਨਹੀਂ ਉਹਦੇ ਨਾਲ ਅੱਗੇ ਵਧ।

ਮੈਂ ਖ਼ੁਦ ਉੱਤੇ ਯਕੀਨ ਗਵਾ ਲਿਆ ਸੀ। ਆਪਣੇ ਸਫ਼ਲ ਨਾ ਹੋਣ ਕਰ ਕੇ ਅਤੇ ਆਸੇ ਪਾਸੇ ਦੇ ਕੁਝ ਲੋਕਾਂ ਕਰ ਕੇ ਮੈਂ ਆਪਣਾ ਯਕੀਨ ਕਿਤੇ ਰਾਹਾਂ ਵਿੱਚ ਸੁੱਟ ਆਇਆ ਸੀ। ਮੈਂ ਆਪਣੀਆਂ ਕੋਸ਼ਿਸ਼ਾਂ ਨੂੰ 'ਕਿਸਮਤ' ਦੇ ਖਾਨੇ ਵਿੱਚ ਰੱਖ ਆਇਆ ਸੀ। ਪਰ ਪਿਆਰੇ ਦੇ ਬੋਲਾਂ ਸਦਕਾ ਫਿਰ ਚੁੱਕ ਲਿਆਇਆ।

ਕਿਉਂ ਕਿਸਮਤ ਜਾਂ ਤਕਦੀਰ ਦੇ ਸਹਾਰੇ'ਤੇ ਚਲਦਾ ਬੰਦਾ ? ਕੀ ਵਕਤ, ਦਿਨ ਅਤੇ ਤਾਰੀਖ਼ 'ਕਿਸਮਤ' ਦਸਦੀ ਹੈ ? ਰਾਹ 'ਕਿਸਮਤ' ਦਸਦੀ ਹੈ ? ਖ਼ੁਸ਼ੀ, ਗਮੀ, ਮੌਤ, ਜਨਮ ...ਪਤਾ ਨਹੀਂ ਕੀ ਕੀ ਪਾ ਰੱਖਿਆ ਹੈ ਅਸੀਂ 'ਕਿਸਮਤ' ਦੇ ਰਾਹ ਉੱਤੇ।

ਬੰਦਾ ਆਪ ਚਾਰਜ ਹੋਵੇ ਚਾਹੇ ਨਾ ਪਰ ਕਿਸਮਤ ਨੂੰ ਚਾਰਜ ਕਰਨ ਲਈ ਪੂਜਾ, ਪਾਠ, ਉਪਾਅ ਅਤੇ ਹੋਰ ਬੜਾ ਕੁਝ ਕਰਦਾ ਰਹਿੰਦਾ ਹੈ। ਆਪਣੀ ਸੋਚ-ਵਿਚਾਰ, ਕਰਮ-ਕਿਰਤ, ਸਿਹਤ-ਸੰਚਾਰ, ਸਾਹਿਤ-ਸੰਸਾਰ, ਕ੍ਰਿਆ-ਪ੍ਰਤੀਕਿਰਿਆ ਦੀ ਪਰਵਾਹ ਨਹੀਂ ਕਰਦੇ ਅਸੀਂ ਪਰ ਕਿਸਮਤ ਦਾ ਜਾਪ ਜ਼ਰੂਰ ਕਰਦੇ ਰਹਿੰਦੇ ਹਾਂ। ਮੈਂ ਵੀ ਕਿਸਮਤ ਨਾਲ ਬਣਾ ਕੇ ਰੱਖਣ ਦੇ ਚੱਕਰ ਵਿੱਚ, ਆਸੇ ਪਾਸੇ ਨਾਲ ਸਬੰਧ ਵਿਗਾੜਿਆ ਹੋਇਆ ਸੀ।

'ਕਿਸਮਤ' ਨੇ ਜਿੰਨਾ ਸਾਨੂੰ ਵਹਿਮ-ਪਾਖੰਡ ਦੀ ਦੁਨੀਆਂ ਨਾਲ ਜੋੜਿਆ, ਓਨਾ ਹੀ ਆਪਣੇ ਆਪ ਤੋਂ, ਆਪਣਿਆਂ ਤੋਂ ਅਤੇ ਅਕਲਾਂ ਦੇ ਰਾਹਾਂ ਨਾਲੋਂ ਤੋੜਿਆ ਹੈ।

'ਹਾਰ' ਨੂੰ ਉਲਟਾ ਕਰ ਕੇ, 'ਰਾਹ' ਬਣਾ ਕੇ ਜਿਉਣ ਵਾਲੇ ਰਹਿਨੁਮਾ ਬਣ ਜਾਂਦੇ ਹਨ।

ਮੈਂ ਬਹੁਤ ਵਾਰ ਹਾਰਿਆਂ ਹਾਂ। ਹੁਣ ਵੀ ਹਾਰਦਾ ਰਹਿੰਦਾ ਹਾਂ। ਬੀਤੇ ਵਕਤ ਵਿੱਚ ਅਕਸਰ ਹਾਰ ਮੰਨ ਲੈਂਦਾ ਸੀ। ਹਾਰ ਤਾਂ ਹੁਣ ਵੀ ਜਾਂਦਾ ਹਾਂ ਪਰ ਹੁਣ ਹਾਰ ਮੰਨ ਕੇ ਬੈਠਦਾ ਨਹੀਂ ਹਾਂ।

ਮੈਂ ਹੁਣ ਕਦੇ ਆਪਣੀ ਹਾਰ ਦਾ ਕਾਰਣ 'ਕਿਸਮਤ' ਨੂੰ ਨਹੀਂ ਮੰਨਿਆ ਅਤੇ ਨਾ ਹੀ ਜਿੱਤ ਦਾ ਸਿਹਰਾ 'ਕਿਸਮਤ' ਦੇ ਸਿਰ ਬੰਨਿਆ ਹੈ। ਕਿਉਂਕਿ ਮੇਰੇ ਲਈ ਕਿਸਮਤ ਹੋਂਦ ਨਹੀਂ ਰਖਦੀ। ਮੈਂ ਹੁਣ ਆਪਣੀ ਹਾਰ ਵਿਚੋਂ ਰਾਹ ਬਨਾਉਣ ਲੱਗਿਆਂ ਔਖ ਮਹਿਸੂਸ ਨਹੀਂ ਕਰਦਾ ਹਾਂ। ਮੈਂ ਹੁਣ ਬੇਹਿੰਮਤਾ ਹੋ ਕੇ ਕਿਸਮਤ ਦਾ ਪੱਲਾ ਨਹੀਂ ਫੜ੍ਹਦਾ।

'ਕਿਸਮਤ' ਸ਼ਬਦ ਦਾ ਸਹਾਰਾ ਲੈ ਕੇ ਆਪਾਂ ਬੇਚਾਰੇ ਜਿਹੇ ਨਾ ਬਣੀਏ ਅਤੇ ਕਿਸੇ ਹੋਰ ਨੂੰ ਵੀ ਕਿਸਮਤ ਦੇ ਨਾਂ ਥੱਲੇ ਫ਼ਾਲਤੂ 'ਚ ਮਹਾਨ ਨਾ ਬਣਾਈਏ।

ਤੁਸੀਂ ਆਖਦੇ ਹੋ ਉਹ ਕਿਸਮਤ ਵਾਲਾ ਹੈ। ਉਸ ਉੱਤੇ ਤਾਂ 'ਉੱਪਰ ਵਾਲੇ' ਦੀ ਕਿਰਪਾ ਹੈ। ਉਸ ਕੋਲ ਗੈਬੀ ਸ਼ਕਤੀ ਹੈ। ਉਹ ਚੰਗੀ ਕਿਸਮਤ ਵਾਲਾ ਹੈ ਤਾਂ ਹੀ ਮਸ਼ਹੂਰ ਹੈ। ਉਸਦੇ ਲੇਖ-ਕਰਮ ਵਧੀਆ ਹਨ ਤਾਂ ਹੀ ਤਾਂ ਅਮੀਰ ਹੈ। ਉਹ ਤਾਂ ਬਚ ਗਿਆ ਹੈ ਕਿਉਂਕਿ ਉਹ ਬਹੁਤ ਲੱਕੀ ਹੈ। ਪਰ, ਪਰ-ਪਰ ....! ਉਹ ਵੀ ਤੁਹਾਡੇ ਵਾਂਗ ਹੀ ਸਾਹ ਲੈਂਦਾ ਹੈ। ਬਣਿਆ ਉਹ ਵੀ ਤੁਹਾਡੇ ਵਾਂਗ ਹੀ ਹੱਡ, ਮਾਸ, ਖ਼ੂਨ ਪਾਣੀ ਦਾ ਹੀ ਹੈ। ਉਹ ਵੀ ਉਸੇ ਧਰਤੀ ਉੱਪਰ ਹੀ ਰਹਿੰਦਾ ਹੈ। ਤੁਸੀਂ ਵੀ ਕੋਈ ਸਮੁੰਦਰ ਦੀ ਤਹਿ ਵਿੱਚ ਨਹੀਂ ਰਹਿੰਦੇ; ਉਸ ਨੇ ਵੀ ਕੋਈ ਹਵਾ ਵਿੱਚ ਘਰ ਨਹੀਂ ਬਣਾਇਆ ਹੋਇਆ। ਤੁਹਾਡੇ ਕੋਲ ਵੀ ਨੀਂਦ ਆਉਂਦੀ ਹੈ, ਪਿਆਸ ਤੇ ਭੁੱਖ ਤੁਹਾਨੂੰ ਲਗਦੀ ਹੈ ਅਤੇ ਉਸ ਨਾਲ ਵੀ ਇਉਂ ਹੀ ਵਾਪਰਦਾ ਹੈ। ਫ਼ਰਕ ਕੀ ਹੈ ?

ਫ਼ਰਕ ਹੈ ਸੋਚ, ਵਿਚਾਰ, ਹਾਲਾਤ, ਤਰਕ, ਗਿਆਨ, ਨਜ਼ਰੀਏ ਦੇ ਵਿੱਚ। ਸਮਾਜਿਕ ਤਾਣੇ-ਬਾਣੇ ਦਾ ਅਤੇ ਦੇਸ਼ ਦੇ ਲੀਡਰਾਂ ਦੀ ਇਮਾਨਦਾਰੀ ਅਤੇ ਬੇਈਮਾਨੀ ਦਾ ਫ਼ਰਕ ਹੈ। ਤਮੰਨਾ, ਤਾਅਲੁੱਕ, ਤਕੜਾਈ, ਤਜ਼ਰਬਾ, ਕਿਤਾਬਾਂ, ਕੋਸ਼ਿਸ਼, ਕਰਤੱਵ, ਕਮੀਆਂ, ਦਰਪਣ, ਦ੍ਰਿਸ਼ਟੀ, ਦਲੇਰੀ, ਦਲੀਲ, ਰਵੱਈਆ, ਰਸਨਾ, ਰਾਬਤਾ, ਰਚਨਾ ਦਾ ਫ਼ਰਕ ਹੈ। ਗਲਤ ਸਹੀ ਢੰਗ ਤਰੀਕੇ, ਹੁਨਰ, ਮਿਹਨਤ, ਪਿਤਾ-ਪੁਰਖੀ ਅਮੀਰੀ ਗਰੀਬੀ ਆਦਿ ਦਾ ਹੀ ਹੱਥ ਹੁੰਦਾ ਹੈ ਸਭ ਕਾਸੇ ਵਿੱਚ। ਜਿਸਨੂੰ ਅਸੀਂ 'ਕਿਸਮਤ' ਆਖ ਕੇ ਇੱਕ ਪਾਸੇ ਹੋ ਜਾਂਦੇ ਹਾਂ। ਜੇ ਕਿਸਮਤ ਕਰਕੇ ਹੀ ਸਭ ਕੁੱਝ ਵਾਪਰਦਾ ਹੈ, ਫਿਰ ਤਾਂ ਦੁਨੀਆਂ ਭਰ ਦੇ ਲੋਕਾਂ ਨੂੰ ਆਰਾਮ ਨਾਲ ਬੈਠ ਜਾਣਾ ਚਾਹੀਦਾ ਹੈ ਕਿਉਂਕਿ ਹੋਣਾ ਤਾਂ ਉਹ ਹੈ ਜੋ ਕਿਸਮਤ ਵਿੱਚ ਲਿਖਿਆ ਹੈ।

....ਤਕਦੀਰ ਦੀ ਜਗ੍ਹਾ ਮੈਨੂੰ ਹੁਨਰ, ਹੌਂਸਲਾ ਅਤੇ ਲਿਆਕਤ ਚਾਹੀਦੀ ਹੈ।

*ਸਿੱਖਿਆ*

# ਸਿੱਖਿਆ ਪਾਠਕ੍ਰਮਾਂ ਦਾ ਭਗਵਾਂਕਰਨ



**ਐੱਸ. ਵੀ. ਸਿੰਘ**

ਨਵੀਂ ਸਿੱਖਿਆ ਨੀਤੀ 2020 ਲਾਗੂ ਹੋਣੀ ਸ਼ੁਰੂ ਹੋ ਗਈ ਹੈ। ਨਵੀਂ ਸਿੱਖਿਆ ਨੀਤੀ ਦਾ ਉਹੋ ਜਿਹਾ ਵਿਰੋਧ ਨਹੀਂ ਹੋਇਆ ਜੋ ਨਿਜ਼ਾਮ ਦੀ ਚਿੰਤਾ ਦਾ ਕਾਰਣ ਬਣਦਾ। ਸਕੂਲੀ ਪਾਠਕ੍ਰਮਾਂ ਨੂੰ ਆਰ.ਐਸ.ਐਸ. ਦੀ ਮੂਲ ਵਿਚਾਰਧਾਰਾ ਦੇ ਅਨੁਸਾਰ ਬਦਲ ਸੁੱਟਣ ਦੀ ਦਿਸ਼ਾ ਵਿਚ ਸਿੱਖਿਆ ਸੰਸਦੀ ਕਮੇਟੀ ਦਾ ਗਠਨ ਅਤੇ ਉਸ ਰਾਹੀ 'ਲੋਕ ਮਤ' ਜਾਨਣ ਦੀ ਨੌਟੰਕੀ ਕਰਕੇ ਸਿਫ਼ਾਰਿਸ਼ਾਂ ਦੀ ਆਪਣੀ ਰਿਪੋਰਟ ਪੇਸ਼ ਕਰਨਾ ਇੱਕ ਵੱਡੀ ਛਲਾਂਗ ਹੈ। 'ਸਿੱਖਿਆ, ਔਰਤਾਂ, ਬੱਚਿਆਂ ਅਤੇ ਖੇਡ' ਵਿਸ਼ਿਆਂ 'ਤੇ ਬਣੀ ਸੰਸਦੀ ਕਮੇਟੀ ਦੇ ਪ੍ਰਧਾਨ ਆਰ.ਐਸ.ਐਸ. ਦੇ ਪ੍ਰਮੁੱਖ ਸਿੱਖਿਆ ਥਿੰਕ ਟੈਂਕ ਡਾ. ਵਿਨੈ ਸਹਸ੍ਰਬੁੱਧੇ ਹਨ। 21 ਮੈਂਬਰੀ ਇਸ ਕਮੇਟੀ ਵਿੱਚ ਇਕੱਲੇ ਭਾਜਪਾ ਦੇ 12 ਮੈਂਬਰ ਹਨ। ਭਾਵ ਬਹੁਮੱਤ ਵਿੱਚ ਹਨ। ਇਸ ਕਮੇਟੀ ਨੇ ਆਪਣੀ ਰਿਪੋਰਟ 30 ਨਵੰਬਰ 2021 ਨੂੰ ਰਾਜ ਸਭਾ ਮੁਖੀ ਨੂੰ ਸੌਂਪੀ। ਸਿੱਖਿਆ ਦੀ ਇਸ ਮਹੱਤਵਪੂਰਨ ਕਮੇਟੀ ਦੇ ਮੁਖੀ ਬਣਾਏ ਗਏ — ਰਾਜ ਸਭਾ ਮੈਂਬਰ ਡਾ. ਵਿਨੈ ਸਹਸ੍ਰਬੁੱਧੇ ਦੀਆਂ ਯੋਗਤਾਵਾਂ ਹਨ :

— ਸਕੂਲ ਦੇ ਦਿਨਾਂ ਤੋਂ ਹੀ ਆਰ.ਐਸ.ਐਸ. ਨਾਲ ਜੁੜੇ।

— ਅਖਿਲ ਭਾਰਤੀ ਵਿੱਦਿਆ ਪ੍ਰੀਸ਼ਦ (ABVP) ਦੇ ਰਾਸ਼ਟਰੀ ਸਕੱਤਰ ਰਹੇ, ਪ੍ਰਚਾਰਕ ਰਹੇ।

— ਆਰ. ਐਸ. ਐਸ. ਦੀ ਸੰਸਥਾ 'ਰਾਮ ਭਾਊ ਮਹਾਲਗੀ ਪ੍ਰਬੋਧਿਨੀ' ਦੇ ਡਾਇਰੈਕਟਰ ਹਨ।

— ਭਾਜਪਾ ਦੇ ਉੱਪ-ਪ੍ਰਧਾਨ ਰਹਿ ਚੁੱਕੇ ਹਨ। ਐਨਾ ਹੀ ਨਹੀਂ, ਮੋਦੀ ਦੇ ਪਹਿਲੇ ਕਾਰਜ ਕਾਲ ਵਿੱਚ ਜੋ 'ਤੂਫ਼ਾਨੀ' ਤਰੱਕੀ ਹੋਈ, ਉਸ 'ਤੇ ਉਹ ਇੱਕ ਕਿਤਾਬ 'The Innovative Republic' ਵੀ ਲਿਖ ਚੁੱਕੇ ਹਨ। ਹੁਣ ਉਹਨਾਂ ਦੇ ਭਾਰਤੀ ਸਭਿਆਚਾਰਕ ਸੰਬੰਧ ਕੌਂਸਲ (Indian Council for Cultural Relations) (ICCR) ਦੇ ਪ੍ਰਧਾਨ ਅਤੇ ਇਸ ਕਮੇਟੀ ਦੇ ਪ੍ਰਧਾਨ ਹੋਣ 'ਤੇ ਇਸ ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਪਾਠਕਾਂ ਨੂੰ ਹੈਰਾਨੀ ਨਹੀਂ ਹੋਵੇਗੀ।

**ਸਿਫ਼ਾਰਸ਼ਾਂ**

— ਸਕੂਲ ਪਾਠਕ੍ਰਮ ਦੀਆਂ ਕਿਤਾਬਾਂ ਪ੍ਰਾਚੀਨ ਭਾਰਤ ਵਿਚ ਭਰੀ ਪਈ ਬੁੱਧੀ ਅਤੇ ਵੇਦਾਂ ਵਿਚ ਭਰੇ ਗਿਆਨ ਭੰਡਾਰ ਨਾਲ ਭਰੀਆਂ ਹੋਣੀਆਂ ਚਾਹੀਦੀਆਂ ਹਨ।

— ਭਾਰਤ ਦੇ ਆਜ਼ਾਦੀ ਅੰਦੋਲਨ ਦੇ ਇਤਿਹਾਸ ਲੇਖਨ ਵਿਚ ਬਹੁਤ ਗੜਬੜੀ ਹੋਈ ਹੈ, ਇਸ ਨੂੰ ਦੂਰ ਕੀਤਾ ਜਾਣਾ ਚਾਹੀਦਾ।

— ਸਕੂਲਾਂ ਵਿੱਚ ਸਿੱਖਿਆ ਉਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਜਿਵੇਂ ਕਿ ਨਾਲੰਦਾ, ਤਕਸ਼ਿਲਾ ਅਤੇ ਵਿਕਰਮਸ਼ਿਲਾ ਵਿਚ ਦਿੱਤੀ ਜਾਂਦੀ ਸੀ। ਅਧਿਆਪਕਾਂ ਨੂੰ ਉਸੇ ਤਰ੍ਹਾਂ ਪੜ੍ਹਾਉਣ ਦੀ ਟਰੇਨਿੰਗ ਦਿੱਤੀ ਜਾਣੀ ਜ਼ਰੂਰੀ ਹੈ।

— ਆਜ਼ਾਦੀ ਅੰਦੋਲਨ ਦੇ ਕੁਝ ਅੰਦੋਲਨਕਾਰੀਆਂ, ਕ੍ਰਾਂਤੀਕਾਰੀਆਂ ਨੂੰ ਬਿਲਕੁਲ ਗਲਤ ਤਰੀਕੇ ਨਾਲ ਵਿਖਾਇਆ ਗਿਆ ਹੈ, ਜਿਵੇਂ ਉਹ ਅਪਰਾਧੀ ਹੋਣ। ਇਸ ਨੂੰ ਦਰੁੱਸਤ ਕੀਤਾ ਜਾਣਾ ਚਾਹੀਦਾ। (ਨਾਮ ਨਹੀਂ ਲਿਖਿਆ ਪਰ ਲਗਦਾ ਹੈ ਇਸ਼ਾਰਾ ਸਾਵਰਕਰ ਵੱਲ ਹੈ।)

— ਸਾਡਾ ਇਤਿਹਾਸ ਮੁਸਲਿਮ ਹਮਲਾਵਰਾਂ ਦੀ ਮਹਿਮਾ ਨਾਲ ਭਰਿਆ ਪਿਆ ਹੈ। ਇਹ ਬਹੁਤ ਅਨਿਆਪੂਰਨ ਹੈ, ਇਸ ਦੋਸ਼ ਨੂੰ ਠੀਕ ਕਰਦੇ ਹੋਏ ਇਤਿਹਾਸ ਦੁਬਾਰਾ ਲਿਖਿਆ ਜਾਣਾ ਚਾਹੀਦਾ ਹੈ।

— ਅੱਜ ਤੱਕ ਇਤਿਹਾਸ ਨੂੰ 'ਰਾਸ਼ਟਰੀ' ਭਾਵਨਾਵਾਂ ਨਾਲ ਲਿਖਿਆ ਗਿਆ, ਉਸ ਨੂੰ ਰਾਸ਼ਟਰੀ ਨਜ਼ਰੀਏ ਨਾਲ ਲਿਖਿਆ ਜਾਣਾ ਚਾਹੀਦਾ।

— ਪੂਰੀ ਰਿਪੋਰਟ ਵਿਚ ਇਤਿਹਾਸ ਵਿਸ਼ੇ 'ਤੇ ਸਭ ਤੋਂ ਜ਼ਿਆਦਾ ਜ਼ੋਰ ਹੈ। ਸੱਤਰ ਅਤੇ ਅੱਸੀ ਦੇ ਦਹਾਕੇ ਵਿਚ ਲਿਖੇ ਗਏ ਇਤਿਹਾਸ ਨੂੰ ਖਾਸ ਨਿਸ਼ਾਨੇ 'ਤੇ ਲਿਆ ਗਿਆ ਹੈ। ਤਰਕਹੀਣ, ਵਿਵੇਕਹੀਣ ਤਰੀਕੇ ਨਾਲ ਗੋਲ ਮੋਲ ਲਿਖ ਕੇ ਇਤਿਹਾਸ ਨੂੰ ਝੁਠਲਾਉਣ ਦਾ ਯਤਨ ਕੀਤਾ ਗਿਆ ਹੈ।

ਮੋਦੀ ਸਰਕਾਰ ਨੇ ਪਿਛਲੇ ਸਾਲ ਜੂਨ ਵਿਚ ਕੋਰੋਨਾ ਦੌਰਾਨ ਉਹਨਾਂ ਦੀ ਚਿਰਾਂ ਤੋਂ ਜਾਣੂ ਨੀਤੀ 'ਆਫਤ ਵਿਚ ਅਵਸਰ' ਦੇ ਤਹਿਤ ਵਿਦਿਆਰਥੀਆਂ, ਅਧਿਆਪਕਾਂ ਅਤੇ ਸਿੱਖਿਆ ਸ਼ਾਸਤਰੀਆਂ ਤੋਂ ਇਸ ਸੰਬੰਧ ਵਿਚ ਸੁਝਾਅ ਈਮੇਲ 'ਤੇ ਮੰਗਣ ਦੀ ਰਸਮ ਪੂਰੀ ਕੀਤੀ ਸੀ ਜਿਸਦੀ ਆਖ਼ਰੀ ਮਿਤੀ 15 ਜੁਲਾਈ 2021 ਸੀ। ਭਾਵੇਂ ਕਿ ਇਹ ਸਪੱਸ਼ਟ ਹੈ ਕਿ ਇਹ 'ਸੁਝਾਅ' ਆਰ.ਐਸ.ਐਸ. ਦੀ ਵਿਚਾਰਧਾਰਾ ਦੇ ਅਨੁਸਾਰ ਹੀ ਰਹਿਣੇ ਸਨ, ਜਿਵੇਂ ਕਿ ਅਸਲੀਅਤ ਵਿਚ ਰਹੇ। ਕਿੰਨੇ ਸੁਝਾਅ ਆਏ, ਉਸਦੀ ਛਾਣਬੀਣ ਕਿਵੇਂ ਹੋਈ ਅਤੇ ਕਿੰਨਾਂ ਸੁਝਾਵਾਂ

ਨੂੰ ਕਿਸ ਆਧਾਰ 'ਤੇ ਪ੍ਰਵਾਨ ਕੀਤਾ, ਅਤੇ ਕਿਸ ਆਧਾਰ 'ਤੇ ਰੱਦ ਕੀਤਾ, ਇਸ ਦਾ ਕੋਈ ਵੇਰਵਾ ਨਹੀਂ ਜੁਟਾਇਆ ਗਿਆ। ਇਹੀ ਵਜਹ ਹੈ ਕਿ ਸਿਫ਼ਾਰਿਸ਼ਾਂ/ਸੁਝਾਅ ਹੀ ਇਸ ਤਰ੍ਹਾਂ ਦੇ ਆਏ ਜਿਸ ਤਰ੍ਹਾਂ ਦੇ ਸਰਕਾਰ ਚਾਹੁੰਦੀ ਸੀ ਅਤੇ ਉਹਨਾਂ ਨੂੰ ਪ੍ਰਵਾਨ ਕਰ ਲਿਆ ਗਿਆ। **ਸੁਝਾਵਾਂ ਦੀ ਇੱਕ ਵੰਨਗੀ ਪੇਸ਼ ਹੈ:**

ਅਮਰੀਕਾ ਦੀ Alexandria University ਵਿਚ ਵਿਦੇਸ਼ੀ ਭਾਸ਼ਾ ਵਿਭਾਗ ਦੇ ਪ੍ਰੋਫੈਸਰ ਡਾ. ਸੋਨੂੰ ਨਾਂਗਿਆ ਵੱਲੋਂ ਮੋਦੀ ਸਰਕਾਰ ਨੂੰ ਭੇਜੇ ਗਏ ਸੁਝਾਅ ਤੋਂ ਆਰ.ਐਸ.ਐਸ. ਦੀ ਪਹੁੰਚ ਅਤੇ ਉਸਦੇ ਵਿਚਾਰਾਂ ਦਾ ਪਤਾ ਲੱਗਦਾ ਹੈ। ਸਿੱਖਿਆ ਵਿਚ ਅੱਗੇ ਕੀ ਹੋਣ ਜਾ ਰਿਹਾ ਹੈ, ਇਸ ਦਾ ਸਹੀ ਅੰਦਾਜ਼ਾ ਉਸ ਦੇ ਸੁਝਾਵਾਂ ਤੋਂ ਹੋ ਜਾਂਦਾ ਹੈ ਜੋ ਇਸ ਤਰ੍ਹਾਂ ਹੈ:

ਇਤਿਹਾਸ ਦੀਆਂ ਕਿਤਾਬਾਂ ਵਿੱਚ ਆਪਣੀ ਜਾਨ ਕੁਰਬਾਨ ਕਰਨ ਵਾਲੇ ਕਿੰਨੇ ਹੀ ਰਾਸ਼ਟਰ ਭਗਤਾਂ ਨੂੰ ਕੋਈ ਜਗਹ ਨਹੀਂ ਮਿਲੀ ਹੈ ਜਦੋਂ ਕਿ ਕਰੂਰ ਖ਼ੂਨ ਦੇ ਪਿਆਸੇ ਰਾਜਿਆਂ ਜਿਵੇਂ ਟੀਪੂ ਸੁਲਤਾਨ ਦਾ ਗੁਣਗਾਨ ਕੀਤਾ ਗਿਆ ਹੈ। ਟੀਪੂ ਸੁਲਤਾਨ ਨੇ 700 ਅਯੰਗਰ ਪਰਿਵਾਰਾਂ ਨੂੰ ਇਸ ਲਈ ਮਾਰ ਸੁੱਟਿਆ ਸੀ ਕਿਉਂਕਿ ਉਹਨਾਂ ਨੇ ਮੁਸਲਮਾਨ ਬਨਣ ਤੋਂ ਜਵਾਬ ਕਰ ਦਿੱਤਾ ਸੀ। ਉਹਨਾਂ ਦੇ ਪਿੰਡ ਮੰਡਯਮ ਵਿਚ ਅੱਜ ਵੀ ਦਿਵਾਲੀ ਨਹੀਂ ਮਨਾਈ ਜਾਂਦੀ ਜਦ ਕਿ ਉਸੇ ਟੀਪੂ ਸੁਲਤਾਨ ਨੂੰ ਖੱਬੇਪੱਖੀ ਅਤੇ ਮਾਰਕਸਵਾਦੀ ਇਤਿਹਾਸਕਾਰ "ਮੈਸੂਰ ਦਾ ਸ਼ੇਰ" ਲਿਖਦੇ ਹਨ। ਰੋਮਿਲਾ ਥਾਪਰ ਵਰਗੇ ਇਤਿਹਾਸਕਾਰ ਲਿਖਦੇ ਹਨ ਕਿ ਸਮਰਾਟ ਅਸ਼ੋਕ ਨੇ ਕਲਿੰਗਾ ਯੁੱਧ ਵਿੱਚ ਹੋਇਆ ਖ਼ੂਨ ਖਰਾਬਾ ਵੇਖ ਕੇ ਬੁੱਧ ਧਰਮ ਅਪਣਾ ਲਿਆ ਸੀ ਅਤੇ ਹਿੰਸਾ ਛੱਡ ਦਿੱਤੀ ਸੀ ਜਦ ਕਿ ਅਸਲੀਅਤ ਇਹ ਹੈ, ਜਿਵੇਂ ਕਿ ਮਹਾਵੰਸ਼ਾ ਅਤੇ ਦਿੱਵਯਵਦਾਨਾ ਨੇ ਦੱਸਿਆ ਹੈ ਕਿ ਸਮਰਾਟ ਅਸ਼ੋਕ ਆਪਣੇ ਸ਼ਾਸਨ ਦੇ ਚੌਥੇ ਸਾਲ ਵਿਚ ਹੀ ਬੁੱਧ ਧਰਮ ਧਾਰਨ ਕਰ ਚੁੱਕੇ ਸੀ ਅਤੇ ਕਲਿੰਗਾ ਯੁੱਧ ਉਸਦੇ ਸ਼ਾਸਨ ਦੇ ਅੱਠਵੇਂ ਸਾਲ ਵਿਚ ਹੋਇਆ। ਮਤਲਬ ਕਲਿੰਗਾ ਯੁੱਧ ਦਾ ਖ਼ੂਨ ਖਰਾਬਾ ਉਸ ਦੇ ਬੁੱਧ ਧਰਮ ਅਪਨਾਉਣ ਤੋਂ ਚਾਰ ਸਾਲ ਬਾਅਦ ਹੋਇਆ। ਅਸ਼ੋਕ ਨੇ 18000 ਗੈਰ ਬੁੱਧ ਧਰਮੀਆਂ ਦਾ ਕਤਲ ਕੀਤਾ ਅਤੇ ਕਸੂਰਵਾਰ ਹਿੰਦੂਆਂ ਨੂੰ ਠਹਿਰਾਇਆ ਜਾਂਦਾ ਹੈ।

...12ਵੀਂ ਦੀਆਂ ਇਤਿਹਾਸ ਦੀਆਂ ਕਿਤਾਬਾਂ ਵਿਚ ਪੜ੍ਹਾਇਆ ਜਾਂਦਾ ਹੈ ਕਿ ਸਾਰੇ ਮੁਗਲਾਂ ਨੇ ਮੰਦਿਰਾਂ ਨੂੰ ਦਾਨ ਦਿੱਤਾ, ਸ਼ਾਹ ਜਹਾਨ ਅਤੇ ਔਰੰਗਜ਼ੇਬ ਨੇ ਮੰਦਿਰਾਂ ਦੀ ਮੁਰੰਮਤ ਕਰਾਈ ਜਦ ਕਿ NCERT ਦੇ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ, ਜਿਸ 'ਤੇ ਸੋਸ਼ਲ ਮੀਡੀਆ ਵਿਚ ਕਿੰਨਾ ਹੰਗਾਮਾ ਹੋਇਆ। ਭਰਤਪੁਰ ਨਿਵਾਸੀ ਆਰ.ਟੀ.ਆਈ. ਕਾਰਕੁੰਨ ਤਪਿੰਦਰ ਸਿੰਘ ਨੇ NCERT ਨੂੰ ਇਸ ਸੰਬੰਧ ਵਿਚ ਕਾਨੂੰਨੀ ਨੋਟਿਸ ਭੇਜਿਆ ਹੋਇਆ ਹੈ... ਭਾਰਤ ਦੀ ਅਸਲੀ ਸਮੱਸਿਆ ਇਹ ਹੈ ਕਿ ਹਿੰਦੂਆਂ ਅਤੇ ਸਿੱਖਾਂ ਦੀ ਜੋ ਬਲ ਨਾਲ ਧਰਮ-ਤਬਦੀਲੀ ਹੋ ਰਹੀ ਹੈ, ਉਸ ਨੂੰ ਇਤਿਹਾਸ ਵਿਚ ਕਦੇ ਨਹੀਂ ਲਿਖਿਆ ਜਾਂਦਾ। ਇਹ ਅੱਜ ਵੀ ਹੋ ਰਿਹਾ ਹੈ ਜਦ ਕਿ ਹਿੰਦੂ ਕੁੱਲ ਜਨਸੰਖਿਆ ਦੇ 75% ਤੋਂ ਵੱਧ ਹਨ, ਅੱਜ ਵੀ ਹਿੰਦੂ ਬਲਾਤਕਾਰ, ਹਿੰਸਾ ਅਤੇ ਧਰਮ ਤਬਦੀਲੀ ਦਾ ਸ਼ਿਕਾਰ ਹੋ ਰਹੇ ਹਨ। ਵੱਖ-ਵੱਖ ਨਸਲਾਂ ਵਿਚ ਏਕਤਾ ਦੇ ਮਿੱਥ ਵਿਚਾਰ ਪੜ੍ਹਾਏ ਜਾਂਦੇ ਹਨ... ਸਾਡੀ ਮਹਾਨ ਸੰਸਕ੍ਰਿਤੀ ਨਹੀਂ ਪੜ੍ਹਾਈ ਜਾ ਰਹੀ ਜਦ ਕਿ ਵਿਦੇਸ਼ੀ ਵਿਚਾਰਾਂ, ਸੰਸਕਾਰਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਜੋ ਪੜ੍ਹਾਇਆ ਜਾਣਾ ਚਾਹੀਦਾ ਉਹ ਇਹ ਹੈ ; ਮਹਾਨ ਭਾਰਤੀ ਸੱਭਿਅਤਾ ਨੇ ਦੁਨੀਆਂ ਨੂੰ ਗਿਆਨ, ਸੰਸਕਾਰ, ਵਿਚਾਰ ਦਿੱਤੇ, ਇਸਲਾਮ ਅਤੇ ਇਸਾਈ ਧਰਮਾਂ ਨੇ ਸਮੁੱਚੀ ਦੁਨੀਆਂ ਨੂੰ ਦੂਸਰੀ ਤਰ੍ਹਾਂ ਪ੍ਰਭਾਵਿਤ ਕੀਤਾ। ਆਪਣੀ ਸੰਸਕ੍ਰਿਤੀ ਵਿਚ ਸਵੈਮਾਣ, ਰਾਸ਼ਟਰ ਭਗਤੀ, ਪੁਰਾਣ, ਰਾਮਾਇਣ, ਮਹਾਭਾਰਤ, ਗੀਤਾ, ਭਾਰਤੀ ਸੰਸਕ੍ਰਿਤੀ, ਯੋਗ ਪੜ੍ਹਾਇਆ ਜਾਣਾ ਚਾਹੀਦਾ... ਅਫ਼ਗਾਨਿਸਤਾਨ ਵਿਚ ਤਾਲਿਬਾਨ ਦੇ ਸੱਤਾ ਹਥਿਆਉਣ ਤੋਂ ਸਬਕ ਲੈਂਦੇ ਹੋਏ ਦੇਸ਼ ਦੇ ਟੁਕੜੇ ਕਰਨ ਦੇ ਮਨਸੂਬੇ ਪਾਲਣ ਵਾਲੇ ਮਾਰਕਸਵਾਦੀਆਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ।

ਇਹ ਹੈ ਸਰਕਾਰ ਦੀ ਸਿੱਖਿਆ ਨੀਤੀ ਦਾ ਅਸਲ ਮਕਸਦ! ਜੋ ਗੱਲ ਦੇਸ਼ ਦੇ ਸੰਘ ਵਿਦਵਾਨ ਕਹਿਣ ਤੋਂ ਸ਼ਰਮਾਉਂਦੇ ਸੀ, ਉਹ ਅਮਰੀਕਾ ਵਿਚ ਬੈਠੇ ਉਹਨਾਂ ਦੇ ਇਸ 'ਵਿਦਵਾਨ' ਨੇ ਖੁੱਲ ਕੇ ਆਖ ਦਿੱਤੀ।

ਸੰਯੁਕਤ ਰਾਸ਼ਟਰ ਅੰਤਰ-ਰਾਸ਼ਟਰੀ ਬਾਲ ਸਿੱਖਿਆ ਕੋਸ਼ (UNICEF) ਅਤੇ ਸੰਯੁਕਤ ਰਾਸ਼ਟਰ ਸਿੱਖਿਆ, ਸਮਾਜਿਕ ਅਤੇ ਸਭਿਆਚਾਰਕ ਸੰਗਠਨ (UNESCO) ਨੇ ਦੁਨੀਆਂ ਭਰ ਵਿਚ ਬੱਚਿਆਂ ਦੀ ਸਿੱਖਿਆ 'ਤੇ ਕੋਰੋਨਾ ਦੌਰਾਨ ਪਏ ਤਬਾਹਕੁੰਨ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਪ੍ਰਭਾਵਾਂ ਦਾ ਅਧਿਐਨ ਕੀਤਾ ਹੈ। ਇਸ ਸੰਗਠਨ ਦੇ ਭਾਰਤ ਨਾਲ ਸੰਬੰਧਤ ਨੁਮਾਇੰਦੇ ਨੇ 23 ਜੁਲਾਈ 2021 ਨੂੰ ਭਾਰਤ ਸੰਬੰਧੀ ਰਿਪੋਰਟ ਇਸ ਸੰਸਦੀ ਕਮੇਟੀ ਨੂੰ ਸੌਂਪੀ। ਸੰਸਦੀ ਕਮੇਟੀ ਨੇ ਉਸ ਰਿਪੋਰਟ ਨੂੰ ਆਪਣੀ ਰਿਪੋਰਟ ਵਿਚ ਸ਼ਾਮਲ ਕੀਤਾ ਹੈ, ਇਹ ਚੰਗੀ ਗੱਲ ਹੈ।

**ਰਿਪੋਰਟ ਦੇ ਮੁੱਖ ਬਿੰਦੂ :**

1. ਭਾਰਤ ਵਿਚ 15 ਲੱਖ ਸਕੂਲ ਅਤੇ 13.7 ਲੱਖ ਬਾਲ ਵਿਕਾਸ ਕੇਂਦਰ ਬੰਦ ਹੋਏ ਜਿਸ ਨਾਲ 28.6 ਕਰੋੜ ਬੱਚਿਆਂ ਦੀ ਸਿੱਖਿਆ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ।

2. ਭਾਰਤ ਵਿਚ ਮੌਜੂਦ ਕੁੱਲ ਘਰਾਂ ਵਿਚ 24% ਘਰਾਂ ਵਿਚ ਹੀ ਇੰਟਰਨੈੱਟ ਸੁਵਿਧਾ ਹੈ ਅਤੇ 61.8% ਘਰਾਂ ਕੋਲ ਹੀ ਸਮਾਰਟ ਫੋਨ ਹਨ।

3. ਕੁੱਲ ਵਿਦਿਆਰਥੀਆਂ ਵਿਚੋਂ 40% ਵਿਦਿਆਰਥੀ ਕਿਸੇ ਵੀ ਸਾਧਨ ਨਾਲ ਡਿਜੀਟਲ ਸਿੱਖਿਆ ਪ੍ਰਾਪਤ ਨਹੀਂ ਕਰ ਪਾਏ।

4. ਪੇਂਡੂ ਖੇਤਰ ਵਿੱਚ ਸ਼ਹਿਰੀ ਖੇਤਰ ਨਾਲੋਂ 10% ਘੱਟ ਬੱਚੇ ਹੀ ਡਿਜੀਟਲ ਸਿੱਖਿਆ ਪ੍ਰਾਪਤ ਕਰ ਪਾਏ।

5. ਡਿਜੀਟਲ ਸਿੱਖਿਆ ਪ੍ਰਬੰਧ ਨਾਲ ਨਾ ਜੁੜ ਪਾਉਣ ਦੇ ਕਾਰਨ ਬੱਚਿਆਂ ਨੂੰ ਭਿਆਨਕ ਮਨੋਵਿਗਿਆਨਕ ਤਣਾਅ ਝੱਲਣਾ ਪੈ ਰਿਹਾ ਹੈ। ਨਾਲ ਹੀ ਗਰੀਬ ਬੱਚਿਆਂ ਨੂੰ ਭੋਜਨ ਦੀ ਕਮੀ ਦਾ ਸਾਹਮਣਾ ਕਰਨਾ ਪਿਆ ਹੈ ਜਿਸ ਨਾਲ ਉਹਨਾਂ ਦੀ ਸਿਹਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ।

ਡਾ. ਵਿਨੈ ਦੀ ਪ੍ਰਧਾਨਗੀ ਵਾਲੀ ਇਸ ਸ਼ਕਤੀਸ਼ਾਲੀ ਸੰਸਦੀ ਕਮੇਟੀ ਨੂੰ ਇਸ ਮੁੱਦੇ 'ਤੇ ਸਰਕਾਰ ਤੋਂ ਜਵਾਬ ਤਲਬ ਕਰਨਾ ਚਾਹੀਦਾ ਹੈ। 'ਵਿਸ਼ਵਗੁਰੂ' ਭਾਰਤ ਵਿਚ ਜੇ ਐਨੇ ਬੱਚੇ ਇੰਟਰਨੈੱਟ ਅਤੇ ਸਮਾਰਟ ਫੋਨ ਨਾ ਹੋਣ ਕਾਰਨ ਸਿੱਖਿਆ ਤੋਂ ਵਾਂਝੇ ਹਨ ਤਾਂ ਫਿਰ ਸਕੂਲ ਬੰਦ ਹੋ ਜਾਣ 'ਤੇ ਉਹ ਕਿਵੇਂ ਸਿੱਖਿਆ ਪ੍ਰਾਪਤ ਕਰਨਗੇ?

**ਇਤਿਹਾਸਕ ਵਿਗਾੜ**

**"ਪੁਰਾਤਨ ਭਾਰਤ ਮਹਾਨ ਸੀ। ਮੁਸਲਿਮ ਹਮਲਾਵਰਾਂ ਦੇ ਆਉਣ ਤੋਂ ਪਹਿਲਾਂ ਦਾ ਕਾਲ ਸੁਨਹਿਰੀ ਕਾਲ ਸੀ। ਸਾਰੇ ਲੋਕ ਪਿਆਰ ਅਤੇ ਖੁਸ਼ੀ ਨਾਲ ਰਹਿੰਦੇ ਸਨ। ਔਰਤਾਂ ਦੀ ਇੱਜ਼ਤ ਕੀਤੀ ਜਾਂਦੀ ਸੀ। ਸਨਾਤਨ ਧਰਮ ਵਿਚ ਸਮਾਜ ਵਿਚ ਹਰ ਪਾਸੇ ਪ੍ਰੇਮ ਦੀ ਗੰਗਾ ਵਹਿੰਦੀ ਸੀ। ਵਿਗਿਆਨ ਅਤੇ ਤਕਨੀਕ ਦਾ ਅਦੁੱਤੀ ਵਿਕਾਸ ਹੋ ਚੁੱਕਾ ਸੀ। ਦੁਨੀਆਂ ਭਰ ਵਿਚ ਜੋ ਖੋਜਾਂ ਆਧੁਨਿਕ ਯੁੱਗ ਵਿਚ, ਉਦਯੋਗਿਕ ਕ੍ਰਾਂਤੀ ਦੇ ਬਾਅਦ ਹੋਈਆਂ, ਉਹ ਸਾਰੀਆਂ ਸਾਡੇ ਰਿਸ਼ੀਆਂ-ਮੁਨੀਆਂ-ਵੇਦਾਂ-ਉਪਨਿਸ਼ਦਾਂ ਵਿਚ ਮੌਜੂਦ ਗਿਆਨ ਨੂੰ ਚੋਰੀ ਕਰਕੇ ਹੀ ਹੋਈਆਂ। ਹਿੰਦੂ ਸ੍ਰੇਸ਼ਟ (ਸਭ ਤੋਂ ਉੱਤਮ) ਹਨ, ਸਾਡੀ ਆਰੀਆ ਨਸਲ ਮਹਾਨ ਹੈ। ਅਸੀਂ ਮਹਾਨ ਹਾਂ...ਆਦਿ ਆਦਿ।"**

ਇਹ 'ਖੂਬਸੂਰਤ', ਮਨ-ਲੁਭਾਵਨਾ ਝੂਠ ਅਤੇ ਗਲਤ ਫਹਿਮੀ ਆਰ.ਐਸ.ਐਸ. / ਭਾਜਪਾ ਦੀ ਵਿਚਾਰਧਾਰਾ ਦਾ ਮੂਲ ਆਧਾਰ ਹੈ ਜਿਸ ਨੂੰ ਸਹੀ ਸਾਬਤ ਕਰਨ ਦੀ ਛਟਪਟਾਹਟ ਉਹਨਾਂ ਨੂੰ ਇਤਿਹਾਸ ਨਾਲ ਛੇੜਛਾੜ ਕਰਨ ਅਤੇ ਇਸ ਨੂੰ ਹੋਰ ਵਿਗਾੜਨ ਲਈ ਧੱਕਦੀ ਆਈ ਹੈ। ਆਓ ਇਸ ਵਿਸ਼ੇ 'ਤੇ ਵਸਤੂ-ਸਥਿਤੀ ਜਾਨਣ ਲਈ ਪ੍ਰਸਿੱਧ ਇਤਿਹਾਸਕਾਰਾਂ ਦਾ ਕੀ ਕਹਿਣਾ ਹੈ, ਇਹ ਜਾਣੀਏ :

ਆਜ਼ਾਦੀ ਸੰਗਰਾਮ ਦੇ ਦੌਰਾਨ ਕਈ ਭਾਰਤੀ ਇਤਿਹਾਸਕਾਰ ਪੂਰਵ-ਇਸਲਾਮਕ ਭਾਰਤ ਦੇ ਇੱਕ ਗੈਰ-ਆਲੋਚਨਾਤਮਕ ਗੁਣਗਾਨ ਵਿਚ ਲਿਪਤ ਸਨ। ਭਾਰਤੀ ਰਾਜ ਨੂੰ ਇੱਕ ਸੰਵਿਧਾਨਕ ਰਾਜਤੰਤਰ ਦੇ ਰੂਪ ਵਿਚ ਵਰਣਿਤ ਕੀਤਾ ਗਿਆ ਸੀ : ਜਨਜਾਤੀ ਕੁਲੀਨ ਵਰਗਾਂ ਦੀ ਤੁਲਨਾ ਇਥੇਨੀਅਨ (ਯੂਨਾਨੀ) ਲੋਕਤੰਤਰ ਨਾਲ ਕੀਤੀ ਗਈ। ਦੱਖਣੀ ਭਾਰਤ ਵਿਚ ਪਿੰਡ-ਸਭਾਵਾਂ ਨੂੰ ਛੋਟੇ ਲੋਕਤੰਤਰਾਂ ਦੇ ਰੂਪ ਵਿਚ ਚਿਤਰਤ ਕੀਤਾ ਗਿਆ ਸੀ; ਗੁਪਤ ਸ਼ਾਸਕਾਂ ਦੇ ਕਾਲ ਨੂੰ ਸੁਨਹਿਰੀ ਯੁੱਗ ਦੇ ਰੂਪ ਵਿੱਚ ਮੰਨਿਆ ਜਾਂਦਾ ਸੀ, ਜਦ ਭਾਰਤੀ ਲੋਕ ਖੁਸ਼ ਅਤੇ ਖੁਸ਼ਹਾਲ ਸਨ। ਸ਼ਾਂਤੀ-ਸਦਭਾਵਨਾ ਨਾਲ ਰਹਿੰਦੇ ਸਨ। ਪ੍ਰਾਚੀਨ ਭਾਰਤ ਦੀ ਇਸ ਤਸਵੀਰ ਨੇ ਆਜ਼ਾਦੀ ਸੰਗਰਾਮੀਆਂ ਨੂੰ ਇਕ ਵਿਚਾਰਧਾਰਕ ਸਮਰਥਨ ਪ੍ਰਦਾਨ ਕੀਤਾ; ਪਰ ਭਾਰਤ ਦੀ ਆਜ਼ਾਦੀ ਦੇ ਬਾਅਦ ਇਹਨਾਂ ਨੇ ਅਜਿਹਾ ਕੋਈ ਉਦੇਸ਼ ਪੂਰਾ ਨਹੀਂ ਕੀਤਾ, ਭਾਵੇਂ ਕਿ ਹਿੰਦੂਤਵ ਦੇ ਵਿਚਾਰਕ ਇਨ੍ਹਾਂ ਵਿਚਾਰਾਂ ਨਾਲ ਚਿਪਕੇ ਹੋਏ ਹਨ ਅਤੇ ਸਾਡੇ ਪ੍ਰਧਾਨ ਮੰਤਰੀ ਨੇ ਵੀ ਕਈ ਮੌਕਿਆਂ 'ਤੇ ਭਾਰਤੀ ਅਤੀਤ (ਬੀਤੇ ਯੁੱਗਾਂ) ਬਾਰੇ ਹਸਾਉਣ ਵਾਲੇ ਬਿਆਨ ਦਿੱਤੇ ਹਨ। ਪਰ ਸਾਡੇ ਸ੍ਰੋਤਾਂ ਦਾ ਇੱਕ ਵਿਗਿਆਨਕ ਵਿਸ਼ਲੇਸ਼ਣ ਇਹ ਸਾਬਤ ਕਰਦਾ ਹੈ ਕਿ ਇਤਿਹਾਸ ਵਿਚ ਕਿਸੇ ਵੀ ਪੱਧਰ 'ਤੇ ਭਾਰਤ ਦੇ ਆਮ ਲੋਕਾਂ ਨੇ ਸੁਨਹਿਰੀ ਯੁੱਗ ਨਹੀਂ ਵੇਖਿਆ। ਭਾਰਤ ਦਾ ਇਤਿਹਾਸ, ਹੋਰ ਦੇਸ਼ਾਂ ਵਾਂਗ ਸਮਾਜਿਕ ਨਾ-ਬਰਾਬਰੀਆਂ, ਆਮ ਜਨਤਾ ਦੇ ਸ਼ੋਸ਼ਣ, ਧਾਰਮਿਕ ਸੰਘਰਸ਼ ਆਦਿ ਦੀ ਕਹਾਣੀ ਰਿਹਾ ਹੈ। ਭਾਰਤ ਦੇ ਨਾਲ-ਨਾਲ ਹੋਰ ਦੇਸ਼ਾਂ ਵਿਚ ਵੀ ਸੁਨਹਿਰੀ ਯੁੱਗ ਦੇ ਵਿਚਾਰ ਦੀ ਹਮੇਸ਼ਾ ਦੁਰਵਰਤੋਂ ਕੀਤੀ ਗਈ ਹੈ।

**—ਪ੍ਰੋਫੈਸਰ ਡੀ. ਐਨ. ਝਾਅ**

ਪਰ ਇਸ ਸਭ ਕੁੱਝ ਦੇ ਦੌਰਾਨ, ਖੁੱਸੇ ਹੋਏ ਸੁਨਹਿਰੀ ਯੁੱਗ ਦੇ ਪ੍ਰਾਚੀਨ ਗੌਰਵ (ਮਹਿਮਾ) ਦੇ ਯੁੱਗ ਦਾ ਕੋਈ ਸਬੂਤ ਨਹੀਂ ਮਿਲਦਾ। ਮਨੁੱਖ ਨੇ ਸਮਾਨ ਰੂਪ ਵਿਚ ਜਾਂ ਸਥਿਰ ਰੂਪ ਵਿਚ ਵਿਕਾਸ ਨਹੀਂ ਕੀਤਾ; ਸਗੋਂ ਉਸ ਨੇ ਸੰਪੂਰਨ ਰੂਪ ਨਾਲ ਵਿਕਾਸ ਕੀਤਾ। ਇੱਕ ਕਾਫੀ ਸ਼ਕਤੀਹੀਣ ਜਾਨਵਰ ਤੋਂ ਲੈ ਕੇ, ਸੰਦ ਬਨਾਉਣ ਅਤੇ ਸੰਦ ਦੀ ਵਰਤੋਂ ਕਰਨ ਵਾਲੇ ਜੀਵ ਤੱਕ, ਜਿਸ ਨੇ ਆਪਣੀ ਸੰਖਿਆ ਦੇ ਦਮ 'ਤੇ ਪੂਰੇ ਗ੍ਰਹਿ 'ਤੇ ਕਬਜਾ ਜਮਾਇਆ ਅਤੇ ਉਸ ਨੇ ਆਪਣੀਆਂ ਵੱਖ-ਵੱਖ ਗਤੀਵਿਧੀਆਂ ਦੇ ਰਾਹੀਂ ਹੁਣ ਸਿਰਫ਼ ਖ਼ੁਦ 'ਤੇ ਕਾਬੂ ਕਰਨਾ ਸਿੱਖਣਾ ਹੈ। ਕਈ ਲੱਖਾਂ, ਹਜ਼ਾਰਾਂ ਸਾਲਾਂ ਬਾਅਦ ਖੋਦੀਆਂ ਗਈਆਂ ਮਨੁੱਖੀ ਹੱਡੀਆਂ ਤੋਂ ਪਤਾ ਚਲਦਾ ਹੈ ਕਿ

***ਬਾਕੀ ਪੰਨਾ 17 'ਤੇ***

# 'ਕੌਣ ਬਣੇਗਾ ਕਰੋੜਪਤੀ' ਨੇ ਬਣਾਇਆ ਕਰੋੜਾਂ ਲੋਕਾਂ ਨੂੰ ਬੁੱਧੂ

ਸੋਨੀ ਇੰਟਰਟੇਨਮੈਂਟ ਟੀ.ਵੀ. 'ਤੇ "ਕੌਣ ਬਣੇਗਾ ਕ੍ਰੋੜਪਤੀ" ਦੇ 13ਵੇਂ ਸੀਜ਼ਨ ਦੇ 62ਵੇਂ ਬੱਚਿਆਂ ਦੇ ਖਾਸ ਏਪੀਸੋਡ ਵਿਚ ਹੋਸਟ ਅਮਿਤਾਭ ਬਚਨ ਨੇ ਇਕ ਬੱਚੀ ਨੂੰ ਪੇਸ਼ ਕੀਤਾ। ਉਸਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਗਈ ਤੇ ਉਹ ਕਿਤਾਬ ਨੂੰ ਸੁੰਘਕੇ ਪੜ੍ਹਣ ਦਾ ਦਾਅਵਾ ਕਰਦੀ ਹੈ। ਤਰਕਸ਼ੀਲ ਸੋਸਾਇਟੀ ਪੰਜਾਬ ਸਥਾਨਕ ਪੱਧਰ 'ਤੇ ਕੀਤੇ ਜਾਂਦੇ ਅਜਿਹੇ ਦਾਅਵਿਆਂ ਨੂੰ ਲੋਕਾਂ ਸਾਹਮਣੇ ਨੰਗਾ ਕਰ ਚੁੱਕੀ ਹੈ। ਸੋਨੀ ਟੀ.ਵੀ. ਦੇ ਇਸ ਪ੍ਰੋਗਰਾਮ ਰਾਹੀਂ ਦੇਸ਼ ਵਿਦੇਸ਼ ਵਿੱਚ ਬੈਠੇ ਕ੍ਰੋੜਾਂ ਦਰਸ਼ਕਾਂ ਨੂੰ ਬੁੱਧੂ ਬਣਾਉਣ ਵਿਰੁੱਧ ਫੀਰਾ (F.I.R.A.) ਦੇ ਕੌਮੀ ਪ੍ਰਧਾਨ



ਨਰਿੰਦਰ ਨਾਇਕ ਨੇ ਇਸ 'ਤੇ ਫੌਰੀ ਇਤਰਾਜ਼ ਜਤਾਇਆ। ਪ੍ਰਿੰਟ ਤੇ ਸੋਸ਼ਲ ਮੀਡੀਆ ਵਿਚ ਇਸ ਨੂੰ ਭਰਵੀਂ ਥਾਂ ਮਿਲੀ।

**ਇੰਡੀਅਨ ਐਕਸਪ੍ਰੈਸ:** ਮਸ਼ਹੂਰ ਟੀ.ਵੀ. ਚੈਨਲ ਸੋਨੀ ਟੀ.ਵੀ. ਨੇ "ਮਿਡ ਬ੍ਰੇਨ ਐਕਟੀਵੇਸ਼ਨ" ਬਾਰੇ ਕੌਣ ਬਣੇਗਾ ਕ੍ਰੋੜਪਤੀ ਦਾ ਐਪੀਸੋਡ ਸਾਰੇ ਪਲੇਟਫਾਰਮਾਂ ਤੋਂ ਉਤਾਰ ਦਿੱਤਾ ਹੈ। ਇਹ ਸਭ ਮੰਗਲੁਰੂ ਦੇ ਉੱਘੇ ਤਰਕਸ਼ੀਲ ਅਤੇ ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸਟ ਐਸੋਸੀਏਸ਼ਨਜ਼ ਦੇ ਪ੍ਰਧਾਨ ਨਰਿੰਦਰ ਨਾਇਕ ਵੱਲੋਂ ਸ਼ੋਅ ਦੇ ਹੋਸਟ ਅਮਿਤਾਭ ਬਚਨ ਨੂੰ ਲਿਖੇ ਖੁੱਲ੍ਹੇ ਪੱਤਰ ਤੋਂ ਬਾਅਦ ਹੋਇਆ। ਇਸ ਐਪੀਸੋਡ ਦਾ ਗੰਭੀਰ ਨੋਟਿਸ ਲੈਂਦਿਆਂ ਨਾਇਕ ਨੇ ਕਿਹਾ ਕਿ ਇਹ ਲੋਕਾਂ ਦੀ ਅਕਲ ਦਾ ਮਜ਼ਾਕ ਉਡਾਉਣ ਵਾਲੀ ਗੱਲ ਹੈ। ਇਹ ਭਾਰਤੀ ਸੰਵਿਧਾਨ ਦੇ ਆਰਟੀਕਲ 51 (ਏ) (ਐਚ) ਦੇ ਵੀ ਵਿਰੁੱਧ ਹੈ ਜਿਸ ਵਿੱਚ ਕਿਹਾ ਗਿਆ ਕਿ ਵਿਗਿਆਨਕ ਚੇਤਨਾ, ਬੰਦੇ ਦੀ ਖੋਜੀ ਪ੍ਰਵਿਰਤੀ ਅਤੇ ਮਾਨਵਤਾਵਾਦ ਨੂੰ ਵਿਕਸਿਤ ਕਰਨਾ ਹਰ ਨਾਗਰਿਕ ਸ਼ਹਿਰੀ ਦਾ ਮੁੱਢਲਾ ਫਰਜ਼ ਹੈ। ਜੇਕਰ ਕਿਸੇ ਕੋਲ ਅਜਿਹੀ ਸੁਪਰ ਸ਼ਕਤੀ ਹੈ ਤਾਂ ਉਸਨੂੰ ਨੋਬਲ ਇਨਾਮ ਮਿਲਣਾ ਚਾਹੀਦਾ ਹੈ ਕਿਉਂਕਿ ਇਹ ਮੈਡੀਕਲ ਸਿਧਾਂਤ ਤੋਂ ਉਲਟ ਹੈ ਜਿਸ ਮੁਤਾਬਕ ਸਾਡੀ ਅੱਖ ਦੇ ਰੈਟੀਨਾ 'ਤੇ ਰੌਸ਼ਨੀ ਪੈਂਦੀ ਹੈ ਤਾਂ ਇਸ ਲਈ ਸਾਨੂੰ ਦਿਖਾਈ ਦਿੰਦਾ ਹੈ। ਇਸ ਖੁੱਲੇ ਪੱਤਰ ਦਾ ਜੁਆਬ ਨਿਜੀ ਚੈਨਲ ਨੇ ਨਾਇਕ ਨੂੰ ਲਿਖੀ ਮੇਲ ਰਾਹੀਂ ਦਿਤਾ ਹੈ, "ਸਾਡੇ ਦਰਸ਼ਕ ਹੋਣ ਲਈ ਤੁਹਾਡਾ ਧੰਨਵਾਦ। ਅਸੀਂ ਤੁਹਾਨੂੰ ਦੱਸਣਾ ਚਾਹਾਂਗੇ ਕਿ ਸਬੰਧਤ ਪ੍ਰੋਗਰਾਮ ਨੂੰ ਸਾਰੇ ਪਲੇਟ ਫਾਰਮਾਂ ਤੋਂ ਉਤਾਰ ਦਿੱਤਾ ਗਿਆ ਹੈ । ਅਸੀਂ ਆਪਣੀ ਟੀਮ ਨੂੰ ਸੁਚੇਤ ਕਰ ਦਿਤਾ ਹੈ ਤਾਂ ਕਿ ਭਵਿੱਖ ਵਿੱਚ ਦਰਸ਼ਕਾਂ ਦੀ ਅਜਿਹੀ ਪ੍ਰਤੀਕਿਰਿਆ ਤੋਂ ਬਚਿਆ ਜਾ ਸਕੇ। ਸੋਨੀ ਪਿਕਚਰਜ਼ ਨੈਟਵਰਕ ਇਸ ਗੱਲ ਦਾ ਹਰ ਸਮੇਂ ਖਿਆਲ ਰੱਖੇਗਾ ਕਿ ਇਸ ਦੇ ਪ੍ਰੋਗਰਾਮ ਭਾਰਤੀ ਕਾਨੂੰਨ ਦੇ ਚੌਖਟੇ ਵਿੱਚ ਹੋਣ। ਸੋਨੀ ਆਪਣੇ ਦਰਸ਼ਕਾਂ ਦੀਆਂ ਭਾਵਨਾਵਾਂ ਪ੍ਰਤੀ ਸੰਵੇਦਨਸ਼ੀਲ ਹੈ। ਅਸੀਂ ਸਿਹਤਮੰਦ ਮਨੋਰੰਜਨ ਦੇਣ 'ਤੇ ਜ਼ੋਰ ਦਿੰਦੇ ਹਾਂ। ਅਸੀਂ ਨਾਇਕ ਨੂੰ ਬੇਨਤੀ ਕਰਦੇ ਹਾਂ ਕਿ ਉਹ ਜੇਕਰ ਸਾਡੇ ਜੁਆਬ ਤੋਂ ਸੰਤੁਸ਼ਟ ਨਹੀਂ ਤਾਂ ਉਹ 15 ਦਿਨਾਂ ਵਿੱਚ ਬ੍ਰੌਡਕਾਸਟਿੰਗ ਦੀ ਸ਼ਿਕਾਇਤ ਕਮੇਟੀ ਕੋਲ ਪਹੁੰਚ ਕਰ ਸਕਦੇ ਹਨ"।

ਇਸ ਤੋਂ ਬਿਨ੍ਹਾਂ ਨਰਿੰਦਰ ਨਾਇਕ ਨੇ ਮੰਗਲੂਰ ਟੂਡੇ ਵਿੱਚ ਲਿਖਿਆ ਹੈ ਕਿ 11 ਸਾਲ ਦੀ ਕੁੜੀ ਆਪਣੇ ਤੋਂ 8 ਗੁਣਾ ਵੱਧ ਉਮਰ ਦੇ ਬੰਦੇ ਨੂੰ ਮੂਰਖ ਬਣਾਉਂਦੀ ਹੈ ਅਤੇ ਉਹ ਅੱਗੇ 130 ਕ੍ਰੋੜ ਲੋਕਾਂ ਦੇ ਰਾਸ਼ਟਰ ਨੂੰ। ਦਰਅਸਲ ਕੁੜੀ ਦੀਆਂ ਅੱਖਾਂ 'ਤੇ ਪੱਟੀ ਨਹੀਂ ਬੰਨ੍ਹੀ ਗਈ ਸਗੋਂ ਦਰਸ਼ਕਾਂ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਗਈ ਹੈ।



ਅਸਲ ਵਿਚ ਉਸ ਕੁੜੀ ਦੀ ਟਰੇਨਿੰਗ ਇੱਕ ਧੋਖੇਬਾਜ਼ ਵਪਾਰਕ ਸੰਸਥਾ ਬਰਾਈਟ ਮਾਈਂਡ ਵੱਲੋਂ, ਜਿਸਨੂੰ ਕਮਲੇਸ਼ ਡੀ ਪਟੇਲ ਨਾਮ ਦਾ ਵਿਅਕਤੀ ਚਲਾਉਂਦਾ ਹੈ, ਦਿੱਤੀ ਗਈ ਹੈ। ਉਹ ਇਸ ਤੋਂ ਪਹਿਲਾਂ ਬੱਚਿਆਂ ਨੂੰ IIM ਬੰਗਲੌਰ ਵਰਗੀ ਸੰਸਥਾ ਵਿੱਚ ਲਿਜਾ ਕੇ ਵੀ ਇਹੀ ਫਰੌਡ ਦਿਖਾ ਚੁੱਕਾ ਹੈ। ਜਦੋਂ IIM ਬੰਗਲੌਰ ਦੇ ਡਾਇਰੈਕਟਰ ਨੂੰ ਇਸ ਬਾਰੇ ਪੁੱਛਿਆ ਗਿਆ ਤਾਂ ਉਸਨੇ ਕਿਹਾ ਕਿ IIM ਵਿੱਚ ਬਹੁਤ ਸਾਰੀਆਂ ਕਾਨਫਰੰਸਾਂ, ਲੈਕਚਰ ਆਦਿ ਹੁੰਦੇ ਰਹਿੰਦੇ ਹਨ ਜਿੰਨ੍ਹਾਂ ਵਿੱਚ ਆਮ ਜਨਤਾ ਨੂੰ ਵੀ ਖੁੱਲ੍ਹਾ ਸੱਦਾ ਹੁੰਦਾ ਹੈ। ਪਰ ਸਾਰੇ ਪ੍ਰੋਗਰਾਮ IIM ਵੱਲੋਂ ਨਹੀਂ ਹੁੰਦੇ। ਕੁੱਝ ਪ੍ਰੋਗਰਾਮ ਵਿਦਿਆਰਥੀਆਂ ਜਾਂ ਸਟਾਫ ਵੱਲੋਂ ਵੀ ਹੁੰਦੇ ਹਨ ਤੇ ਇਨ੍ਹਾਂ ਬਾਰੇ ਖੁੱਲ੍ਹ ਕੇ ਬਹਿਸ ਹੋ ਸਕਦੀ ਹੈ। IIM ਬੰਗਲੌਰ ਦੇ ਕਮਿਊਨੀਕੇਸ਼ਨਜ਼ ਵਿਭਾਗ ਦੇ ਮੁਖੀ ਕਵਿਥਾ




ਕੁਮਾਰ ਨੇ ਕਿਹਾ ਕਿ ਉਹ ਇਸਦਾ ਨੋਟਿਸ ਲੈਣਗੇ ਅਤੇ ਉਨ੍ਹਾਂ ਨੇ ਵੀ ਬੱਚਿਆਂ ਦੀ ਵੀਡੀਓ ਨੂੰ ਇੰਟਰਨੈਟ ਤੋਂ ਵਾਪਸ ਲੈ ਲਿਆ ਹੈ। ਪਰ ਪਟੇਲ, ਜਿਸ ਨੂੰ ਲੋਕ ਦਾ ਜੀ ਕਹਿਕੇ ਬਲਾਉਂਦੇ ਹਨ, ਵੱਲੋਂ ਬਲਾਈਂਡ ਫੋਲਡ ਰੀਡਿੰਗ ਬਾਰੇ ਲੰਮੇ-ਲੰਮੇ ਦਾਅਵੇ ਜਾਰੀ ਹਨ। ਉਹ ਤਾਂ ਭਾਵੇਂ ਇਸਨੂੰ 'ਨਿਊਰੋ ਪਲਾਸਟੀਸਿਟੀ' ਕਹਿੰਦਾ ਹੈ ਪਰ ਇੱਕ ਸਮਝਦਾਰ ਇਨਸਾਨ ਇਸਨੂੰ ਝੂਠ ਹੀ ਕਹੇਗਾ ਕਿਉਂਕਿ ਇਹ ਅਸਲ ਵਿੱਚ ਵੱਡਿਆਂ ਵੱਲੋਂ ਬੱਚਿਆਂ ਦੇ ਦਿਮਾਗ ਨਾਲ ਖਿਲਵਾੜ ਕਰਨਾ ਹੈ। ਸਾਡੇ ਦੇਸ਼ ਵਿੱਚ ਇਹ ਕੋਈ ਨਵੀਂ ਗੱਲ ਨਹੀਂ। 2010 ਵਿੱਚ ਮੈਂ ਰੰਜਨਾ ਅਗਰਵਾਲ ਨਾਮ ਦੀ ਕੁੜੀ ਦਾ ਪਰਦਾਫਾਸ਼ ਕੀਤਾ ਸੀ ਜਿਸ ਕੋਲ ਭਾਰਤ ਸਰਕਾਰ ਦੇ ਸਾਇੰਸ ਤੇ ਟੈਕਨੋਲੋਜੀ ਵਿਭਾਗ ਦੀ ਸੈਕਟਰੀ ਰੇਵਾਨਯਰ ਵੱਲੋਂ 2004 ਵਿੱਚ ਜਾਰੀ ਕੀਤਾ ਸਰਟੀਫਿਕੇਟ ਸੀ। ਇਹ ਸਰਟੀਫੀਕੇਟ ਬੱਚਿਆਂ ਨੂੰ ਉਨ੍ਹਾਂ ਦੀਆਂ ਕੌਮੀ ਪੱਧਰ ਦੀਆਂ ਖਾਸ ਪ੍ਰਾਪਤੀਆਂ ਲਈ ਦਿੱਤਾ ਜਾਂਦਾ ਹੈ। ਰੰਜਨਾ ਦੀ ਪ੍ਰਾਪਤੀ ਏਨੀ ਹੀ ਸੀ ਕਿ ਉਸ ਨੇ ਵੱਡਿਆਂ ਦੇ ਕਹਿਣ 'ਤੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਕਿ ਉਹ ਅੱਖਾਂ 'ਤੇ ਪੱਟੀ ਬੰਨ ਕੇ ਪੜ੍ਹ ਸਕਦੀ ਹੈ ਜਦ ਕਿ ਉਹ ਪੱਟੀ ਬੰਨਣ ਵੇਲੇ ਰਹਿ ਗਏ ਗੈਪ ਵਿੱਚੋਂ ਦੇਖ ਕੇ ਪੜ੍ਹ ਰਹੀ ਸੀ।

ਬਾਅਦ ਵਿੱਚ ਇਸਨੂੰ ਇਕ ਨਵਾਂ ਨਾਮ ਦੇ ਦਿਤਾ ਗਿਆ- ਮਿਡਬ੍ਰੇਨ ਐਕਟੀਵੇਸ਼ਨ। ਇਹ ਧੋਖਾਧੜੀ ਦੀ ਟੈਕਨੀਕ ਜਪਾਨ ਦੇ 'ਮਾਹਰ' ਮਾਕੋਟੋਸਚਿਚਿ ਦਾ, ਜਿਸ ਕੋਲ ਜਾਅਲੀ ਡਿਗਰੀਆਂ ਤੇ ਇਨਾਮ ਹਨ, ਨੇ ਸ਼ੁਰੂ ਕੀਤੀ। ਫਿਰ ਕਈ ਅਕੈਡਮੀਆਂ ਬਣ ਗਈਆਂ ਜੋ ਬੱਚਿਆਂ ਨੂੰ ਇਹ 'ਕਲਾ' ਸਿਖਾਉਣ ਲੱਗੇ। ਕੇਰਲਾ ਦੇ ਵਿਨੋਜ ਸੁਰਿੰਦਰਨ ਨੂੰ ਵੀ ਸਾਡੇ ਐਕਟਿਵਿਸਟ ਉਨ੍ਹਾਂ ਬੱਚਿਆਂ ਨੇ ਭਜਾਇਆ ਜਿੰਨ੍ਹਾਂ ਨੇ ਬਿਨਾ ਮਿਡਬ੍ਰੇਨ ਐਕਟੀਵੇਸ਼ਨ ਦੀ ਟਰੇਨਿੰਗ ਤੋਂ ਵੀ ਪੜ੍ਹਕੇ ਦਿਖਾ ਦਿੱਤਾ। ਸੋਸ਼ਲ ਮੀਡੀਆ 'ਤੇ ਇਸ ਫਰੌਡ ਦੇ ਨੰਗੇ ਹੋ ਜਾਣ ਬਾਅਦ ਇਸ ਦੇ ਨਵੇਂ ਨਾਮ ਆ ਗਏ - ਰਾਈਟ ਬ੍ਰੇਨ ਐਕਟੀਵੇਸ਼ਨ, ਬ੍ਰੇਨ ਬੈਲੈਂਸਿੰਗ ਆਦਿ। ਮੰਗਲੌਰ ਨੇੜੇ ਏਸੇ ਤਰ੍ਹਾਂ ਦੀ ਇੱਕ ਧੋਖੇ ਦੀ ਦੁਕਾਨ ਨੂੰ ਸਰਕਾਰ ਨੇ ਬੰਦ ਕਰਨ ਦੇ ਹੁਕਮ ਦੇ ਦਿੱਤੇ। ਇਹ ਦੁਨੀਆਂ ਵਿਚ ਪਹਿਲੀ ਵਾਰ ਹੋਇਆ ਕਿ ਜਿਲ੍ਹਾ ਪ੍ਰਸ਼ਾਸਨ ਨੇ ਇਹ ਕੰਮ ਬੰਦ ਕਰਨ ਦੇ ਹੁਕਮ ਦਿੱਤੇ।

ਫਿਰ ਇਸ ਵਿੱਚ ਸਪਿਰਚੁਅਲ ਗੁਰੂ ਵੀ ਆ ਗਏ। ਜਿਵੇਂ ਬਲਾਤਕਾਰ ਅਰੋਪੀ ਨਿਤਯਨੰਦ। ਆਰਟ ਆਫ ਲਿਵਿੰਗ ਵਾਲਿਆਂ ਨੇ ਇਸ ਨੂੰ ਹੋਰ ਸੁੰਦਰ ਨਾਵਾਂ ਨਾਲ ਸ਼ੁਰੂ ਕਰ ਲਿਆ। ਹੁਣ ਇਸ ਵਿੱਚ ਨਵਾਂ ਨਾਮ ਕਮਲੇਸ਼ ਡੀ ਪਟੇਲ ਦਾ ਜੁੜ ਗਿਆ ਜੋ ਇਸ ਫਰੌਡ ਨੂੰ ਨੈਸ਼ਨਲ ਟੀਵੀ 'ਤੇ ਦਿਖਾਉਣ ਲਈ "ਕੌਣ ਬਣੇਗਾ ਕ੍ਰੋੜਪਤੀ" ਦੀ ਟੀਮ ਨੂੰ ਧੋਖਾ ਦੇਣ ਵਿਚ ਕਾਮਯਾਬ ਹੋ ਗਿਆ। ਭਾਵੇਂ ਸਾਡੀ ਸ਼ਿਕਾਇਤ ਤੋਂ ਬਾਦ ਇਸ ਦੀ ਵੀਡੀਓ ਨੂੰ ਵਾਪਸ ਲੈ ਲਿਆ ਗਿਆ ਹੈ ਪਰ ਇੱਕ ਵਾਰ ਆਮ ਲੋਕਾਂ ਤੱਕ ਚਲੇ ਗਏ ਗਲਤ ਸੁਨੇਹੇ ਦਾ ਕੁੱਝ ਨਹੀਂ ਹੋ ਸਕਦਾ। ਅਸੀਂ ਆਪਣਾ ਸੁਆਲ ਟੀਵੀ ਚੈਨਲ ਕੋਲ ਛੱਡ ਦਿੱਤਾ ਹੈ, ਇਸ ਵਾਹਯਾਤ ਦਾਅਵੇ ਨਾਲ ਕਿ ਸੁੰਘ ਕੇ, ਛੂਹ ਕੇ ਜਾਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਪੜ੍ਹਿਆ ਜਾ ਸਕਦਾ ਹੈ ਜੋ ਗਲਤ ਪ੍ਰਭਾਵ ਲੋਕਾਂ ਵਿੱਚ ਜਾ ਚੁੱਕਾ ਹੈ ਉਸਨੂੰ ਠੀਕ ਕਰਨ ਲਈ ਉਹ ਕੀ ਕਰਨਗੇ?

**ਪੇਸ਼ਕਸ਼: ਜਸਵੰਤ ਮੋਹਾਲੀ**

---

*ਪੰਨਾ 15 ਦਾ ਬਾਕੀ...*

ਕਿਸੇ ਵੀ ਪੁਰਾਣੇ ਯੁੱਗ ਦੇ ਵਿਅਕਤੀ ਦੇ ਲਈ ਚਾਲੀ ਸਾਲ ਦੀ ਉਮਰ ਤੱਕ ਜੀਵਨ ਪਾਉਣਾ ਇੱਕ ਸ਼ਾਨਦਾਰ ਪ੍ਰਾਪਤੀ ਸੀ, ਅੱਜ ਤੋਂ ਵੱਧ ਸਿਹਤਮੰਦ ਹੋਣਾ ਤਾਂ ਦੂਰ ਰਿਹਾ ਹੈ, ਉਹ ਪਰਜੀਵੀਆਂ ਅਤੇ ਸਰੀਰ ਤੋੜ ਸੁੱਟਣ ਵਾਲੀਆਂ ਬਿਮਾਰੀਆਂ ਤੋਂ ਵੀ ਵੱਧ ਪੀੜਤ ਰਹਿੰਦਾ ਸੀ ਜਿਨ੍ਹਾਂ ਨੇ ਉਸਦੇ ਜੀਵਨ ਨੂੰ ਬਹੁਤ ਛੋਟਾ ਕਰ ਦਿੱਤਾ ਸੀ। ਸੁਨਹਿਰੀ ਯੁੱਗ, ਜੇ ਕੋਈ ਹੈ ਤਾਂ, ਉਹ ਭਵਿੱਖ ਵਿਚ ਹੈ, ਅਤੀਤ ਵਿੱਚ ਨਹੀਂ।

**—ਡੀ.ਡੀ. ਕੌਸ਼ੰਬੀ**

ਤੱਥ ਅਧਾਰਿਤ, ਤਰਕ-ਯੁਕਤ, ਵਿਗਿਆਨਕ ਸਿੱਖਿਆ ਸਮੱਗਰੀ ਦੀ ਜਗਹ ਸਕੂਲ ਸਿੱਖਿਆ ਪਾਠਕ੍ਰਮ ਵਿਚ ਮਨਘੜਤ, ਕਪੋਲ ਕਲਪਿਤ, ਗਪੌੜੇ ਸ਼ਾਮਲ ਕਰ ਕੇ ਸਿੱਖਿਆ ਤਬਾਹ ਕਰਨ ਦੇ ਇਸ ਪ੍ਰੋਜੈਕਟ ਦਾ ਸਖ਼ਤ ਵਿਰੋਧ ਕੀਤਾ ਜਾਣਾ ਚਾਹੀਦਾ। ਸਿੱਖਿਆ ਦਾ ਭਗਵਾਕਰਨ ਕਿਸੇ ਵੀ ਤਰ੍ਹਾਂ ਮੰਜ਼ੂਰ ਨਹੀਂ ਹੋਣਾ ਚਾਹੀਦਾ।

**99996 87307**

**ਪੰਜਾਬੀ ਅਨੁਵਾਦ : ਬਲਬੀਰ ਲੌਂਗੋਵਾਲ**

# ਬੋਲ ਸਦੀਵੀਂ



## ਵਰਤ

ਮੈਂ ਅਕਸਰ ਦੁਪਹਿਰ ਦੀ ਰੋਟੀ ਖੁੰਝ ਜਾਂਦੀ ਹਾਂ
ਕਦੇ ਕਦੇ ਬ੍ਰੇਕਫਾਸਟ ਵੀ ਨਹੀਂ ਹੁੰਦਾ
ਲੰਚ ਵੀ ਨਹੀਂ
ਡਿਨਰ ਤੋਂ ਕਾਫੀ ਪਹਿਲਾਂ ਖਾਧੀ ਮੈਗੀ
ਭੁੱਖ ਮਾਰ ਦਿੰਦੀ ਹੈ

ਪਰ ਮੈਨੂੰ ਕੋਈ ਰੋਸ ਨਹੀਂ
ਖ਼ੁਦ ਚੁਣੀ ਮੈਂ ਇਹ ਜ਼ਿੰਦਗੀ
ਬੇਤਰਤੀਬੀ ਦੀ ਤਰਤੀਬ ਨਾਲ ਪਿਆਰ ਹੈ ਮੈਨੂੰ

ਨਰਾਤਿਆਂ ਦੇ ਵਰਤ ਰੱਖਦੀਆ ਔਰਤਾਂ
ਨਹੀਂ ਖਾਂਦੀਆਂ ਸਾਰਾ ਦਿਨ ਅਨਾਜ
ਬੁਝੇ ਚਿਹਰੇ ਲੈ
ਘਰ ਮੁੜਦੀਆਂ

ਤਰਤੀਬ ਭੰਗ ਹੋਣ ਤੋਂ ਡਰੀਆਂ
ਚਾਰ-ਦੀਵਾਰੀਆਂ ਵਿਚ ਕੈਦੀ ਔਰਤਾਂ
ਕੱਪੜਿਆਂ, ਗਹਿਣਿਆਂ ਦੀਆਂ ਗੁਲਾਮ
ਪਕਵਾਨਾਂ ਵਿਚ ਪਰਚੀਆਂ
ਨਾਖੁਸ਼ ਰਹਿੰਦੀਆਂ

ਕਿਉਂ ਕਿ ਆਪ ਨਹੀਂ ਚੁਣਿਆਂ ਉਨ੍ਹਾਂ
ਇਹ ਵਰਤ
ਪਰੰਪਰਾ ਨੇ ਧਰ ਦਿੱਤਾ
ਉਨ੍ਹਾਂ ਦੇ ਮੋਢੇ
ਖਾਨਦਾਨੀ ਟਰੰਕ ਵਾਂਗ

ਮੈਂ ਮੋਢੇ ਹਿਲਾ ਹਿਲਾ ਕੇ ਤੁਰਦੀ
ਗੀਤ ਗੁਣਗੁਣਾਉਂਦੀ ਹਾਂ
"ਆਜ ਫਿਰ ਜੀਨੇ ਕੀ ਤਮੰਨਾ ਹੈ"



*ਮਨਦੀਪ ਔਲਖ*

*ਔਰਤ ਦਿਵਸ 'ਤੇ:*

## ਅਰਜ਼ੋਈ

ਤੂੰ ਜੋ ਸੂਰਜ ਚੋਰੀ ਕੀਤਾ
ਮੇਰਾ ਸੀ
ਤੂੰ ਜਿਸ ਘਰ ਵਿਚ ਨ੍ਹੇਰਾ ਕੀਤਾ
ਮੇਰਾ ਸੀ

ਇਹ ਜੋ ਧੁੱਪ ਤੇਰੇ ਘਰ ਹੱਸੇ, ਮੇਰੀ ਹੈ
ਇਸ ਦੇ ਬਾਝੋਂ ਮੇਰੀ ਉਮਰ ਹਨੇਰੀ ਹੈ
ਇਸ ਵਿਚ ਮੇਰੇ ਗ਼ਮ ਦੀ ਮਹਿਕ ਬਥੇਰੀ ਹੈ
ਇਹ ਧੁੱਪ ਕੱਲ੍ਹ ਸੀ ਮੇਰੀ, ਅੱਜ ਵੀ ਮੇਰੀ ਹੈ

ਮੈਂ ਹੀ ਕਿਰਨ-ਵਿਹੂਣਾ ਇਸ ਦਾ ਬਾਬਲ ਹਾਂ
ਇਸ ਦੇ ਅੰਗੀਂ ਮੇਰੀ ਅਗਨ ਸਮੋਈ ਹੈ
ਇਸ ਵਿਚ ਮੇਰੇ ਸੂਰਜ ਦੀ ਖੁਸ਼ਬੋਈ ਹੈ
ਸਿਖ਼ਰ ਦੁਪਹਿਰ ਜਿਸ ਦੀ ਚੋਰੀ ਹੋਈ ਹੈ

ਪਰ ਇਸ ਚੋਰੀ ਵਿਚ ਤੇਰਾ ਵੀ ਕੁਝ ਦੋਸ਼ ਨਹੀਂ
ਸੂਰਜ ਦੀ ਹਰ ਯੁੱਗ ਵਿਚ ਚੋਰੀ ਹੋਈ ਹੈ
ਰੋਂਦੀ ਰੋਂਦੀ ਸੂਰਜ ਨੂੰ ਹਰ ਯੁੱਗ ਅੰਦਰ
ਕੋਈ ਨਾ ਕੋਈ ਸਦਾ ਦੁਪਹਿਰੀ ਮੋਈ ਹੈ

ਮੈਂ ਨਿਰ-ਲੋਆ ਰਿਸ਼ਮ-ਵਿਛੁੰਨਾ ਅਰਜ਼ ਕਰਾਂ
ਮੈਂ ਇਕ ਬਾਪ ਅਧਰਮੀ ਤੇਰੇ ਦੁਆਰ ਖੜਾਂ
ਆ ਹੱਥੀਂ ਇਹ ਸੂਰਜ ਤੇਰੇ ਸੀਸ ਧਰਾਂ
ਆ ਅੱਜ ਆਪਣੀ ਧੁੱਪ ਲਈ ਤੇਰੇ ਪੈਰ ਫੜਾਂ

ਮੈਂ ਕਲਖ਼ਾਈ ਦੇਹ, ਤੂੰ ਮੈਨੂੰ ਬਖ਼ਸ਼ ਦਈਂ
ਧੁੱਪਾਂ ਸਾਹਵੇਂ ਫਿਰ ਨਾ ਮੇਰਾ ਨਾਮ ਲਵੀਂ
ਜੇ ਕੋਈ ਕਿਰਨ ਕਦੇ ਕੁਝ ਪੁੱਛੇ ਚੁੱਪ ਰਵ੍ਹੀਂ
ਜਾਂ ਮੈਨੂੰ 'ਕਾਲਾ ਸੂਰਜ' ਕਹਿ ਕੇ ਟਾਲ ਦਵੀਂ

ਇਹ ਇਕ ਧੁੱਪ ਦੇ ਬਾਬਲ ਦੀ ਅਰਜ਼ੋਈ ਹੈ
ਮੇਰੀ ਧੁੱਪ ਮੇਰੇ ਲਈ ਅੱਜ ਤੋਂ ਮੋਈ ਹੈ
ਸਣੇ ਸੂਰਜ ਤੇਰੀ ਅੱਜ ਤੋਂ ਹੋਈ ਹੈ
ਧੁੱਪ ਜਿਦ੍ਹੇ ਘਰ ਹੱਸੇ ਬਾਬਲ ਸੋਈ ਹੈ

*ਸ਼ਿਵ ਕੁਮਾਰ ਬਟਾਲਵੀ*

# ਜਿਉਣ ਦਾ ਰਾਹ



**ਚੰਨਣ ਵਾਂਦਰ**

ਪਿੰਡ ਦਾ ਵਸਦਾ ਰਸਦਾ ਕਿਰਤੀ ਪਰਿਵਾਰ। ਘਰ ਦਾ ਮੁਖੀ ਆਪਣੀ ਦੁਕਾਨ 'ਤੇ ਕੰਮ ਕਰਦਾ। ਘਰ ਪਰਿਵਾਰ ਦਾ ਖਰਚਾ ਕੰਮ ਕਾਰ ਵਿੱਚੋਂ ਨਿਕਲਦਾ। ਕਬੀਲਦਾਰੀ ਚੰਗੀ ਨਿਭ ਰਹੀ ਸੀ। ਅਚਾਨਕ ਘਰ ਦੇ ਮਾਹੌਲ ਨੇ ਬੁਰੇ ਰੁਖ ਕਰਵਟ ਲਈ। ਨੌਵੀਂ ਵਿੱਚ ਪੜ੍ਹਦੀ ਬੇਟੀ ਅਚਾਨਕ ਬੀਮਾਰ ਹੋ ਗਈ। ਪਰਿਵਾਰ ਨੇ ਆਮ ਜੀਵਨ ਵਾਂਗ ਲਿਆ। ਦਵਾਈ ਬੂਟੀ ਦਿਵਾਈ। ਆਰਾਮ ਆਉਣ ਦੀ ਬਜਾਏ ਬੀਮਾਰੀ ਵਧ ਗਈ। ਲੜਕੀ ਪੜ੍ਹਨ ਵਿੱਚ ਹੁਸ਼ਿਆਰ ਸੀ। ਉਸਨੂੰ ਜਲਦੀ ਨਾਲ ਠੀਕ ਹੋਣ ਦੀ ਚਿੰਤਾ ਖਾਣ ਲੱਗੀ। ਉਹ ਮਾਨਸਿਕ ਤੌਰ 'ਤੇ ਵੀ ਪ੍ਰੇਸ਼ਾਨ ਰਹਿਣ ਲੱਗੀ।

**ਅਨੋਖਾ ਵਿਵਹਾਰ:**

ਧੀ ਧਿਆਣੀ ਦੀ ਤੰਦਰੁਸਤੀ ਲਈ ਮਾਪਿਆਂ ਸ਼ਹਿਰ ਦਾ ਰੁਖ਼ ਕੀਤਾ। ਵੱਡੇ ਡਾਕਟਰ ਕੋਲ ਮਹਿੰਗਾ ਇਲਾਜ ਸ਼ੁਰੂ ਹੋਇਆ। ਟੈਸਟਾਂ ਤੇ ਦਵਾਈਆਂ ਦੇ ਖਰਚੇ ਵਿੱਤੋਂ ਬਾਹਰੀ ਹੋਣ ਲੱਗੇ। ਲੜਕੀ ਦੀ ਹਾਲਤ ਵਿੱਚ ਤਾਂ ਸੁਧਾਰ ਹੋਇਆ ਪਰ ਘਰ ਪਰਤਣ 'ਤੇ ਉਸਦੇ ਵਰਤ ਵਿਹਾਰ ਵਿੱਚ ਤਬਦੀਲੀ ਆ ਗਈ। ਪਰਿਵਾਰਕ ਮੈਂਬਰਾਂ ਨਾਲ ਮਤਲਬ ਦਾ ਬੋਲਦੀ। ਗੱਲ਼ ਗੱਲ਼ 'ਤੇ ਗੁੱਸਾ ਕਰਦੀ। ਹਰ ਕਿਸੇ ਨੂੰ ਘੂਰਨ ਲਗਦੀ। ਇੱਕ ਟਕ ਬਾਹਰ ਨੂੰ ਵੇਖਦੀ ਰਹਿੰਦੀ। ਪਹਿਲਾਂ ਹਰ ਗੱਲ਼ ਮਾਂ ਨਾਲ ਸਾਂਝੀ ਕਰਨ ਵਾਲੀ ਧੀ ਹੁਣ ਚੁੱਪ ਚਾਪ ਬੈਠੀ ਰਹਿੰਦੀ। ਡੌਰ ਭੌਰ ਹੋਈ ਤਕਦੀ ਰਹਿੰਦੀ। ਸਕੂਲੋਂ ਵੀ ਲੜਕੀ ਨੂੰ ਸਕੂਲ ਭੇਜਣ ਅਧਿਆਪਕਾਂ ਦੇ ਵਾਰ ਵਾਰ ਸੁਨੇਹੇ ਆਉਂਦੇ। ਡਾਕਟਰ ਨੇ ਦਵਾਈ ਬੰਦ ਕਰ ਦਿੱਤੀ ਤੇ ਆਖਿਆ ਕਿ ਉਹ ਨਾਰਮਲ ਹਾਲਤ ਵਿੱਚ ਹੈ। ਥੋੜ੍ਹੇ ਦਿਨਾਂ ਵਿੱਚ ਆਮ ਵਿਵਹਾਰ ਕਰਨ ਲੱਗ ਜਾਵੇਗੀ।

ਡਾਕਟਰ ਦੇ ਕਹੇ ਤੋਂ ਉਲਟ ਵਾਪਰਨ ਲੱਗਾ। ਇੱਕ ਦਿਨ ਉਹ ਰਾਤ ਨੂੰ ਉੱਠ ਕੇ ਚੀਕਾਂ ਮਾਰਨ ਲੱਗੀ। ਸਾਰਾ ਪਰਿਵਾਰ ਉੱਠ ਬੈਠਾ। ਫਿਰ ਰਾਤ ਭਰ ਰੋਂਦੀ ਰਹੀ, ਕਹਿੰਦੀ ਮੇਰਾ ਸਾਹ ਘੁੱਟਿਆ ਜਾ ਰਿਹਾ ਹੈ। ਪਰਿਵਾਰ ਲਈ ਜਿਵੇਂ ਕਿਵੇਂ ਸਵੇਰ ਆਈ। ਲੜਕੀ ਨੂੰ ਲੈ ਡਾਕਟਰ ਕੋਲ ਪਹੁੰਚੇ। ਉਸਨੇ ਸਾਰੇ ਟੈਸਟ ਲਏ ਤੇ ਦੱਸਿਆ ਕਿ ਲੜਕੀ ਨੂੰ ਕੋਈ ਬੀਮਾਰੀ ਤਾਂ ਹੈ ਨਹੀਂ। ਇਸ ਨੂੰ ਆਰਾਮ ਕਰਨ ਦਿਓ ਤੇ ਖ਼ੁਰਾਕ ਦਾ ਖਿਆਲ ਰੱਖੋ। ਮਾਪਿਆਂ ਨੇ ਇਹ ਜਾਣ ਕੇ ਸੁਖ ਦਾ ਸਾਹ ਲਿਆ। ਪਰ ਇਹ ਸੁਖ ਬਹੁਤੇ ਦਿਨ ਨਾ ਰਿਹਾ।

ਦੋ ਕੁ ਦਿਨ ਬਾਅਦ ਲੜਕੀ ਮੁੜ ਰਾਤ ਨੂੰ ਉੱਠ ਬੈਠੀ ਤੇ ਰੋਣ ਲੱਗੀ। ਕਹਿੰਦੀ ਕੋਈ ਮੇਰਾ ਗਲਾ ਘੁੱਟ ਰਿਹਾ ਹੈ। ਮੈਨੂੰ ਪੂਰਾ ਸਾਹ ਨਹੀਂ ਆ ਰਿਹਾ। ਉਸਦੇ ਪਾਸ ਤਾਂ ਮਾਂ ਦਾ ਮੰਜਾ ਸੀ। ਫਿਰ ਗਲਾ ਘੁੱਟਣ ਵਾਲੀ ਗੱਲ ਪਰਿਵਾਰ ਨੂੰ ਹਜ਼ਮ ਨਹੀਂ ਸੀ ਹੋ ਰਹੀ। ਇਨ੍ਹਾਂ ਗੱਲਾਂ ਦੇ ਚਲਦਿਆਂ ਲੜਕੀ ਉੱਠੀ ਤੇ ਉੱਚੀ ਉੱਚੀ ਬੋਲਣ ਲੱਗ ਪਈ, "ਤੁਹਾਨੂੰ ਲਗਦਾ ਮੈਂ ਝੂਠ ਬੋਲਦੀ ਹਾਂ? ਮੈਨੂੰ ਮਰ ਜਾਣ ਦਿਓ, ਸਾਰੇ ਚਲੇ ਜਾਓ, ਮੇਰੇ ਕੋਲੋਂ।" ਉਸਦੇ ਇਨ੍ਹਾਂ ਬੋਲਾਂ ਨੇ ਮਾਂ ਨੂੰ ਫਿਕਰ ਵਿੱਚ ਡੋਬ ਦਿੱਤਾ। ਉਸਨੇ ਰਿਸ਼ਤੇਦਾਰਾਂ ਨਾਲ ਰਾਇ ਮਸ਼ਵਰਾ ਕੀਤਾ ਤੇ ਚੌਂਕੀਆਂ, ਚੇਲਿਆਂ ਕੋਲ ਜਾਣ ਦਾ ਰਾਹ ਫੜ੍ਹ ਲਿਆ।

**ਮਾਂ ਦਾ ਦਰਦ :**

ਮਾਂ ਇਸ ਗੱਲੋਂ ਨਿਰਾਸ਼ ਸੀ ਕਿ ਉਸਦੀ ਚੰਗੀ ਭਲੀ ਬੇਟੀ ਨੂੰ ਪਤਾ ਨੀਂ ਕੀ ਹੋ ਗਿਆ ਹੈ। ਕਿਤੇ ਵੀ ਮਨ ਨਹੀਂ ਲਗਾਉਂਦੀ। ਆਪ ਬੇਚੈਨ ਹੈ ਤੇ ਸਾਰੇ ਪਰਿਵਾਰ ਦੇ ਭਾਅ ਦੀ ਬਣੀ ਹੈ। ਉਹ ਕਲਪਦੀ,ਚੰਗੇ ਭਲੇ ਵਸਦੇ ਰਸਦੇ ਸਾਂ। ਪਤਾ ਨੀਂ ਕਿਹੜੇ ਚੰਦਰੇ ਨੇ ਨਜ਼ਰ ਲਾ ਦਿੱਤੀ। ਪਹਿਲਾਂ, ਵਧੀਆ ਕੰਮ ਕਾਰ ਕਰਦਾ ਘਰ ਦਾ ਮੁਖੀ ਨਸ਼ਿਆਂ ਮਗਰ ਹੋ ਤੁਰਿਆ ਤੇ ਹੁਣ ਆਹ ਧੀ ਧਿਆਣੀ ਨਾ ਸਮਝ ਆਉਣ ਵਾਲੀ ਬੀਮਾਰੀ ਨੇ ਘੇਰ ਲਈ ਹੈ। ਡਰ, ਚਿੰਤਾ ਦੇ ਚਲਦਿਆਂ ਉਸ ਕੋਲ ਆਪਣੀ ਸਮਝ ਅਨੁਸਾਰ ਡਾਕਟਰੀ ਇਲਾਜ ਤੋਂ ਬਾਅਦ ਚੇਲਿਆਂ ਵਾਲਾ ਰਾਹ ਹੀ ਬਚਿਆ ਸੀ।

**ਕੰਡਿਆਂ ਭਰੇ ਰਾਹ 'ਤੇ:**

ਆਪਣੀ ਬੇਟੀ ਨੂੰ ਠੀਕ ਕਰਨ ਦੀ ਆਸ ਨਾਲ ਮਾਂ ਰਿਸ਼ਤੇਦਾਰਾਂ ਨਾਲ ਚੇਲਿਆਂ ਦੀਆਂ ਚੌਂਕੀਆਂ ਭਰਨ ਲੱਗੀ। ਨੌਵੀਂ ਦੇ ਸਲਾਨਾ ਪੇਪਰਾਂ ਵਿੱਚ ਨਾ ਬੈਠ ਸਕਣ ਕਾਰਣ ਲੜਕੀ ਦੀ ਮਾਨਸਿਕ ਹਾਲਤ ਤਰਸਯੋਗ ਹੋ ਗਈ। ਉੱਪਰੋਂ ਚੇਲਿਆਂ, ਬਾਬਿਆਂ ਦੁਆਰਾ ਪੈਦਾ ਕੀਤੇ ਜਾਂਦੇ ਡਰ ਤੇ ਸਹਿਮ ਨੇ ਲੜਕੀ ਦਾ ਜਿਉਣਾ ਦੁੱਭਰ ਕਰ ਦਿੱਤਾ। ਇਹ ਖਤਰਨਾਕ ਟੂਣਾ ਟੱਪੀ ਹੈ। ਟੂਣੇ ਵਾਲੀ ਕਚੀਲ ਇਸ ਦੇ ਪਿੱਛੇ ਪਈ ਹੈ। ਉਸਦੇ ਕਾਲੇ ਸਾਏ ਤੋਂ ਖਹਿੜਾ ਛੁਡਾਉਣਾ ਸੌਖਾ ਕੰਮ ਨਹੀਂ। ਉਹੋ ਕਚੀਲ ਰਾਤ ਨੂੰ ਇਸਦਾ ਸਾਹ ਰੋਕਦੀ ਹੈ। ਅਜਿਹੇ ਬੋਲ ਸੁਣ ਸੁਣ ਲੜਕੀ ਦੇ ਮਨ ਅੰਦਰ ਸਹਿਮ ਘਰ ਕਰਦਾ ਜਾਂਦਾ। ਰਾਤ ਨੂੰ ਨੀਂਦ ਬੇਚੈਨੀ ਵਿੱਚ ਬਦਲ ਜਾਂਦੀ। ਇਹ ਹਾਲਤ

ਭੁੱਖ, ਪਿਆਸ ਦੀ ਵੀ ਦੁਸ਼ਮਣ ਬਣ ਬੈਠੀ।

ਅਗਲੇ ਚੇਲੇ ਨੇ ਪ੍ਰੇਤ ਦਾ ਸਾਇਆ ਦਸਦਿਆਂ ਕਈ ਮਹੀਨੇ ਉਲਝਾਈ ਰੱਖਿਆ। ਸਕੂਲ ਦੇ ਸਿੱਖਿਆ,ਗਿਆਨ ਵਾਲੇ ਮਾਹੌਲ ਤੋਂ ਹਨੇਰੇ ਤੇ ਡਰ ਦੀ ਦੁਨੀਆਂ ਵਿੱਚ ਪਹੁੰਚੀ ਲੜਕੀ ਨੂੰ ਕੋਈ ਰਾਹ ਨਹੀਂ ਸੀ ਨਜ਼ਰ ਆ ਰਿਹਾ। ਉਸ ਦੇ ਪੜ੍ਹ ਲਿਖ ਕੇ ਕੁਝ ਬਣਨ ਦੇ ਸੁਪਨੇ ਮਰਨ ਲੱਗੇ। ਉਹ ਨਿਰਾਸ਼ਾ ਵਿੱਚ ਡੁੱਬਣ ਲੱਗੀ।ਉਸਨੂੰ ਆਪਣੇ ਠੀਕ ਹੋ ਕੇ ਮੁੜ ਸਕੂਲ ਜਾਣ ਦੀ ਆਸ ਮੁਕਦੀ ਨਜ਼ਰ ਆਉਣ ਲੱਗੀ। ਪਰਿਵਾਰ ਲੜਕੀ ਦੇ ਠੀਕ ਹੋਣ ਦੀ ਆਸ ਲੈ ਕੇ ਡੇਰਿਆਂ ’ਤੇ ਭਟਕਦਾ ਰਿਹਾ। ਜਿੰਨੇ ਚੇਲੇ, ਓਨੀਆਂ ਹੀ ਇੱਲ ਬਲਾਵਾਂ ਦੇ ਬਹਾਨੇ। ਸਾਰਿਆਂ ਦੀਆਂ ਆਪੋ ਆਪਣੀਆਂ ਸੁਖ ਸੀਰਨੀਆਂ। ਸਾਰਿਆਂ ਵੱਲੋਂ ਲਈਆਂ ਕੜਾਹੀਆਂ ਤੇ ਸੀਰਨੀਆਂ ਨੇ ਪਰਿਵਾਰ ਨੂੰ ਕੰਗਾਲ ਕਰ ਦਿੱਤਾ। ਅਜਿਹੀ ਹਾਲਤ ਵਿੱਚ ਘਰੇ ਲੜ੍ਹਾਈ ਝਗੜਾ ਰਹਿਣ ਲੱਗਾ। ਲੜਕੀ ਨੇ ਮੰਜਾ ਮੱਲ ਲਿਆ।

**ਜ਼ਿੰਦਗੀ ਲੀਹ ’ਤੇ :**

ਜਦ ਪਰਿਵਾਰ ਹਾਰ ਕੇ ਬੈਠ ਗਿਆ ਤਾਂ ਲੜਕੀ ਨੂੰ ਪੜ੍ਹਾਉਣ ਵਾਲੀ ਇੱਕ ਅਧਿਆਪਕਾ ਹਮਦਰਦੀ ਵੱਸ ਉਨ੍ਹਾਂ ਦੇ ਘਰ ਪਹੁੰਚੀ। ਹੁਸ਼ਿਆਰ ਤੇ ਆਗਿਆਕਾਰ ਲੜਕੀ ਦੀ ਮੰਦੀ ਹਾਲਤ ਵੇਖ ਕੇ ਉਸਨੂੰ ਨਿਰਾਸ਼ਾ ਹੋਈ। ਸਾਰੀ ਹਾਲਤ ਜਾਣ ਕੇ ਉਸਨੇ ਮਸ਼ਵਰਾ ਕੇਂਦਰ ਦਾ ਪਤਾ ਦਿੱਤਾ। ਨਾਲ ਹੀ ਆਪਣੇ ਵੱਲੋਂ ਲੜਕੀ ਦੇ ਠੀਕ ਹੋਣ ਤੱਕ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ। ਹਰ ਪਾਸਿਓਂ ਨਿਰਾਸ਼ ਹੋਈ ਮਾਂ ਨੂੰ ਆਸ ਦੀ ਕਿਰਨ ਨਜ਼ਰ ਆਈ। ਉਸਨੂੰ ਜ਼ਿੰਦਗੀ ਲੀਹ ’ਤੇ ਆਉਣ ਦੀ ਆਸ ਨਜ਼ਰ ਆਈ।

**ਜਿਉਣ ਵੱਲ ਤੁਰਦਿਆਂ:**

ਮਸ਼ਵਰਾ ਕੇਂਦਰ ਤੇ ਪਰਿਵਾਰ ਨਾਲ ਪੁੱਜੀ ਲੜਕੀ ਚੁੱਪ ਚਾਪ ਸੀ। ਚਿਹਰੇ ਤੋਂ ਨਿਰਾਸ਼ਾ ਸਾਫ਼ ਝਲਕਦੀ ਸੀ। ਮਾਂ ਬਾਪ ਦੀ ਸੁਣਨ ਤੋਂ ਬਾਅਦ ਉਸਨੂੰ ਬੁਲਾਇਆ। ਪੁੱਛਣ ’ਤੇ ਉਸਨੇ ਆਪਣਾ ਨਾਂ ਸੁਮਨ ਦੱਸਿਆ। ਘਰ ਪਰਿਵਾਰ ਦੀਆਂ ਗੱਲਾਂ ਕਰਦਿਆਂ ਹੌਲੀ ਹੌਲੀ ਮੈਂ ਉਸਨੂੰ ਸਹਿਜ ਅਵਸਥਾ ਵਿੱਚ ਲਿਆਂਦਾ। ਸਕੂਲ ਦੀਆਂ ਗੱਲਾਂ ਛੇੜੀਆਂ। ਘੰਟੇ ਭਰ ਦੀ ਕੋਸ਼ਿਸ਼ ਸਫਲ ਹੋਣ ਲੱਗੀ। ਉਹ ਆਪਣੇ ਬਾਰੇ, ਸਕੂਲ਼ ਤੇ ਘਰ ਦੇ ਮਾਹੌਲ ਬਾਰੇ ਦੱਸਣ ਲੱਗੀ। ਸੁਮਨ ਸਹਿਜ ਹੁੰਦਿਆਂ ਦੱਸਣ ਲੱਗੀ। ਅੰਕਲ, ਮੇਰਾ ਸਕੂਲ ਬਹੁਤ ਵਧੀਆ ਹੈ। ਅਧਿਆਪਕ ਮੈਨੂੰ ਬਹੁਤ ਪਿਆਰ ਕਰਦੇ ਹਨ। ਮੇਰੀ ਦਾਦੀ ਮਾਂ ਹਰ ਵੇਲ਼ੇ ਬੋਲਦੀ ਰਹਿੰਦੀ ਹੈ। ਉਸਨੂੰ ਪੜ੍ਹਨਾ, ਬੋਲਣਾ, ਹੱਸਣਾ ਤੇ ਘਰ ਦਾ ਕੰਮ ਕਰਨਾ ਕੁਝ ਵੀ ਪਸੰਦ ਨਹੀਂ। ਮੇਰੀ ਇੱਕ ਛੋਟੀ ਭੈਣ ਵੀ ਹੈ, ਛੇਵੀਂ ਜਮਾਤ ਵਿੱਚ ਪੜ੍ਹਦੀ ਹੈ। ਸਾਥੋਂ ਕੋਈ ਗ਼ਲਤੀ ਵੀ ਨਹੀਂ ਹੋਈ, ਫਿਰ ਵੀ ਪਤਾ ਨਹੀਂ ਕਿਉਂ ਦਾਦੀ ਮਾਂ ਸਾਨੂੰ ਚੰਗਾ ਨਹੀਂ ਸਮਝਦੀ। ਮਾਂ ਦੀ ਵੀ ਹਰ ਵੇਲ਼ੇ ਟੋਕਾ ਟਾਕੀ ਕਰਦੀ ਰਹਿੰਦੀ ਹੈ। ਇਸ ਤਰ੍ਹਾਂ ਦਾ ਮਾਹੌਲ ਨਿਰਾਸ਼ ਕਰਦਾ ਹੈ।

ਦਾਦੀ ਮਾਂ ਵਾਂਗ ਸੋਚਦਿਆਂ ਪਾਪਾ ਜੀ ਵੀ ਸਾਡੇ ਨਾਲ ਅਜਿਹਾ ਵਿਹਾਰ ਕਰਨ ਲੱਗੇ ਹਨ। ਜਦੋਂ ਤੋਂ ਮੈਂ ਬਿਮਾਰ ਹੋਈ ਹਾਂ, ਉਨ੍ਹਾਂ ਤੋਂ ਦੋ ਹਮਦਰਦੀ ਦੇ ਬੋਲ ਵੀ ਨਹੀਂ ਸਰੇ। ਇਲਾਜ ਤੇ ਚੇਲਿਆਂ ਕੋਲ ਖਰਚਾ ਹੋਣ ’ਤੇ ਪਾਪਾ ਨਸ਼ਿਆਂ ਦਾ ਸਹਾਰਾ ਲੈਣ ਲੱਗੇ। ਮਾਂ ਦੀ ਮਜਬੂਰੀ ਨਜ਼ਰ ਆਉਂਦੀ ਹੈ ਪਰ ਅਸੀਂ ਕੁਸ਼ ਨੀ ਕਰ ਸਕਦੀਆਂ। ਏਸੇ ਚੱਕਰ ਵਿੱਚ ਮੇਰੀ ਇੱਕ ਸਾਲ ਦੀ ਪੜ੍ਹਾਈ ਵੀ ਖ਼ਰਾਬ ਹੋ ਗਈ ਪਰ ਅਜੇ ਵੀ ਗੱਲ ਉੱਥੇ ਹੀ ਖੜ੍ਹੀ ਹੈ। ਇਹ ਦੱਸਦਿਆਂ ਸੁਮਨ ਰੋਣ ਲੱਗ ਪਈ। ਮੈਂ ਉਸਨੂੰ ਦਿਲਾਸਾ ਦਿੰਦਿਆਂ ਭਰੋਸਾ ਦਿੱਤਾ ਕਿ ਤੁਹਾਡਾ ਮਸਲਾ ਹੱਲ ਕਰਕੇ ਭੇਜਾਂਗਾ।

ਸੁਮਨ ਦੇ ਮਾਂ ਬਾਪ ਨੂੰ ਮੁੜ ਬੁਲਾਇਆ। ਚਰਚਾ ਕੀਤੀ। ਮਾਂ ਤਾਂ ਪਹਿਲਾਂ ਹੀ ਸਹਿਮਤ ਸੀ। ਸੁਮਨ ਦੇ ਪਾਪਾ ਵੀ ਪਰਿਵਾਰ ਦੀ ਖ਼ੁਸ਼ੀ ਤੇ ਧੀਆਂ ਦੇ ਭਵਿੱਖ ਲਈ ਮੇਰੇ ਸੁਝਾਵਾਂ ਨਾਲ ਸਹਿਮਤ ਹੋ ਗਏ। ਮੈਂ ਉਨ੍ਹਾਂ ਨੂੰ ਦੋ ਹਫ਼ਤਿਆਂ ਬਾਅਦ ਕੇਂਦਰ ’ਤੇ ਮੁੜ ਆਉਣ ਲਈ ਆਖਿਆ। ਮੁੜ ਜਦ ਸੁਮਨ ਕੇਂਦਰ ’ਤੇ ਆਈ ਤਾਂ ਨੌਂ ਬਰ ਨੌਂ ਦਿਸੀ। ਖ਼ੁਸ਼ ਹੁੰਦੀ ਕਹਿਣ ਲੱਗੀ, ਹੁਣ ਮੈਂ ਸਕੂਲ ਜਾਣ ਲੱਗ ਪਈ ਹਾਂ। ਘਰੇ ਵੀ ਸਭ ਠੀਕ ਹੈ। ਉਸਦੇ ਮਾਂ ਬਾਪ ਵੀ ਘਰ ਦੀਆਂ ਖ਼ੁਸ਼ੀਆਂ ਪਰਤ ਆਉਣ ’ਤੇ ਧੰਨਵਾਦ ਕਰਨ ਲੱਗੇ। ਸੁਮਨ ਕੁਝ ਪੁਸਤਕਾਂ ਤੇ ‘ਤਰਕਸ਼ੀਲ’ ਮੈਗਜ਼ੀਨ ਲੈ ਕੇ ਪਰਤ ਗਈ। ਜਿਉਣ ਦੇ ਰਾਹ ’ਤੇ ਇਹ ਸੁਮਨ ਦੀ ਪਹਿਲੀ ਪੁਲਾਂਘ ਸੀ।

**ਵਿਤਕਰਾ ਨਹੀਂ ਬਰਾਬਰੀ:**

ਸੁਮਨ ਦਾ ਸਾਹ ਘਰ ਦੇ ਵਿਤਕਰੇ ਨਾਲ ਰੁਕਦਾ ਸੀ। ਜਿਹੜਾ ਉਸਦੇ ਜਿਉਣ ਵਿੱਚ ਰੁਕਾਵਟ ਬਣਦਾ ਸੀ। ਘਰ ਦੇ ਮਾਹੌਲ ਨੇ ਹੀ ਉਸਨੂੰ ਮਾਨਸਿਕ ਬਿਮਾਰੀ ਦਿੱਤੀ। ਵਹਿਮਾਂ ਭਰਮਾਂ ਦੀ ਜੰਮਣ ਭੋਇੰ ਨੇ ਉਸਨੂੰ ਹਨੇਰੇ ਵੱਲ ਧੱਕਿਆ। ਇਹ ਗੱਲ ਸਮਝਣ ਦੀ ਲੋੜ ਹੈ ਕਿ ਘਰ ਪਰਿਵਾਰ ਤੋਂ ਸ਼ੁਰੂ ਹੁੰਦੇ ਵਿਤਕਰੇ, ਦਾਬੇ ਸਮਾਜ ਵਿੱਚ ਮੁਸ਼ਕਲਾਂ ਪੈਦਾ ਕਰਦੇ ਹਨ। ਸਮਾਜਿਕ ਤੇ ਰਾਜ ਪ੍ਰਬੰਧ ਦੇ ਵਿਤਕਰੇ, ਬੇਇਨਸਾਫ਼ੀ ਸਮੱਸਿਆਵਾਂ ਦੀ ਜੜ੍ਹ ਹਨ, ਜਿਨ੍ਹਾਂ ਨੂੰ ਤਰਕਸ਼ੀਲਤਾ, ਗਿਆਨ, ਚੇਤਨਾ ਤੇ ਸੰਤੁਲਿਤ ਪਹੁੰਚ ਨਾਲ ਮਾਤ ਦਿੱਤੀ ਜਾ ਸਕਦੀ ਹੈ। ਅਜਿਹੇ ਅਮਲਾਂ ਦੀਆਂ ਪੈੜਾਂ ਬਰਾਬਰੀ ਵਾਲੇ ਸਮਾਜ ਵੱਲ ਜਾਂਦੀਆਂ ਹਨ।

**ਮੁਖੀ, ਕ੍ਰਿਸ਼ਨ ਬਰਗਾੜੀ ਯਾਦਗਾਰੀ ਮਸ਼ਵਰਾ ਕੇਂਦਰ,**
**ਬਰਗਾੜੀ (ਫਰੀਦਕੋਟ) 98143 37522**

*ਬਾਤਾਂ ਉਮਰ ਅਤੇ ਸਿਹਤਮੰਦ ਬੁਢਾਪੇ ਦੀਆਂ - 9*



# ਵਿਟਾਮਿਨ, ਬੈਕਟੀਰੀਆ ਅਤੇ ਤਣਾਅ

**ਡਾ. ਸੁਰੇਸ਼ ਰਤਨ**

*(ਡਾਕਟਰ ਸੁਰੇਸ਼ ਰਤਨ ਇਕ ਜੀਵ-ਵਿਗਿਆਨੀ ਹਨ ਜੋ ਮਨੁੱਖੀ ਉਮਰ ਤੇ ਬੁਢਾਪੇ ਬਾਰੇ ਆਪਣੀਆਂ ਵਿਗਿਆਨਕ ਖੋਜਾਂ ਕਰਕੇ ਸੰਸਾਰ ਪ੍ਰਸਿੱਧ ਹਨ। ਉਹ ਅੱਜਕੱਲ੍ਹ ਡੈਨਮਾਰਕ ਵਿਖੇ ਰਹਿ ਰਹੇ ਹਨ। ਇਹ ਲੇਖ ਉਨ੍ਹਾਂ ਦੇ ਕਰੋਨਾ ਵਾਇਰਸ ਕਰਕੇ ਲੌਕ-ਡਾਊਨ ਦਰਮਿਆਨ, ਅਪ੍ਰੈਲ-ਮਈ 2020 ਵਿਚ ਕੀਤੀ ਹੋਈ ਇਕ ਅਠੱਤੀ ਗੱਲਾਂ ਬਾਤਾਂ ਦੀ ਫੇਸਬੁੱਕ ਦੀ ਲੜੀ ਜੋ ਯੁਟਿਊਬ 'ਤੇ ਵੀ ਸੁਣੀ ਜਾ ਸਕਦੀ ਹੈ, ਦਾ ਲਿਖਤੀ ਰੂਪਾਂਤਰਣ ਹੈ, ਜਿਸਨੂੰ ਅਸੀਂ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ।ਇਸ ਵਾਰ ਪੇਸ਼ ਹੈ ਲੜੀ ਨੰਬਰ 21 ਤੇ 22- ਸੰਪਾਦਕ)*

ਅੱਜ-ਕੱਲ੍ਹ ਕਾਸਮੈਟਿਕਸ ਲਈ ਇਕ ਨਵਾਂ ਸ਼ਬਦ 'ਐਸਥੈਟਿਕ ਮੈਡਿਸੀਨ' ਵੀ ਵਰਤਿਆ ਜਾਂਦਾ ਹੈ। ਕਈ ਗੋਲੀਆਂ, ਐਂਟੀਆਕਸੀਡੈਂਟਸ ਵਗੈਰਾ ਨੂੰ ਵੀ ਇਸੇ ਨਾਂ ਨਾਲ ਸੱਦਿਆ ਜਾਂਦਾ ਹੈ। ਮੇਰੇ ਲੈਕਚਰ ਸੁਣ ਕੇ ਮੇਰੇ ਕੁਝ ਦੋਸਤਾਂ ਨੇ, ਜੋ ਕਾਸਮੈਟਿਕਸ ਤਿਆਰ ਕਰਨ ਦੇ ਉਦਯੋਗਾਂ ਵਿੱਚ ਸਰਗਰਮ ਹਨ, ਮੈਨੂੰ ਹਾਸੇ-ਹਾਸੇ ਵਿੱਚ ਕਿਹਾ, "ਕਿਉਂ ਤੂੰ ਕਾਸਮੈਟਿਕਸ ਬਾਰੇ, ਭੰਡੀ ਪ੍ਰਚਾਰ ਕਰਕੇ, ਸਾਡਾ ਕਾਰੋਬਾਰ ਖਤਮ ਕਰਨ ਲੱਗਾ ਹੈ?"

ਦੂਜੇ ਪਾਸੇ ਮੇਰੀ ਇੱਕ ਦੋਸਤ, ਜੋ ਫਰਾਂਸ ਦੀ ਕਾਸਮੈਟਿਕਸ ਦੀ ਇਕ ਵੱਡੀ ਕੰਪਨੀ ਵਿੱਚ ਖੋਜੀ ਹੈ, ਨੇ ਬੜੀ ਦਿਲਚਸਪ ਗੱਲ ਦੱਸੀ ਕਿ ਕੋਰੋਨਾ ਦੌਰ ਵਿੱਚ ਕਾਸਮੈਟਿਕਸ ਦਾ ਕਾਰੋਬਾਰ ਵਧ ਜਾਂਦਾ ਹੈ। ਕਾਸਮੈਟਿਕਸ ਦੇ ਖੇਤਰ ਵਿੱਚ ਅਨਿਸ਼ਚਿਤਤਾ ਦਾ ਦੌਰ ਹਮੇਸ਼ਾ ਫਾਇਦੇ ਵਾਲਾ ਕਾਰੋਬਾਰ ਸਿੱਧ ਹੁੰਦਾ ਹੈ। ਕੋਰੋਨਾ ਦੇ ਦੌਰਾਨ ਵੀ ਅਜਿਹਾ ਹੋਇਆ ਹੈ। ਕਾਸਮੈਟਿਕਸ ਦੇ ਸੰਦਰਭ ਵਿੱਚ ਪ੍ਰਚੱਲਤ ਮਿੱਥਾਂ ਨੂੰ ਤੋੜਨਾ, ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਲੇਖਾ ਜੋਖਾ, ਇੱਕ ਖੋਜੀ ਨਹੀਂ ਕਰੇਗਾ ਤਾਂ ਕੌਣ ਕਰੇਗਾ? ਮੈਂ ਆਪਣੇ ਹਾਸਲ ਗਿਆਨ ਦੇ ਅਧਾਰ 'ਤੇ ਨਾ ਤਾਂ ਕਿਸੇ ਇਕ ਚੀਜ਼ ਜਾਂ ਤਰੀਕੇ ਨੂੰ ਦੁਸ਼ਮਣ ਮੰਨ ਕੇ ਉਸਨੂੰ ਖਤਮ ਕਰਨ ਵਿੱਚ ਵਿਸ਼ਵਾਸ਼ ਕਰਦਾ ਹਾਂ, ਨਾ ਹੀ ਮੈਂ ਕਿਸੇ ਉਤਪਾਦ ਨੂੰ ਜਾਦੂਮਈ ਉਤਪਾਦ ਕਹਿ ਕੇ ਵਡਿਆਉਂਦਾ ਹਾਂ।

ਅੱਜ ਅਸੀਂ ਨਿੱਕੇ ਨਿੱਕੇ ਰਸਾਇਣਕ ਅਣੂਆਂ ਵਿਟਾਮਿਨਾਂ ਬਾਰੇ ਵੀ ਚਰਚਾ ਕਰਾਂਗੇ। ਇਹ ਸਾਡੇ ਜਿਉਂਦੇ ਰਹਿਣ ਅਤੇ ਤੰਦਰੁਸਤ ਰਹਿਣ ਲਈ ਜਰੂਰੀ ਹੁੰਦੇ ਹਨ। ਵਿਟਾਮਿਨ ਸੰਨ 1912 'ਚ ਪੌਲਿਸ ਵਿਗਿਆਨੀ ਕੈਸੀਮੀਅਰ ਫੁੰਕ ਨੇ ਲੱਭੇ ਸਨ। ਵਿਟਾਮਿਨ ਵਿਟਾ+ਅਮੀਨ ਤੋਂ ਬਣਿਆਂ ਹੈ। ਵਿਟਾ ਦਾ ਅਰਥ ਹੈ ਜ਼ਿੰਦਗੀ, ਮਿਨ ਦਾ ਮਤਲਬ ਅਮੀਨ ਜਾਣੀ ਕਿ ਜ਼ਿੰਦਗੀ ਲਈ ਮਦਦ ਕਰਨ ਵਾਲੇ ਰਸਾਇਣ।

ਮਨੁੱਖ ਨੂੰ ਸਰੀਰਕ ਸਰਗਰਮੀਆਂ ਨੂੰ ਤੁਰਤ ਫੁਰਤ ਬਣਾਈ ਰੱਖਣ ਲਈ, ਤਕਰੀਬਨ ਤੇਰਾਂ ਵਿਟਾਮਿਨਾਂ ਦੀ ਲੋੜ ਪੈਂਦੀ ਹੈ। ਇਹ ਵਿਟਾਮਿਨ ਮਨੁੱਖੀ ਸਿਹਤ ਲਈ ਬੜੇ ਜਰੂਰੀ ਸਮਝੇ ਜਾਂਦੇ ਹਨ। ਵਿਟਾਮਿਨਾਂ ਬਾਰੇ ਸੱਚੀ ਝੂਠੀ ਜਾਣਕਾਰੀ ਨਾਲ ਵੈਬਸਾਈਟਾਂ ਭਰੀਆਂ ਪਈਆਂ ਹਨ। ਵਿਟਾਮਿਨ ਦੋ ਤਰ੍ਹਾਂ ਨਾਲ ਮਿਲਦੇ ਹਨ - ਕੁਦਰਤੀ ਤੌਰ 'ਤੇ ਪੌਦਿਆਂ ਵਿੱਚੋਂ ਵੀ ਤੇ ਕੰਪਨੀਆਂ ਦੁਆਰਾ ਤਿਆਰ ਕੀਤੇ ਜਾਣ ਵਾਲੇ ਸਿੰਥੈਟਿਕ ਵਿਟਾਮਿਨ ਵੀ। ਕੁੱਝ ਲੋਕਾਂ ਨੂੰ ਲਗਦਾ ਹੈ ਕਿ ਕੁਦਰਤੀ ਮਿਲਣ ਵਾਲੇ ਵਿਟਾਮਿਨ ਗੋਲੀ ਵਾਲੇ ਵਿਟਾਮਿਨਾਂ ਤੋਂ ਬਿਹਤਰ ਹੁੰਦੇ ਹਨ। ਨਹੀਂ। ਸਾਡੇ ਸਰੀਰ ਨੂੰ ਇਸਦਾ ਕੋਈ ਫਰਕ ਨਹੀਂ ਪੈਂਦਾ ਕਿ ਇਹ ਕੁਦਰਤੀ ਤੌਰ 'ਤੇ ਤਿਆਰ ਕੀਤਾ ਵਿਟਾਮਿਨ ਹੈ ਜਾਂ ਕਿ ਗੋਲੀ ਖਾਕੇ ਪ੍ਰਾਪਤ ਕੀਤਾ ਹੈ।

ਇਹ ਗੱਲ ਸਪਸ਼ਟ ਹੋ ਗਈ ਹੈ ਕਿ ਜੇ ਸਰੀਰ ਵਿੱਚ ਕਿਸੇ ਖਾਸ ਵਿਟਾਮਿਨਾਂ ਦੀ ਕਮੀ ਹੋ ਜਾਵੇ ਤਾਂ ਇਹ ਕਾਫੀ ਨੁਕਸਾਨਦੇਹ ਸਾਬਤ ਹੁੰਦੇ ਹਨ। ਮਿਸਾਲ ਦੇ ਤੌਰ ਤੇ 'ਵਿਟਾਮਿਨ ਡੀ' ਜੋ ਸਾਡੀਆਂ ਹੱਡੀਆਂ ਨੂੰ ਕੈਲਸੀਅਮ ਦੇ ਸੋਖਣ ਦੇ ਲਈ ਅਤਿ ਜਰੂਰੀ ਹੈ, ਦੀ ਕਮੀ ਸਰੀਰ ਲਈ ਨੁਕਸਾਨ ਦੇਹ ਹੁੰਦੀ ਹੈ। ਜਰੂਰੀ ਹੋ ਜਾਂਦਾ ਹੈ ਕਿ ਵਿਟਾਮਿਨ ਡੀ ਦੀ ਜਾਂਚ ਸਮੇਂ ਸਮੇਂ ਕਰਵਾਈ ਜਾਂਦੀ ਰਹੇ। ਬੁਢਾਪੇ ਵਿੱਚ ਬੀ -12 ਦੀ ਕਮੀ ਨਾਲ ਵੀ ਸਰੀਰ ਹਾਰਿਆ ਹੰਭਿਆ ਲੱਗਦਾ ਹੈ। ਕਈ ਵਿਟਾਮਿਨ ਪਾਣੀ ਵਿੱਚ ਘੁਲ ਜਾਂਦੇ ਹਨ। ਕਈਆਂ ਨੂੰ ਘੁਲਣ ਲਈ ਚਰਬੀ ਦੀ ਲੋੜ ਹੁੰਦੀ ਹੈ। ਅਜਿਹੇ ਵਿਟਾਮਿਨ ਰੋਟੀ ਖਾਣ ਪਿੱਛੋਂ ਹੀ ਲਏ ਜਾਂਦੇ ਹਨ। ਵਿਟਾਮਿਨ ਘਟ ਜਾਣ ਤਾਂ ਵੀ ਖਤਰਨਾਕ, ਜੇ ਵਿਟਾਮਿਨ ਵੱਧ ਮਾਤਰਾ ਵਿੱਚ ਲੈ ਲਈਏ ਉਹ ਸਰੀਰ ਵਿੱਚ ਜਮਾ ਹੋ ਕੇ, ਜ਼ਹਿਰ ਬਣ ਜਾਂਦੇ ਹਨ। ਖਾਸ ਕਰਕੇ ਵਿਟਾਮਿਨ ਏ ਤੇ ਡੀ। ਜੇ ਅਸੀਂ ਸੰਤੁਲਿਤ ਭੋਜਨ ਖਾਂਦੇ ਹਾਂ ਤਾਂ ਵਿਟਾਮਿਨ ਲੈਣ ਦੀ ਬਹੁਤੀ ਲੋੜ ਵੀ ਨਹੀਂ ਹੁੰਦੀ।

ਵਿਟਾਮਿਨਾਂ ਨੂੰ ਕੋਈ 'ਜਾਦੂਮਈ ਦਵਾਈ' ਨਹੀਂ ਸਮਝਣਾ ਚਾਹੀਦਾ, ਜਿਨ੍ਹਾਂ ਨੂੰ ਸਰੀਰ ਵਿੱਚ ਘੱਲ ਕੇ ਅਸੀਂ ਪੂਰਨ ਆਰੋਗਤਾ ਦੀ ਉਮੀਦ ਕਰ ਸਕੀਏ। ਕਈ ਵਾਰ ਅਸੀਂ ਮਲਟੀਵਿਟਾਮਿਨ ਦੀ ਗੋਲੀ ਲੈ ਕੇ, ਸਰੀਰ ਦਾ ਤਾਂ ਚਾਹੇ ਕੁਝ ਸੰਵਾਰ ਸਕੀਏ ਜਾਂ ਨਾ, ਇਹ ਗੋਲੀ ਮਨ ਦੀ ਸੰਤੁਸ਼ਟੀ ਜਰੂਰ ਦੇ ਜਾਂਦੀ ਹੈ।

ਦਵਾਈਆਂ ਵਾਲੇ ਪੌਦਿਆਂ ਦੀ ਸਾਡੇ ਕੋਲ ਇਕ ਲੰਬੀ ਸੂਚੀ ਉਪਲਬਧ ਹੈ। ਪਰ ਪੌਦਿਆਂ ਦੇ ਅਰਕਾਂ ਨੂੰ ਇਕ ਦੂਜੇ ਨਾਲ ਮਿਲਾ ਕੇ ਸਿਹਤ 'ਤੇ ਨਿਰੀਖਣ ਕਰਨਾ ਐਨਾ ਸੌਖਾ ਨਹੀਂ। ਆਪਾਂ ਹਲਦੀ ਦੇ ਜ਼ਖ਼ਮਾਂ ਨੂੰ ਭਰਨ, ਚਮੜੀ ਨਿਖਾਰਨ ਆਦਿ ਦੇ ਗੁਣਾਂ ਤੋਂ ਸਭ ਵਾਕਫ ਹਾਂ। ਪਰ ਇਸ ਵਿੱਚ ਮੌਜੂਦ ਕੁਰਕੁਮੀਨ ਪਦਾਰਥ 'ਤੇ ਹੋ ਰਹੀ ਖੋਜ ਨੇ ਅਜੇ ਬੜਾ ਕੁੱਝ ਸਪਸ਼ਟ ਕਰਨਾ ਹੈ। ਬੁਢਾਪੇ ਵਿੱਚ 'ਅਸ਼ਵਗੰਧਾ' ਬੂਟੇ ਦਾ ਜੇ ਕੋਈ ਸਿੱਧਾ ਸੇਵਨ ਕਰ ਲਵੇ ਤਾਂ ਉਹ ਜੀਵਨ ਲੀਲਾ ਤੋਂ ਹੱਥ ਧੋ ਸਕਦਾ ਹੈ। ਜੇ ਕੁਸ਼ਤਾ ਮਾਰ ਕੇ ਤਿਆਰ ਅਸਵਗੰਧਾ ਖਾਈਏ, ਇਹ ਸਿਹਤ ਲਈ ਲਾਹੇਵੰਦ ਹੁੰਦਾ ਹੈ।ਖੋਜਾਂ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ। ਵਿਟਾਮਿਨ ਭਾਵੇਂ ਸਰੀਰ ਵਿੱਚ ਤੁੰਨ ਲਈਏ, ਪਰ ਇਹ ਤੰਦਰੁਸਤੀ ਦੀ ਗਰੰਟੀ ਨਹੀਂ ਬਣਦੇ। ਵਿਟਾਮਿਨਾਂ ਦੀਆਂ ਗੱਲਾਂ ਤਾਂ ਲੰਬੇ ਸਮੇਂ ਤੋਂ ਚੱਲਦੀਆਂ ਆ ਰਹੀਆਂ ਹਨ। ਪਰ ਇਨ੍ਹਾਂ ਬਾਰੇ ਕੋਈ ਵਿਗਿਆਨਕ ਇੱਕਮਤ ਨਹੀਂ ਬਣ ਸਕਿਆ।

ਹੁਣ ਗੱਲ ਕਰੀਏ ਪ੍ਰੀਬਾਇਓਟਿਕਸ ਤੇ ਪ੍ਰੋਬਾਇਓਟਿਕਸ ਦੀ। ਸਾਡੇ ਸਰੀਰ ਵਿਚ ਦਸ ਕੁ ਹਜ਼ਾਰ ਕਿਸਮਾਂ ਦੇ ਕਰੋੜਾਂ ਅਰਬਾਂ ਦੀ ਤਾਦਾਦ ਵਿਚ ਬੈਕਟੀਰੀਆ ਹਨ। ਇਹ ਸਾਡੀ ਚਮੜੀ ਤੋਂ ਲੈ ਕੇ ਮੂੰਹ, ਗਲੇ, ਪੇਟ, ਤੇ ਸਭ ਤੋਂ ਵੱਧ ਸਾਡੀਆਂ ਅੰਤੜੀਆਂ ਵਿੱਚ ਮੌਜੂਦ ਹੁੰਦੇ ਹਨ। ਇਸ ਸਾਰੇ ਲਈ ਅਸੀਂ ਸ਼ਬਦ ਵਰਤਦੇ ਹਾਂ ਮਾਈਕ੍ਰੋਬਾਇਓਮ (Microbiome) ਇਹ ਪ੍ਰਬੰਧ ਏਨਾ ਵੱਡਾ ਹੈ ਕਿ ਜਿੰਨੇ ਸਾਡੇ ਸਰੀਰ ਦੇ ਸੈੱਲ ਹਨ ਉਸ ਤੋਂ 5-6 ਗੁਣਾ ਵੱਧ ਸੈੱਲ ਇਨ੍ਹਾਂ ਬੈਕਟੀਰੀਆ ਦੇ ਹਨ। ਪਰ ਇਨ੍ਹਾਂ ਦਾ ਅਕਾਰ ਏਨਾ ਛੋਟਾ ਹੁੰਦਾ ਹੈ ਕਿ ਇੱਕ 70 ਕੁ ਕਿੱਲੋ ਦੇ ਬੰਦੇ ਵਿੱਚ 2-3 ਕਿੱਲੋ ਬੈਕਟੀਰੀਆ ਹੁੰਦੇ ਹਨ। ਇਹ ਸਾਡੇ ਜਿਉਂਦੇ ਰਹਿਣ ਲਈ ਓਨੇ ਹੀ ਜ਼ਰੂਰੀ ਹਨ ਜਿੰਨਾ ਸਾਡੇ ਸਰੀਰ ਦਾ ਕੋਈ ਹੋਰ ਅੰਗ। ਇਸ ਦੀ ਮਹੱਤਤਾ ਬਾਰੇ ਖੋਜ ਪਿਛਲੇ ਦਸ ਕੁ ਸਾਲ ਤੋਂ ਹੀ ਸ਼ੁਰੂ ਹੋਈ ਹੈ। ਬੈਕਟੀਰੀਆ ਸਾਡੇ ਨਾਲੋਂ ਕੋਈ 3 ਅਰਬ ਸਾਲ ਪਹਿਲਾਂ ਹੋਂਦ ਵਿੱਚ ਆਏ। ਪ੍ਰੀਬਾਇਓਟਿਕ ਉਹ ਭੋਜਨ ਹੁੰਦੇ ਹਨ ਜੋ ਸਾਡੇ ਸਰੀਰ ਲਈ ਚੰਗੇ ਬੈਕਟੀਰੀਆ ਨੂੰ ਵਧਾਉਣ ਲਈ ਕੰਮ ਆਉਂਦੇ ਹਨ। ਜੋ ਭੋਜਨ ਸਾਨੂੰ ਪੌਦਿਆਂ ਤੋਂ ਮਿਲਦੇ ਹਨ ਉਹਨਾਂ ਨੂੰ ਹਜ਼ਮ ਕਰਨ ਲਈ ਬੈਕਟੀਰੀਆ ਦਾ ਮੁੱਖ ਯੋਗਦਾਨ ਹੈ। ਦਰਅਸਲ ਪ੍ਰੀਬਾਇਓਟਿਕਸ ਬੈਕਟੀਰੀਆ ਦਾ ਭੋਜਨ ਹੁੰਦੇ ਹਨ। ਜਦਕਿ ਪ੍ਰੋਬਾਇਓਟਿਕ ਉਹ ਭੋਜਨ ਹੁੰਦੇ ਹਨ ਜਿੰਨ੍ਹਾਂ ਵਿੱਚ ਬੈਕਟੀਰੀਆ ਹੁੰਦੇ ਹਨ ਜਿਵੇਂ ਦਹੀਂ। ਦਹੀਂ ਵਿਚ ਲੈਕਟੋਬੈਸੀਲਸ ਨਾਮ ਦਾ ਬੈਕਟੀਰੀਆ ਹੁੰਦਾ ਹੈ। ਅੱਜ ਤੋਂ ਤਕਰੀਬਨ ਸੌ ਸਾਲ ਪਹਿਲਾਂ ਇਕ ਰਸ਼ੀਅਨ ਵਿਗਿਆਨੀ ਮੈਚਨੀਕੋਫ ਨੇ ਤਾਂ ਏਥੋਂ ਤੱਕ ਕਹਿ ਦਿਤਾ ਕਿ ਜੇਕਰ ਅਸੀਂ ਯੋਗਰਟ (ਦਹੀਂ) ਸਹੀ ਤਰੀਕੇ ਨਾਲ ਖਾਈਏ ਤਾਂ ਸਾਡੀ ਸਿਹਤ ਕਦੇ ਖਰਾਬ ਨਹੀਂ ਹੋਵੇਗੀ ਤੇ ਉਮਰ ਵੀ ਲੰਮੀ ਹੋਵੇਗੀ। ਇਹ ਦੋਵੇਂ ਸਾਡੇ ਲਈ ਬਹੁਤ ਜ਼ਰੂਰੀ ਹਨ ਪਰ ਇਹ ਸਾਡੇ ਮਾਈਕ੍ਰੋਬਾਇਓਮ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਇਨ੍ਹਾਂ ਨੂੰ ਕਿਵੇਂ ਵਰਤੀਏ। ਬੁਢਾਪੇ ਵਿਚ ਜਾਕੇ ਕਿਉਂਕਿ ਕਈ ਚੀਜ਼ਾਂ ਨੂੰ ਅਸੀਂ ਹਜ਼ਮ ਨਹੀਂ ਕਰ ਪਾਉਂਦੇ ਤੇ ਕੁੱਝ ਚੀਜ਼ਾਂ ਦਾ ਸਾਡਾ ਸਵਾਦ ਨਹੀਂ ਹੁੰਦਾ, ਇਸ ਮਾਈਕ੍ਰੋਬਾਇਓਮ ਵਿੱਚ ਵੀ ਤਬਦੀਲੀ ਆ ਜਾਂਦੀ ਹੈ। ਪਰ ਅਜੇ ਚੰਗੇ ਬੈਕਟੀਰੀਆ ਨੂੰ ਪਛਾਣਨ ਦੀ ਖੋਜ ਦਾ ਕੰਮ ਜਾਰੀ ਹੈ।ਭਵਿੱਖ ਵਿਚ ਪ੍ਰੀਬਾਇਓਟਿਕਸ ਤੇ ਪ੍ਰੋਬਾਇਓਟਿਕਸ 'ਤੇ ਬਹੁਤ ਕੰਮ ਹੋਣ ਦੀ ਸੰਭਾਵਨਾ ਹੈ।

ਦਰਅਸਲ ਸਿਹਤ, ਉਮਰ ਤੇ ਬੁਢਾਪੇ ਦੇ ਸੰਦਰਭ ਵਿੱਚ ਅਸੀਂ ਸਰੀਰ ਦੇ ਸਾਰੇ ਅੰਗਾਂ ਤੇ ਉਸਦੇ ਆਲੇ ਦੁਆਲੇ ਨੂੰ ਸਮਝਦੇ ਹੋਏ ਜਿਸਨੂੰ ਅਸੀਂ ਹੋਲਿਸਟਿਕ (Wholistic, Not Holistic) ਪਹੁੰਚ ਕਹਿੰਦੇ ਹਾਂ, ਵੱਲ ਅੱਗੇ ਵਧਣਾ ਚਾਹੁੰਦੇ ਹਾਂ। ਸਾਡੇ ਸਰੀਰ ਦੇ ਅਲੱਗ- ਅਲੱਗ ਪ੍ਰਬੰਧ ਇੱਕ ਦੂਜੇ ਨੂੰ ਪ੍ਰਭਾਵਤ ਕਰਦੇ ਹਨ। ਅਸੀਂ ਆਪਣੀ ਪਹੁੰਚ ਨੂੰ ਵਿਸਤਾਰ ਦੇਣ ਲਈ ਸਰੀਰਕ ਵਰਜਿਸ ਦੀ ਉਦਾਹਰਣ ਲੈਂਦੇ ਹਾਂ। ਮੰਨ ਲਓ ਅਸੀਂ ਸਰੀਰ ਦੇ ਕਿਸੇ ਅੰਗ ਦੀ ਬੇਹਤਰੀ ਲਈ ਵਰਜਿਸ ਕਰਦੇ ਹਾਂ। ਅਸੀਂ ਰੋਜ ਭਾਰ ਚੁੱਕਦੇ ਹਾਂ ਜਾਂ ਦੌੜ ਲਗਾਉਂਦੇ ਹਾਂ। ਜਾਂ ਕੋਈ ਹੋਰ ਸਰੀਰਕ ਮੁਸ਼ੱਕਤ ਕਰਦੇ ਹਾਂ। ਜਿਸ ਨਿਸ਼ਚਿਤ ਅੰਗ ਦੀ ਵਰਜ਼ਿਸ਼ ਅਸੀਂ ਕਰ ਰਹੇ ਹਾਂ ਉਸ ਦਾ ਲਾਭ ਉਸ ਅੰਗ ਨੂੰ ਤਾਂ ਹੁੰਦਾ ਹੀ ਹੈ, ਸਗੋਂ ਇਸ ਵਰਜਿਸ ਦੇ ਹੋਰ ਵੀ ਫਾਇਦੇ ਹੁੰਦੇ ਹਨ ਜਿਵੇਂ ਸਾਡਾ ਮੂਡ ਠੀਕ ਹੋ ਜਾਂਦਾ ਹੈ। ਸਾਡੀ ਯਾਦਾਸਤ ਚੰਗੀ ਹੋ ਜਾਂਦੀ ਹੈ, ਸਾਡਾ ਰੋਗ ਨਾਲ ਲੜਨ ਦਾ ਪ੍ਰਬੰਧ ਵਧੀਆ ਬਣ ਜਾਂਦਾ ਹੈ। ਵਰਜਿਸ ਦਾ ਸਮੁੱਚੇ ਸਰੀਰ ਉੱਤੇ ਸਾਰਥਿਕ ਪ੍ਰਭਾਵ ਪੈਦਾ ਹੈ। ਸਰੀਰਕ ਵਰਜਿਸ ਦੇ ਨਤੀਜੇ ਹੌਲੀ ਹੌਲੀ ਪ੍ਰਾਪਤ ਹੁੰਦੇ ਹਨ, ਪਰ ਚਿਰ ਤੀਕ ਲਾਭਕਾਰੀ ਹੁੰਦੇ ਹਨ।

ਆਪਣੀ ਇਸੇ ਗੱਲਬਾਤ ਵਿੱਚ ਮੈਂ ਇੱਕ ਹੋਰ ਨਵੇਂ ਸੰਕਲਪ ਨਾਲ ਵੀ ਤੁਹਾਡੀ ਜਾਣ ਪਹਿਚਾਣ ਕਰਾਵਾਂਗਾ।

***ਬਾਕੀ ਪੰਨਾ 25 'ਤੇ***

*ਮਨੋਰੋਗ ਮਾਹਿਰ ਦੀ ਕਲਮ ਤੋਂ*

# ਕਿਵੇਂ ਕਰੀਏ ਬੱਚਿਆਂ ਦੀ ਮਾਨਸਿਕ ਸਿਹਤ ’ਤੇ ਪਏ ਬੁਰੇ ਪ੍ਰਭਾਵਾਂ ਦਾ ਹੱਲ

ਡਾ. ਬਲਵੰਤ ਸਿੱਧੂ



*ਪਿਛਲੇ ਅੰਕ ਵਿੱਚ ਕੋਵਿਡ ਕਰਕੇ ਲਾਕਡਾਊਨ ਕਾਰਣ ਬੱਚਿਆਂ ਦੀ ਮਾਨਸਿਕ ਸਿਹਤ ’ਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਬਾਰੇ ਜ਼ਿਕਰ ਕੀਤਾ ਗਿਆ ਸੀ। ਆਓ ਆਪਾਂ ਬੱਚਿਆਂ ਦੀ ਮਾਨਸਿਕ ਸਿਹਤ ਸੁਧਾਰਨ ਬਾਰੇ ਵਿਚਾਰ ਕਰੀਏ।*

ਸਭ ਤੋਂ ਜ਼ਿਆਦਾ ਜੋ ਚੀਜ਼ ਬੱਚਿਆਂ ਤੇ ਨੌਜਵਾਨਾਂ ਨੂੰ ਪ੍ਰੇਸ਼ਾਨ ਕਰਦੀ ਹੈ, ਉਹ ਹੈ ਅਨਿਸ਼ਚਿਤਤਾ। ਉਹਨਾਂ ਨੂੰ ਹਰ ਵਕਤ ਇਹ ਵਿਚਾਰ ਪ੍ਰੇਸ਼ਾਨ ਕਰਦੇ ਹਨ ਕਿ ਪਤਾ ਨਹੀਂ ਕਦੋਂ ਸਕੂਲ ਜਾਂ ਕਾਲਜ ਖੁੱਲ੍ਹਣਗੇ ? ਪਤਾ ਨਹੀਂ ਕਦੋਂ ਉਹ ਆਪਣੀ ਪੁਰਾਣੀ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਵਾਪਿਸ ਜਾ ਸਕਣਗੇ, ਜਿਸ ਵਿੱਚ ਬਾਹਰ ਘੁੰਮਣਾ ਫਿਰਨਾ ਅਤੇ ਆਪਣੇ ਦੋਸਤਾਂ ਮਿੱਤਰਾਂ ਨੂੰ ਮਿਲਣਾ ਆਦਿ ਸ਼ਾਮਿਲ ਹੈ। ਇਹਨਾਂ ਗੱਲਾਂ ਕਰਕੇ ਉਹ ਅਕਸਰ ਹੀ ਨਾਕਾਰਾਤਮਕ ਭਾਵਨਾਵਾਂ ਨਾਲ ਗ੍ਰਸਤ ਹੋ ਜਾਂਦੇ ਹਨ ਜਿਸ ਨਾਲ ਉਨ੍ਹਾਂ ਦਾ ਵਿਵਹਾਰ ਬਦਲ ਜਾਂਦਾ ਹੈ। ਅਜਿਹੇ ਸਮੇਂ ਵਿੱਚ ਮਾਪਿਆਂ ਲਈ ਇਹ ਇੱਕ ਚੁਣੌਤੀ ਦਾ ਸਮਾਂ ਬਣ ਜਾਂਦਾ ਹੈ ਕਿਉਂਕਿ ਉਨ੍ਹਾਂ ਨੂੰ ਹੀ ਇਹਨਾਂ ਸਾਰੇ ਹਾਲਾਤਾਂ ਨਾਲ ਨਜਿੱਠਣਾ ਪੈਂਦਾ ਹੈ। ਅਜਿਹੇ ਸਮੇਂ ਵਿੱਚ ਮਾਪੇ ਆਪ ਵੀ ਮੁਸ਼ਕਿਲਾਂ ਵਿੱਚੋਂ ਹੀ ਗੁਜ਼ਰ ਰਹੇ ਹੁੰਦੇ ਹਨ। ਇਸ ਲਈ ਸਭ ਤੋਂ ਪਹਿਲਾਂ ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ ਅਜਿਹੇ ਹਾਲਾਤਾਂ ਵਿੱਚ ਸਭ ਤੋਂ ਮਹੱਤਵ ਪੂਰਣ ਗੱਲ ਇਹ ਹੈ ਕਿ ਮਾਪੇ ਆਪਣੀ ਸਰੀਰਕ ਅਤੇ ਮਾਨਸਿਕ ਸਿਹਤ ਦਾ ਖਿਆਲ ਰੱਖਣ। ਕਿਉਂਕਿ ਉਹ ਬੱਚਿਆਂ ਦਾ ਖਿਆਲ ਤਾਂ ਹੀ ਰੱਖ ਸਕਣਗੇ ਜੇ ਉਹ ਆਪ ਤੰਦਰੁਸਤ ਹੋਣਗੇ। ਬੱਚੇ ਅਕਸਰ ਹੀ ਆਪਣੇ ਮਾਪਿਆਂ, ਹੋਰ ਪਰਿਵਾਰਕ ਮੈਂਬਰਾਂ ਤੋਂ ਜਾਂ ਅਧਿਆਪਕਾਂ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ। ਇਸ ਲਈ ਇਹਨਾਂ ਸਾਰਿਆਂ ਦਾ ਆਪ ਸ਼ਾਂਤ ਅਤੇ ਸਥਿਰ ਰਹਿਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹਨਾਂ ਦਾ ਚੰਗਾ ਵਿਵਹਾਰ ਬੱਚਿਆਂ ’ਤੇ ਬਹੁਤ ਚੰਗਾ ਅਸਰ ਪਾਉਂਦਾ ਹੈ।

ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਪਹਿਲਾਂ ਆਪ ਸ਼ਾਂਤ ਰਿਹਾ ਜਾਵੇ ਅਤੇ ਬੱਚਿਆਂ ਨਾਲ ਗੱਲ ਬਾਤ ਦਾ ਸਿਲਸਿਲਾ ਜਾਰੀ ਰੱਖਿਆ ਜਾਵੇ। ਉਨ੍ਹਾਂ ਦਾ ਧਿਆਨ ਰੱਖਿਆ ਜਾਵੇ ਕਿ ਉਹ ਕਿਸ ਤਰ੍ਹਾਂ ਹਨ, ਉਨ੍ਹਾਂ ਦਾ ਹਾਲ ਕੀ ਹੈ। ਉਹ ਅਕਸਰ ਹੀ ਪ੍ਰੇਸ਼ਾਨੀ ਅਤੇ ਘਬਰਾਹਟ ਕਰਨਗੇ ਪਰ ਉਨ੍ਹਾਂ ਨੂੰ ਤਸੱਲੀ ਦਿਵਾਉਂਦੇ ਰਹਿਣਾ ਚਾਹੀਦਾ ਹੈ ਕਿ ਅਜਿਹੇ ਮੁਸ਼ਕਿਲ ਹਾਲਾਤਾਂ ਵਿੱਚ ਇਹ ਨਾਰਮਲ ਅਤੇ ਜਾਇਜ਼ ਹੈ। ਉਨ੍ਹਾਂ ਨਾਲ ਨਰਮੀ ਅਤੇ ਠਰੰਮੇ ਨਾਲ ਗੱਲ ਕਰਨੀ ਚਾਹੀਦੀ ਹੈ, ਅਤੇ ਉਹਨਾਂ ਦੀ ਗੱਲ ਬਾਤ ਚੰਗੀ ਤਰ੍ਹਾਂ ਅਤੇ ਧਿਆਨ ਨਾਲ ਸੁਣਨੀ ਚਾਹੀਦੀ ਹੈ ਅਤੇ ਇਹ ਗੱਲ ਬੱਚੇ ਨੂੰ ਵੀ ਜ਼ਾਹਰ ਹੋਣੀ ਚਾਹੀਦੀ ਹੈ। ਜੇ ਬੱਚੇ ਨੂੰ ਲੱਗੇ ਕਿ ਉਸਦੀ ਗੱਲਬਾਤ ਧਿਆਨ ਨਾਲ ਨਹੀਂ ਸੁਣੀ ਜਾ ਰਹੀ ਤਾਂ ਹਾਲਾਤ ਸੁਧਰਨ ਦੀ ਬਜਾਏ ਵਿਗੜਦੇ ਹਨ। ਬੱਚੇ ਕਿਤੇ ਵੀ ਹੋਣ ਉਨ੍ਹਾਂ ਨੂੰ ਰੁਝੇਵੇਂ ਵਿੱਚ ਰੱਖਣਾ ਜ਼ਰੂਰੀ ਹੈ। ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਉਸਾਰੂ ਅਤੇ ਚੰਗੀਆਂ ਗਤੀਵਿਧੀਆਂ ਵਿੱਚ ਲਗਾ ਕੇ ਰੱਖਣਾ ਚਾਹੀਦਾ ਹੈ। ਜਿਵੇਂ ਕਿ ਡਰਾਇੰਗ, ਪੇਂਟਿੰਗ, ਕੋਈ ਕਲਾਕ੍ਰਿਤੀ ਬਣਾਉਣਾ, ਰੰਗੋਲੀ ਆਦਿ। ਅੰਦਰ ਬੈਠੇ ਹੋਏ ਮੋਬਾਈਲ ਦੀ ਬਜਾਏ ਚੈਸ ਜਾਂ ਅਜਿਹੀਆਂ ਹੋਰ ਦਿਲਚਸਪ ਅਤੇ ਗਿਆਨ ਵਾਧੇ ਵਾਲੀਆਂ ਖੇਡਾਂ ਵੀ ਖਿਡਾਈਆਂ ਜਾ ਸਕਦੀਆਂ ਹਨ।

ਬੱਚਿਆਂ ਦੀਆਂ ਮੁਸ਼ਕਿਲਾਂ ਨੂੰ ਜੇ ਸਮਝਕੇ ਹੱਲ ਨਾ ਕੀਤਾ ਜਾਵੇ ਤਾਂ ਸਮੱਸਿਆਵਾਂ ਹੋਰ ਵਧ ਜਾਂਦੀਆਂ ਹਨ। ਬੱਚਿਆਂ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਉਨ੍ਹਾਂ ਦੀ ਪੜ੍ਹਾਈ ਅਤੇ ਦੂਜਿਆਂ ਨਾਲ ਵਿਵਹਾਰ ਅਤੇ ਸੰਬੰਧਾਂ ’ਤੇ ਬੁਰਾ ਅਸਰ ਪਾਉਂਦੀਆਂ ਹਨ। ਮਾਪਿਆਂ ਅਤੇ ਅਧਿਆਪਕਾਂ ਨੂੰ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਸੁਲਝਣ ਦੀ ਮੁਹਾਰਤ ਸਿੱਖਣੀ ਚਾਹੀਦੀ ਹੈ। ਅੱਜ ਕੱਲ੍ਹ ਦੁਨੀਆਂ ਭਰ ਵਿੱਚ ਅਧਿਆਪਕਾਂ ਨੂੰ ਅਜਿਹੀਆਂ ਸਮੱਸਿਆਵਾਂ ਲਈ ਸਰਕਾਰ ਵੱਲੋਂ ਸਾਹਿਤ ਜਾਂ ਹੋਰ ਸਮੱਗਰੀ ਮੁਹੱਈਆ ਵੀ ਕਰਵਾਈ ਜਾਣੀ ਚਾਹੀਦੀ ਹੈ। ਅਜਿਹਾ ਇਸ ਕਰਕੇ ਵੀ ਜਰੂਰੀ ਹੈ ਕਿ ਬੱਚੇ ਦੀਆਂ ਮਾਨਸਿਕ ਸਮੱਸਿਆਵਾ ਸਭ ਤੋਂ ਪਹਿਲਾਂ ਇਹਨਾਂ ਦੇ ਨੋਟਿਸ ਵਿੱਚ ਹੀ ਆਉਂਦੀਆਂ ਹਨ। ਬੱਚਿਆਂ ਨੂੰ ਖੁੱਲ੍ਹ ਕੇ ਗੱਲਬਾਤ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ। ਉਹਨਾਂ ਨੂੰ ਆਪਣੀਆਂ ਸਮੱਸਿਆਵਾਂ ਬੇਝਿਜਕ ਹੋ ਕੇ ਦੱਸਣ ਲਈ ਪ੍ਰੇਰਿਤ ਕਰਦੇ ਰਹਿਣਾ ਚਾਹੀਦਾ ਹੈ। ਇਹ ਅਕਸਰ ਹੀ ਦੇਖਿਆ ਗਿਆ ਹੈ ਕਿ ਮਾਪੇ ਜਾਂ ਅਧਿਆਪਕ ਬੱਚੇ ਨੂੰ ਖੁੱਲਕੇ ਬੋਲਣ ਤੋਂ ਵਰਜਦੇ ਹਨ ਜਾਂ ਇਸ ਤਰ੍ਹਾਂ ਦੀ ਗੱਲਬਾਤ ਦਾ ਮੌਕਾ ਜਾਂ ਸਮਾਂ ਨਹੀਂ ਦਿੰਦੇ। ਇੱਕ ਹੋਰ ਗੱਲ ਅਕਸਰ ਹੀ ਸੁਣਨ ਨੂੰ ਮਿਲਦੀ ਹੈ ਜਦੋਂ ਵੱਡੇ ਆਖਦੇ ਹਨ ਕਿ ਉਹਨਾਂ ਦਾ ਆਪਣਾ ਸਮਾਂ ਬਹੁਤ ਹੀ ਮੁਸ਼ਕਿਲਾਂ ਭਰਿਆ ਸੀ ਜਾਂ

ਉਹਨਾਂ ਨੂੰ ਤਾਂ ਅਜਿਹੇ ਹਾਲਾਤਾਂ ਵਿੱਚ ਕੁੱਟ ਹੀ ਪੈਂਦੀ ਸੀ। ਇਹਨਾਂ ਗੱਲਾਂ ਦਾ ਕੋਈ ਫਾਇਦਾ ਨਹੀਂ ਹੁੰਦਾ ਸਗੋਂ ਬੱਚੇ ਅੱਗੇ ਤੋਂ ਰਾਬਤਾ ਕਾਇਮ ਰੱਖਣ ਦੀ ਬਜਾਏ ਤੋੜ ਲੈਂਦੇ ਹਨ ਅਤੇ ਗਲਤ ਰਸਤੇ 'ਤੇ ਵੀ ਚੱਲ ਸਕਦੇ ਹਨ। ਬੱਚਿਆਂ ਦੀਆਂ ਮਾਨਸਿਕ ਸਮੱਸਿਆਵਾਂ ਜਿੰਨੀ ਜਲਦੀ ਸਮਝ ਲਈਆਂ ਜਾਣ ਉਨਾ ਹੀ ਚੰਗਾ ਰਹਿੰਦਾ ਹੈ। ਘਬਰਾਹਟ ਹੋਣਾ, ਫਿਕਰ ਕਰਨਾ, ਨੀਂਦ ਆਉਣ ਵਿੱਚ ਥੋੜ੍ਹੀ ਦੇਰ ਲੱਗਣਾ, ਪੜ੍ਹਾਈ ਵਿੱਚ ਧਿਆਨ ਘੱਟ ਲੱਗਣਾ ਆਦਿ ਕੋਈ ਗੰਭੀਰ ਲੱਛਣ ਨਹੀਂ ਹਨ। ਇਹਨਾਂ ਤੋਂ ਬਹੁਤਾ ਘਬਰਾਉਣਾ ਨਹੀਂ ਚਾਹੀਦਾ। ਥੋੜ੍ਹੀ ਤਸੱਲੀ ਅਤੇ ਹੌਸਲਾ ਦੇਣਾ ਹੀ ਅਕਸਰ ਕਾਫੀ ਹੁੰਦਾ ਹੈ। ਬੱਚੇ ਬਹੁਤ ਲਚਕਦਾਰ ਹੁੰਦੇ ਹਨ। ਉਹ ਮਾਪਿਆਂ ਅਤੇ ਹੋਰ ਮੈਂਬਰਾਂ ਦੀ ਮਦਦ ਨਾਲ ਹੌਲੀ-ਹੌਲੀ ਸਹਿਜ ਹੋ ਜਾਂਦੇ ਹਨ।

ਕੁੱਝ ਬੱਚੇ ਆਮ ਨਾਲੋਂ ਜ਼ਿਆਦਾ ਰਿਸਕ 'ਤੇ ਹੁੰਦੇ ਹਨ। ਉਹਨਾਂ ਵਿੱਚ ਮਾਨਸਿਕ ਗੁੰਝਲਾਂ ਜਿਵੇਂ ਕਿ ਉਦਾਸੀ ਰੋਗ ਹੋਣਾ, ਖੁਦਕਸ਼ੀ ਦਾ ਖਦਸ਼ਾ ਹੋਣਾ, ਮਨੋਰੋਗ ਪੈਦਾ ਹੋਣ ਦਾ ਖਤਰਾ ਜ਼ਿਆਦਾ ਹੁੰਦਾ ਹੈ। ਜਿਸ ਤਰ੍ਹਾਂ ਕਿ ਉਹ ਬੱਚੇ ਜਿਹਨਾਂ ਵਿੱਚ ਪਹਿਲਾਂ ਵੀ ਮਾਨਸਿਕ ਸਮੱਸਿਆ ਹੋਵੇ ਜਾਂ ਹੋਈ ਹੋਵੇ, ਪਹਿਲਾਂ ਹੀ ਹਾਲਾਤ ਮੁਸ਼ਕਿਲ ਹੋਣ ਜਾਂ ਬਹੁਤ ਮਾੜੇ ਹੋਣ ਅਤੇ ਬਹੁਤ ਦੁਰ-ਵਿਵਹਾਰ ਜਾਂ ਜ਼ਾਲਮਾਨਾ ਵਰਤਾਰੇ ਹੋਏ ਹੋਣ, ਪਰਿਵਾਰ ਵਿੱਚ ਗੰਭੀਰ ਮੁਸ਼ਕਿਲਾਂ ਹੋਣ ਜਾਂ ਮੌਤਾਂ ਹੋਈਆਂ ਹੋਣ ਆਦਿ।

ਮਾਪੇ ਜਾਂ ਘਰ ਦੇ ਵਡੇਰੇ ਆਪਣੇ ਬੱਚਿਆਂ ਨੂੰ ਸਭ ਤੋਂ ਬਿਹਤਰ ਸਮਝਦੇ ਹਨ। ਇਸ ਲਈ ਜੇ ਉਹ ਆਪਣੇ ਬੱਚੇ ਵਿੱਚ ਕੋਈ ਇੱਕਦਮ ਬਹੁਤ ਜ਼ਿਆਦਾ ਅਣਸੁਖਾਵੀਂ ਤਬਦੀਲੀ ਦੇਖਦੇ ਹਨ ਅਤੇ ਜੇ ਇਹ ਤਕਰੀਬਨ ਇੱਕ ਹਫਤੇ ਤੋਂ ਜ਼ਿਆਦਾ ਦੇਰ ਜਾਰੀ ਰਹਿੰਦੀ ਹੈ ਤਾਂ ਉਹਨਾਂ ਨੂੰ ਜ਼ਰੂਰ ਕਿਸੇ ਮਾਹਿਰ ਦੀ ਸਲਾਹ ਲੈਣੀ ਚਾਹੀਦੀ ਹੈ। ਕੁੱਝ ਸਮੱਸਿਆਵਾਂ ਅਕਸਰ ਹੀ ਦੇਖਣ ਨੂੰ ਮਿਲਦੀਆਂ ਹਨ, ਆਓ ਇਹਨਾਂ ਬਾਰੇ ਵਿਸ਼ੇਸ਼ ਤੌਰ ਤੇ ਜ਼ਿਕਰ ਕਰੀਏ।

**ਸਕੂਲ ਦਾ ਡਰ:** ਅੱਜਕਲ੍ਹ ਦੇ ਹਾਲਾਤਾਂ ਵਿੱਚ ਅਕਸਰ ਹੀ ਕੁੱਝ ਬੱਚੇ ਸਕੂਲ ਜਾਣ ਤੋਂ ਨਾਂਹ ਕਰਦੇ ਹਨ ਅਤੇ ਸਕੂਲ ਨਹੀਂ ਜਾਂਦੇ। ਅਜਿਹੇ ਵਿੱਚ ਕੁਝ ਕਦਮ ਚੁੱਕਣੇ ਜ਼ਰੂਰੀ ਹਨ। ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਇਸ ਮਸਲੇ 'ਤੇ ਤੁਰੰਤ ਗੌਰ ਕੀਤੀ ਜਾਵੇ। ਜਿਨਾਂ ਜਲਦੀ ਹੱਲ ਕੀਤਾ ਜਾਵੇ ਉਨਾਂ ਸੌਖਾ ਰਹਿੰਦਾ ਹੈ, ਨਹੀਂ ਤਾਂ ਜੇ ਜ਼ਿਆਦਾ ਦੇਰ ਹੋ ਜਾਵੇ ਤਾਂ ਇਸ ਦਾ ਹੱਲ ਮੁਸ਼ਕਿਲ ਹੋ ਜਾਂਦਾ ਹੈ। ਸਭ ਤੋਂ ਪਹਿਲਾਂ ਕਾਰਣ ਲੱਭਣ ਦੀ ਕੋਸ਼ਿਸ਼ ਕਰੋ ਕਿ ਬੱਚਾ ਸਕੂਲ ਜਾਣ ਤੋਂ ਕਿਉਂ ਘਬਰਾਉਂਦਾ ਹੈ। ਜਿਵੇ ਕਿ ਕੀ ਕੋਈ ਉਸਨੂੰ ਛੇੜਦਾ, ਡਰਾਉਂਦਾ ਜਾਂ ਤੰਗ ਤਾਂ ਨਹੀਂ ਕਰਦਾ ਹੈ? ਜਾਂ ਬੱਚੇ ਨੂੰ ਕੋਈ ਹੋਰ ਪ੍ਰੇਸ਼ਾਨੀ ਹੁੰਦੀ ਹੈ। ਇਸ ਲਈ ਸਕੂਲ ਵਿੱਚ ਸੰਬੰਧਿਤ ਅਧਿਆਪਕ ਨੂੰ ਮਿਲੋ ਅਤੇ ਸਲਾਹ ਮਸ਼ਵਰਾ ਕਰੋ। ਸਕੂਲ ਦੇ ਮਾਮਲੇ ਵਿੱਚ ਕਾਰਣ ਪਤਾ ਕਰਨ ਅਤੇ ਹੱਲ ਕਰਨ ਤੋਂ ਬਾਅਦ ਬੱਚੇ ਨਾਲ ਸਕੂਲ ਦੇ ਮਾਮਲੇ ਵਿੱਚ ਦ੍ਰਿੜਤਾ ਨਾਲ ਪੇਸ਼ ਆਓ। ਬੱਚੇ ਨੂੰ ਸਕੂਲ ਜ਼ਰੂਰ ਛੱਡ ਕੇ ਆਓ। ਬੱਚੇ ਦਾ ਘਰ ਰਹਿਣਾ ਸੁਖਾਲਾ ਨਾ ਰਹਿਣ ਦਿਉ। ਉਸਦੇ ਘਰ ਵਿੱਚ ਮਨੋਰੰਜਨ ਦੇ ਸਾਧਨ ਬੰਦ ਕਰੋ। ਮਤਲਬ ਇਹ ਕਿ ਬੱਚੇ ਨੂੰ ਸਕੂਲ ਜਾਣਾ ਘਰ ਰਹਿਣ ਨਾਲੋਂ ਜ਼ਿਆਦਾ ਸੌਖਾ ਜਾਂ ਦਿਲਚਸਪ ਲੱਗੇ। ਜੇ ਫੇਰ ਵੀ ਗੱਲ ਨਾ ਬਣੇ ਤਾਂ ਕਿਸੇ ਮਨੋਰੋਗ ਮਾਹਿਰ ਦੀ ਮਦਦ ਲਵੋ।

**ਇੰਟਰਨੈਟ ਖ਼ਬਤ:** ਕਰੋਨਾ ਕਾਲ ਵਿੱਚ ਹਰ ਵਕਤ ਘਰ ਬੈਠ ਕੇ ਕੰਪਿਊਟਰ ਜਾਂ ਮੋਬਾਈਲ ਫੋਨ 'ਤੇ ਇੰਟਰਨੈਟ ਚਲਾਉਣ ਨਾਲ ਬੱਚਿਆਂ ਅਤੇ ਨੌਜਵਾਨਾਂ ਵਿੱਚ ਇੰਟਰਨੈਟ ਖ਼ਬਤ ਬਹੁਤ ਵਧ ਰਹੀ ਹੈ। ਅਜਿਹੇ ਮਾਮਲੇ ਵਿੱਚ ਧੀਰਜ ਅਤੇ ਠਰ੍ਹੰਮੇ ਨਾਲ ਕੰਮ ਲਵੋ। ਬੱਚਿਆਂ ਦੇ ਵਿਵਹਾਰ 'ਤੇ ਨਜ਼ਰ ਰੱਖੋ। ਉਨ੍ਹਾਂ ਦਾ ਕੰਪਿਊਟਰ ਕਿਸੇ ਸਾਂਝੀ ਥਾਂ ਜਿਵੇਂ ਕਿ ਘਰ ਦੀ ਲਾਬੀ ਵਿੱਚ ਰੱਖੋ ਜਿੱਥੋਂ ਬਿਨ੍ਹਾਂ ਦਖਲ ਅੰਦਾਜ਼ੀ ਅਤੇ ਬਿਨ੍ਹਾਂ ਟੋਕਿਆਂ ਨਜ਼ਰ ਰੱਖਣਾ ਅਸਾਨ ਹੈ। ਕਿਸੇ ਵੀ ਸ਼ਰਤ 'ਤੇ ਦੇਰ ਰਾਤ ਨੂੰ ਇੰਟਰਨੈਟ ਵਰਤਣ ਨਾ ਦਿਓ। ਜੇ ਲੋੜ ਲੱਗੇ ਤਾਂ ਕਈ ਅਜਿਹੇ ਕੰਪਿਊਟਰ ਪ੍ਰੋਗਰਾਮ ਉਪਲਬਧ ਹਨ ਜਿਹੜੇ ਕਿ ਇੰਟਰਨੈਟ ਦੀ ਵਰਤੋਂ ਨਿਯੰਤਰਿਤ ਕਰ ਸਕਦੇ ਹਨ। ਰਾਤ ਨੂੰ ਨਿਰਧਾਰਤ ਸਮੇਂ 'ਤੇ ਇੰਟਰਨੈਟ ਜਾਂ, ਵੀਡੀਓ ਗੇਮ, ਫੋਨ ਆਦਿ ਬੰਦ ਕਰ ਦਿਓ। ਬੱਚਿਆਂ ਦੇ ਸਕੂਲ ਵਿੱਚ ਕਲਾਸ ਅਧਿਆਪਕ ਨਾਲ ਮੀਟਿੰਗਾਂ ਜ਼ਰੂਰ ਅਟੈਂਡ ਕਰੋ। ਬੱਚਿਆਂ ਦੇ ਚੰਗੇ ਦੋਸਤਾਂ ਨੂੰ ਉਤਸਾਹਿਤ ਕਰੋ। ਬੱਚਿਆਂ ਨੂੰ ਬੁਰੀ ਸੰਗਤ ਤੋਂ ਦ੍ਰਿੜਤਾ ਨਾਲ ਦੂਰ ਰੱਖੋ। ਬੱਚਿਆਂ ਨੂੰ ਪੜ੍ਹਾਈ ਤੋਂ ਇਲਾਵਾ ਹੋਰ ਰੁਚੀ ਵਾਲੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਉਤਸਾਹਿਤ ਕਰੋ। ਮਾਪਿਆਂ ਦਾ ਫਰਜ਼ ਹੈ ਕਿ ਉਹ ਆਪ ਬੱਚਿਆਂ ਲਈ ਰੋਲ ਮਾਡਲ ਬਣਨ। ਆਪਣੀ ਜ਼ਿੰਦਗੀ ਨਿਯਮਿਤ ਅਤੇ ਅਨੁਸ਼ਾਸਨ ਵਿੱਚ ਰੱਖੋ। ਜਿਹੜੀ ਚੀਜ਼ ਤੋਂ ਬੱਚਿਆਂ ਨੂੰ ਵਰਜਦੇ ਹੋ ਉਹ ਆਪ ਨਾ ਕਰੋ। ਲੋੜ ਪੈਣ 'ਤੇ ਕਿਸੇ ਸਿਆਣੇ ਅਧਿਆਪਕ, ਜਾਂ ਕਾਉਂਸਲਰ ਦੀ ਮਦਦ ਲਈ ਜਾ ਸਕਦੀ ਹੈ। ਜੇ ਬੱਚੇ ਦਾ ਵਿਵਹਾਰ ਜਾਂ ਕਿਸੇ ਵਿਅਕਤੀ ਦਾ ਵਿਵਹਾਰ ਅਸਧਾਰਣ ਲਗਦਾ ਹੈ ਅਤੇ ਇਸ ਅਲਾਮਤ ਦਾ ਹੱਲ ਨਹੀਂ ਹੁੰਦਾ ਤਾਂ ਕਿਸੇ ਮਨੋਰੋਗ ਮਾਹਿਰ ਦੀ ਮਦਦ ਲੈਣੀ ਚਾਹੀਦੀ ਹੈ।

**ਹੋਰ ਵਿਵਹਾਰਕ ਸਮੱਸਿਆਵਾਂ:** ਵੱਡਿਆਂ ਦੀ

ਆਪਣੀ ਅਨੁਸ਼ਾਸਿਤ ਜ਼ਿੰਦਗੀ ਦਾ ਬਹੁਤ ਸਕਾਰਾਤਮਕ ਰੋਲ ਹੈ। ਜਿੱਥੇ ਚੰਗੇ ਮਿੱਤਰਾਂ/ਰਿਸ਼ਤੇਦਾਰਾਂ ਦਾ ਬਹੁਤ ਅੱਛਾ ਰੋਲ ਹੁੰਦਾ ਹੈ ਉੱਥੇ ਮਾੜੇ ਜਾਂ ਸ਼ਰਾਰਤੀ ਮਿੱਤਰਾਂ/ਰਿਸ਼ਤੇਦਾਰਾਂ ਦਾ ਬਹੁਤ ਗਲਤ ਅਸਰ ਪੈਂਦਾ ਹੈ, ਤੇ ਬੱਚੇ/ਨੌਜੁਆਨ ਵਿਗੜ ਜਾਂਦੇ ਹਨ। ਮਾੜਾ ਬੰਦਾ ਚਾਹੇ ਕਿੰਨਾ ਵੀ ਕਰੀਬੀ ਰਿਸ਼ਤੇਦਾਰ ਹੋਵੇ ਉਸ ਤੋਂ ਦੂਰ ਰਹਿਣਾ ਚਾਹੀਦਾ ਹੈ। ਬੱਚਿਆਂ/ਨੌਜੁਆਨਾਂ ਨੂੰ ਨਸ਼ਾ ਕਰਨ ਵਾਲੇ ਜਾਂ ਹੋਰ ਗੈਰ ਸਮਾਜੀ ਵਿਵਹਾਰ ਵਾਲੇ ਦੋਸਤਾਂ ਮਿੱਤਰਾਂ ਤੋਂ ਦੂਰ ਰੱਖੋ। ਇਸ ਦੇ ਨਾਲ ਨਾਲ ਜੇ ਫਿਰ ਵੀ ਕਦੇ ਘਰ ਦੇ ਹਾਲਾਤ ਖਰਾਬ ਹੁੰਦੇ ਹਨ ਤੇ ਬੱਚਾ/ਨੌਜਵਾਨ ਘਰ ਵਿੱਚ ਬਦਸਲੂਕੀ ਕਰਦਾ ਹੈ ਤਾਂ ਘਰ ਦੇ ਜ਼ਿੰਮੇਵਾਰ ਵੱਡਿਆਂ (ਮਾਂ-ਬਾਪ ਆਦਿ) ਨੂੰ ਸੰਜਮ ਰੱਖਣਾ ਚਾਹੀਦਾ ਹੈ ਤੇ ਆਪਾ ਨਹੀਂ ਖੋਣਾ ਚਾਹੀਦਾ, ਸਗੋਂ ਇਸ ਦੇ ਕਾਰਣਾਂ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤੇ ਮਸਲੇ ਦਾ ਹੱਲ ਕਰਨਾ ਚਾਹੀਦਾ ਹੈ। ਕੋਈ ਵੀ ਹੱਲ ਲੱਭਣ 'ਤੇ ਉਸ 'ਤੇ ਦ੍ਰਿੜਤਾ ਨਾਲ ਅਮਲ ਕਰਨਾ ਚਾਹੀਦਾ ਹੈ ਤੇ ਮਾਪਿਆਂ ਜਾਂ ਘਰ ਦੇ ਵਡੇਰਿਆਂ ਨੂੰ ਦੋਚਿੱਤੀ ਵਿੱਚ ਨਹੀਂ ਰਹਿਣਾ ਚਾਹੀਦਾ। ਅਕਸਰ ਹੀ ਬੱਚੇ/ਨੌਜਵਾਨ ਨਾਜਾਇਜ਼ ਮੰਗਾਂ ਮਾਪਿਆਂ ਅੱਗੇ ਰੱਖਦੇ ਹਨ ਜਿਹੜੀਆਂ ਕਿ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ ਜਾਂ ਪੂਰੀਆਂ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ। ਅਜਿਹੇ ਵਿੱਚ ਪਹਿਲਾਂ ਪਿਆਰ ਤੇ ਤਰਕ ਨਾਲ ਸਮਝਾਉਣਾ ਚਾਹੀਦਾ ਹੈ ਪਰ ਜੇ ਬੱਚਾ ਨਾ ਸਮਝੇ ਤਾਂ ਦ੍ਰਿੜਤਾ ਨਾਲ ਸਪੱਸ਼ਟ ਸ਼ਬਦਾਂ ਵਿੱਚ ਆਪਣਾ ਫੈਸਲਾ ਦੱਸੋ। ਬੱਚੇ ਦੀ ਕਿਸੇ ਵੀ ਕਿਸਮ ਦੀ ਬਲੈਕ-ਮੇਲਿੰਗ ਤੋਂ ਨਾ ਡਰੋ।

ਆਪਣੇ ਆਪ ਘਰ ਵਿੱਚ ਹੱਲਾ-ਗੁੱਲਾ ਨਾ ਕਰੋ ਤੇ ਜੇ ਲੋੜ ਲੱਗੇ ਤਾਂ ਕਿਸੇ ਹੋਰ ਸਿਆਣੇ ਰਿਸ਼ਤੇਦਾਰ ਜਾਂ ਮਿੱਤਰ ਦੀ ਮਦਦ ਲਵੋ। ਪਰਿਵਾਰ ਦੀ ਬਦਨਾਮੀ ਜਾਂ ਬੇਇੱਜ਼ਤੀ ਹੋਣ ਵਰਗੀ ਗਲਤ-ਫਹਿਮੀ ਨਾ ਰੱਖੋ। ਬੱਚੇ ਦੀ ਰੁਚੀ ਜਾਂ ਰੁਝਾਨ ਅਨੁਸਾਰ ਉਸ ਨੂੰ ਕਿਸੇ ਵੀ ਪੜ੍ਹਾਈ ਜਾਂ ਕੰਮ ਦੇ ਖੇਤਰ ਵਿੱਚ ਲਾਓ। ਕਦੇ ਵੀ ਆਪਣੀ ਨਾਜਾਇਜ਼ ਇੱਛਾ ਕਾਰਣ ਬੱਚੇ/ਨੌਜਵਾਨ ਨਾਲ ਧੱਕਾ ਨਾ ਕਰੋ। ਜੇ ਫੇਰ ਵੀ ਮਸਲਾ ਹੱਲ ਨਾ ਹੋਵੇ ਤਾਂ ਇਸ ਨੂੰ ਲਟਕਾਓ ਨਾ, ਬਲਕਿ ਕਿਸੇ ਸਿਆਣੇ ਮਨੋਰੋਗ ਮਾਹਿਰ ਜਾਂ ਮਨੋਵਿਗਿਆਨੀ ਦੀ ਮਦਦ ਲਵੋ। ਕਈ ਵਾਰ ਕਈ ਮਨੋਰੋਗਾਂ ਵਿੱਚ ਸ਼ੁਰੂ-ਸ਼ੁਰੂ ਵਿੱਚ ਪਤਾ ਨਹੀਂ ਲਗਦਾ ਤੇ ਇਉਂ ਭਾਸਦਾ ਹੈ ਕਿ ਬੱਚਾ/ਨੌਜੁਆਨ ਜਾਣ ਬੁੱਝ ਕੇ ਹਿੰਸਾਤਮਕ ਵਿਵਹਾਰ ਅਖਤਿਆਰ ਕਰ ਰਿਹਾ ਹੈ। ਇਸ ਲਈ ਅਜਿਹੀ ਹਾਲਤ ਵਿੱਚ ਕਦੇ ਵੀ ਮਨੋਰੋਗ ਮਾਹਿਰ ਦੀ ਸਲਾਹ ਲੈਣ ਤੋਂ ਗੁਰੇਜ ਨਾ ਕਰੋ।

ਅਖੀਰ ਵਿੱਚ ਇਹ ਗੱਲ ਯਾਦ ਰੱਖਣੀ ਬਹੁਤ ਜ਼ਰੂਰੀ ਹੈ ਕਿ ਹਰ ਮਾਂ-ਬਾਪ ਦਾ ਆਪਣੀ ਜ਼ਿੰਦਗੀ ਦੇ ਕੰਮ-ਕਾਰ ਦੇ ਨਾਲ ਨਾਲ ਸਭ ਤੋਂ ਅਹਿਮ ਫਰਜ਼ ਆਪਣੇ ਬੱਚਿਆਂ ਦੀ ਸਹੀ ਪਰਵਰਿਸ਼ ਕਰਨਾ ਹੈ ਅਤੇ ਉਨ੍ਹਾਂ ਨੂੰ ਸਫਲ ਅਤੇ ਆਜ਼ਾਦ, ਸਵੈ-ਨਿਰਭਰ ਵਿਅਕਤੀ ਬਣਾਉਣਾ ਹੈ।

**ਸਾਬਕਾ ਪ੍ਰਿੰਸੀਪਲ,**
**ਸਰਕਾਰੀ ਮੈਡੀਕਲ ਕਾਲਜ, ਪਟਿਆਲਾ।**

***ਪੰਨਾ 22 ਦਾ ਬਾਕੀ...***

ਉਹ ਸੰਕਲਪ ਹੈ 'ਹੋਰਮੈਸਿਸ' (Hormesis)। ਇਹ ਸ਼ਬਦ 1933-34 ਵਿਚ ਬਣਿਆਂ। ਇਕ ਕਹਾਵਤ ਹੈ ਕਿ ਜ਼ਹਿਰ ਮਾਤਰਾ 'ਤੇ ਨਿਰਭਰ ਕਰਦੀ ਹੈ। (Doze determines the poison), ਮੋਟਾ ਜਿਹਾ ਭਾਵ ਇਹ ਹੈ ਕਿ ਕੋਈ ਚੀਜ਼ ਜਾਂ ਵਰਤਾਰਾ ਵੱਧ ਮਾਤਰਾ ਵਿੱਚ ਜ਼ਹਿਰੀਲਾ ਜਾਂ ਨੁਕਸਾਨਦਾਇਕ ਹੁੰਦਾ ਹੈ ਪਰ ਘੱਟ ਮਾਤਰਾ ਵਿੱਚ ਉਸਦੇ ਉਲਟ ਪ੍ਰਭਾਵ ਦੇਖਣ ਵਿਚ ਆਉਂਦੇ ਹਨ ਜਿਵੇਂ ਕਿ ਤਣਾਅ। ਹਾਲਾਂਕਿ ਅਸੀਂ ਮਾਨਸਿਕ, ਸਰੀਰਕ ਜਾਂ ਪੜ੍ਹਾਈ ਦੇ ਤਣਾਅ ਦੀ ਗੱਲ ਅਕਸਰ ਕਰਦੇ ਰਹਿੰਦੇ ਹਾਂ। ਇਸ ਤੋਂ ਅਸੀਂ ਡਰਦੇ ਵੀ ਬਹੁਤ ਹਾਂ। ਇਹ ਸੱਚ ਵੀ ਹੈ ਕਿ ਤਣਾਅ ਨਾਲ ਬਹੁਤ ਸਾਰੀਆਂ ਬਿਮਾਰੀਆਂ ਹੁੰਦੀਆਂ ਹਨ। ਪਰ ਤਣਾਅ ਤੋਂ ਬਗੈਰ ਜ਼ਿੰਦਗੀ ਵੀ ਕੋਈ ਜ਼ਿੰਦਗੀ ਨਹੀਂ। ਸਾਰੀ ਬਾਇਓਲੋਜੀ ਸਾਡੀ ਰੋਜ਼ ਦੀ ਜ਼ਿੰਦਗੀ ਦੇ ਸਟਰੈਸ ਵਿੱਚ ਢਲਣ ਤੇ ਜਿਉਣ ਦਾ ਹੀ ਯਤਨ ਹੈ। ਇਸੇ ਤਰ੍ਹਾਂ ਅੰਗਰੇਜ਼ੀ ਦੀ ਇਕ ਹੋਰ ਕਹਾਵਤ ਹੈ What does not kill you makes you stronger. ਹੋਰਮੈਸਿਸ ਤੋਂ ਭਾਵ ਹੈ ਕਿ ਜਦੋਂ ਤਣਾਅ ਚੰਗਾ ਸਾਬਤ ਹੋ ਸਕਦਾ ਹੈ। ਖਾਸ ਕਰਕੇ ਜਿਹੜਾ ਤਣਾਅ ਖ਼ੁਦ ਮਰਜ਼ੀ ਨਾਲ ਲਿਆ ਹੋਵੇ। ਉਮਰ ਤੇ ਬੁਢਾਪੇ ਦੇ ਸਬੰਧ ਵਿੱਚ ਇਸ ਉੱਪਰ ਪਿਛਲੇ 20 ਕੁ ਸਾਲ ਤੋਂ ਕਾਫੀ ਕੰਮ ਹੋ ਰਿਹਾ ਹੈ। ਮੇਰੀ ਲੈਬ ਦਾ ਇਸ ਖੇਤਰ ਵਿੱਚ ਕਾਫੀ ਯੋਗਦਾਨ ਹੈ ਤੇ ਮੈਨੂੰ ਦੁਨੀਆਂ ਵਿੱਚ ਇਸ ਕਰਕੇ ਮਾਨਤਾ ਵੀ ਮਿਲੀ ਹੈ। ਹੁਣ ਸੈਂਕੜੇ ਵਿਗਿਆਨੀ ਇਸ 'ਤੇ ਕੰਮ ਕਰ ਰਹੇ ਹਨ ਕਿਉਂਕਿ ਜਿਉਂਦੇ ਰਹਿਣਾ ਤਣਾਅ 'ਤੇ ਨਿਰਭਰ ਕਰਦਾ ਹੈ ਕਿ ਕਿਵੇਂ ਤਣਾਅ ਨੂੰ ਅਸੀਂ ਸਹਿੰਦੇ ਹਾਂ ਤੇ ਕਿਵੇ ਉਸ ਮੁਤਾਬਕ ਢਲਦੇ ਹਾਂ। ਅਗਲੀ ਗੱਲ ਇਸ ਬਾਰੇ ਕਰਾਂਗੇ ਕਿ ਸਾਡਾ ਤਣਾਅ ਨਾਲ ਕਿਸ ਤਰ੍ਹਾਂ ਦਾ ਸਬੰਧ ਹੈ ਅਤੇ ਤਣਾਅ ਨੂੰ ਆਪਣੀ ਜ਼ਿੰਦਗੀ ਨੂੰ ਸੁਧਾਰਣ ਲਈ ਕਿਵੇਂ ਵਰਤ ਸਕਦੇ ਹਾਂ। ਸਰੀਰਕ ਤਣਾਅ, ਭੋਜਨ ਤਣਾਅ, ਮਾਨਸਿਕ ਤਣਾਅ, ਸਮਾਜਕ ਤਣਾਅ ਇਸ ਸਭ ਬਾਰੇ ਗੱਲ ਕਰਾਂਗੇ। ਤੇ ਇਹ ਵੀ ਜਾਣਾਂਗੇ ਕਿ ਜਿਉਣ ਦਾ ਹੋਰਮੈਟਿਕ ਢੰਗ (Hormetic way of life) ਕੀ ਹੁੰਦਾ ਹੈ। ਆਜ ਕੀ ਮੁਲਾਕਾਤ ਬਸ ਇਤਨੀ।

**ਸ਼ਬਦੀ ਰੂਪ: ਹਰੀਕ੍ਰਿਸ਼ਨ ਮਾਇਰ / ਜਸਵੰਤ ਮੁਹਾਲੀ**

## ਹਕੀਕਤ

ਭਗਤ ਸਿੰਘ ਹਮੇਸ਼ਾ ਹੀ ਸਾਥੀਆਂ ਨਾਲ ਵੱਖ ਵੱਖ ਸਮੱਸਿਆਵਾਂ ਬਾਰੇ ਗੱਲਬਾਤ ਕਰਦਾ ਰਹਿੰਦਾ ਸੀ। ਪਰ ਮੈਂ ਉਸਨੂੰ ਕਦੇ ਉਤੇਜਿਤ ਹੁੰਦੇ ਨਹੀਂ ਸੀ ਵੇਖਿਆ। ਉਸ ਦਿਨ ਵੀ ਉਸਨੇ ਸਧਾਰਨ ਲਹਿਜ਼ੇ ਵਿੱਚ ਗੱਲਬਾਤ ਕੀਤੀ। ਉਸਦਾ ਹਰ ਸ਼ਬਦ ਬੜੇ ਹੀ ਸੰਕੋਚ ਨਾਲ ਨਾਪਿਆ ਤੋਲਿਆ ਹੋਇਆ ਸੀ। ਉਸਨੇ ਕਿਹਾ, ਤੁਹਾਡਾ ਰਾਹ ਕੁਝ ਨਾ ਕਰਨ ਦਾ ਰਾਹ ਹੈ, ਸਭ ਕੁਝ ਰੱਬ ਦੇ ਸਹਾਰੇ ਛੱਡ ਕੇ ਹੱਥ 'ਤੇ ਹੱਥ ਧਰ ਕੇ ਬੈਠ ਜਾਣ ਦਾ ਰਸਤਾ ਹੈ। ਨਿਰਸੁਆਰਥ ਕੰਮ ਦੀ ਆੜ ਵਿੱਚ ਕਰਮਵਾਦ ਦੀ ਗੋਲੀ ਖੁਆ ਕੇ ਦੇਸ਼ ਦੇ ਨੌਜੁਆਨਾਂ ਨੂੰ ਸੁਆਉਣ ਦਾ ਰਸਤਾ ਹੈ। ਇਹ ਕਦੇ ਵੀ ਮੇਰਾ ਰਾਹ ਨਹੀਂ ਬਣ ਸਕਦਾ। ਜੋ ਲੋਕ ਇਸ ਦੁਨੀਆਂ ਨੂੰ ਮਿੱਥ ਸਮਝਦੇ ਹਨ। ਇਸ ਦੇਸ਼ ਨੂੰ, ਇਸਦੇ ਰਹਿਣ ਵਾਲਿਆਂ ਨੂੰ ਪਰਛਾਵਾਂ ਜਾਂ ਮਾਇਆ ਜਾਲ ਸਮਝਦੇ ਹਨ, ਉਹ ਦੁਨੀਆਂ ਦੀ ਭਲਾਈ ਜਾਂ ਦੇਸ਼ ਦੀ ਆਜ਼ਾਦੀ ਲਈ ਇਮਾਨਦਾਰੀ ਨਾਲ ਨਹੀਂ ਲੜ ਸਕਦੇ। ਜੋ ਮਿੱਥ ਹੈ, ਪਰਛਾਵਾਂ ਹੈ, ਉਸ ਖ਼ਾਤਰ ਸੰਘਰਸ਼ ਕਾਹਦਾ?



ਫਿਰ ਕੁਝ ਭਾਵੁਕ ਹੁੰਦੇ ਹੋਏ ਉਸਨੇ ਕਿਹਾ, ਮੈਂ ਇਸ ਦੁਨੀਆਂ ਨੂੰ ਮਿੱਥ ਨਹੀਂ ਮੰਨਦਾ। ਮੇਰਾ ਦੇਸ਼ ਨਾ ਪਰਛਾਵਾਂ ਹੈ, ਨਾ ਮਾਇਆ ਜਾਲ। ਇਹ ਇੱਕ ਜਿਉਂਦੀ ਜਾਗਦੀ ਹਕੀਕਤ ਹੈ ਤੇ ਮੈਂ ਇਸਨੂੰ ਪਿਆਰ ਕਰਦਾ ਹਾਂ। ਮੇਰੇ ਲਈ ਇਸ ਧਰਤੀ ਤੋਂ ਬਿਨਾਂ ਨਾ ਤਾਂ ਕੋਈ ਹੋਰ ਦੁਨੀਆਂ ਹੈ, ਤੇ ਨਾ ਹੀ ਸਵਰਗ। ਇਹ ਠੀਕ ਹੈ ਕਿ ਅੱਜ ਥੋੜ੍ਹੇ ਜਿਹੇ ਲੋਕਾਂ ਨੇ ਆਪਣੇ ਸੁਆਰਥ ਖ਼ਾਤਰ ਇਸ ਧਰਤੀ ਨੂੰ ਬਦਤਰ ਬਣਾ ਦਿੱਤਾ ਹੈ ਪ੍ਰੰਤੂ ਐਨੇ ਨਾਲ ਹੀ ਇਸ ਦੁਨੀਆਂ ਨੂੰ ਮਿੱਥ ਐਲਾਨ ਕੇ ਭੱਜਣ ਨਾਲ ਕੰਮ ਨਹੀਂ ਚੱਲਣਾ। ਲੁਟੇਰਿਆਂ ਤੇ ਦੂਜਿਆਂ ਨੂੰ ਗ਼ੁਲਾਮ ਬਣਾ ਕੇ ਰੱਖਣ ਵਾਲਿਆਂ ਦਾ ਖ਼ਾਤਮਾ ਕਰਕੇ ਹੀ ਸਾਨੂੰ ਇਸ ਧਰਤੀ 'ਤੇ ਲੁੱਟ ਰਹਿਤ ਬਰਾਬਰੀ ਵਾਲੇ ਸਮਾਜ ਦੀ ਸਥਾਪਨਾ ਕਰਨੀ ਪਵੇਗੀ।

**ਸ਼ਿਵ ਵਰਮਾ**

(ਕਿਤਾਬ 'ਸ਼ਹੀਦਾਂ ਦੇ ਅੰਗ ਸੰਗ')

*ਯਾਦ ਕਰਦਿਆਂ*

## ਕਰਾਮਾਤ

ਬਾਬੇ ਵੱਲੋਂ ਪੰਜ ਏਕੜ ਸ਼ਾਮਲਾਟ 'ਤੇ ਕਬਜ਼ਾ ਕਰਕੇ ਰਾਹ ਬੰਦ ਕਰਨ ਤੋਂ ਦੁਖੀ ਪਿੰਡ ਦੇ ਮੈਂਬਰ ਪੰਚਾਇਤ ਨੇ ਝਿਜਕਦਿਆਂ ਆਖਿਆ, "ਬਾਬਾ ਜੀ, ਹੁਣ ਤੁਸੀਂ ਲੋਕਾਂ ਦੇ ਲੰਘਣ ਲਈ ਬਣੀ ਸੜਕ 'ਤੇ ਵੀ ਕਬਜ਼ਾ ਕਰੀ ਜਾ ਰਹੇ ਓ.... ਲੋਕੀਂ ਭਲਾ ਕਿੱਧਰ ਦੀ ਲੰਘਣ?" "ਭਾਈ ਭਗਤਾ, ਕੇਹੀ ਸ਼ਾਮਲਾਟ, ਕੇਹੀਆਂ ਸੜਕਾਂ.... ਜੇ ਤੂੰ ਸੱਚ ਪੁੱਛੇਂ ਤਾਂ ਇਹ ਸਾਰੀ ਧਰਤੀ ਹੀ ਸਾਡੀ ਐ। ਜਿੱਥੇ ਸਾਡਾ ਦਿਲ ਕਰੂ, ਅਸੀਂ ਉੱਥੇ ਹੀ ਕਬਜ਼ਾ ਕਰ ਲਵਾਂਗੇ। ਕੋਈ ਐਸਾ ਮਾਈ ਦਾ ਲਾਲ ਨੀਂ ਜੰਮਿਆ, ਜਿਹੜਾ ਸਾਨੂੰ ਰੋਕੇ। ਹਰ ਐਤਵਾਰ, ਇੱਕ ਨਹੀਂ, ਅਨੇਕਾਂ ਮੰਤਰੀ ਸਾਡੇ ਚਰਨਾਂ ਵਿੱਚ ਸੀਸ ਝੁਕਾਉਣ ਲਈ ਆਉਂਦੇ ਨੇ। ਵੀਹ ਵੀਹ ਗੱਡੀਆਂ ਦਾ ਕਾਫਲਾ ਹੁੰਦੈ ਉਨ੍ਹਾਂ ਦਾ। ਸੜਕ ਬਾਰੇ ਉਨ੍ਹਾਂ ਨੇ ਤਾਂ ਸਾਨੂੰ ਕਦੀ ਕਿਹਾ ਨਹੀਂ ਤੇ ਤੂੰ ਐਵੇਂ ਬੁੜ੍ਹਕੀ ਜਾਨੈਂ... ਅਖੇ ਤੂੰ ਕੌਣ, ਮੈਂ ਖਾਹ ਮਖਾਹ। ਤੂੰ ਸਾਡੀ ਪਾਵਰ ਬਾਰੇ ਨੀਂ ਜਾਣਦਾ। ਜਾਹ ਜਾ ਕੇ ਆਵਦਾ ਕੰਮ ਕਰ। ਸੰਤਾਂ ਦੀ ਲੀਲ੍ਹਾ ਬਾਰੇ ਐਵੇਂ ਬਾਹਲਾ ਨੀਂ ਬੋਲੀਦਾ।" ਅਜਿਹੇ ਅਖੌਤੀ ਬਾਬੇ ਹਰ ਪਿੰਡ, ਕਸਬੇ ਵਿੱਚ ਬਿਰਾਜਮਾਨ ਹਨ। ਜਿੱਥੇ ਦਿਲ ਕਰੇ, ਉੱਥੇ ਜਾ ਝੰਡਾ ਗੱਡਦੇ ਹਨ। ਕੋਈ ਰੋਕ ਟੋਕ ਨਹੀਂ। ਹੈ ਨਾ ਸਾਡੇ 'ਲੋਕਤੰਤਰ' ਦੀ ਕਰਾਮਾਤ ...? ਨਾਲ਼ੇ ਤੁਹਾਨੂੰ ਇਨ੍ਹਾਂ ਦੇ ਪਿੱਛੇ ਮੌਜੂਦ ਹੱਥ ਦਾ ਤਾਂ ਪਤਾ ਲੱਗ ਹੀ ਗਿਆ ਹੋਊ...... ਮੰਤਰੀ ਘਰ ਦਾ ਹੈ।



**ਮਰਹੂਮ ਪ੍ਰਿੰਸੀਪਲ ਬਲਦੇਵ ਸਿੰਘ ਆਜ਼ਾਦ**

('ਗੋਡੇ ਘੁੱਟ ਤੇ ਮੌਜਾਂ ਲੁੱਟ' ਪੁਸਤਕ 'ਚੋਂ)

---

## ਕਲਾ

ਕਲਾ ਮਨੁੱਖ ਦੇ ਜਿਉਂਦੇ ਹੋਣ ਦਾ ਨਾਂ ਹੈ। ਕਲਾ ਜ਼ਿੰਦਗੀ ਦੀ ਪ੍ਰੇਰਨਾ ਤੇ ਬਲ ਹੈ। ਇਹ ਮਨੁੱਖ ਦੇ ਸੁਪਨਿਆਂ ਦੀ ਪ੍ਰਵਾਜ਼ ਹੈ। ਕਲਾ ਜ਼ਿੰਦਗੀ ਦਾ ਹਾਸਲ ਹੈ। ਜਿਹੜੀ ਲਗਾਤਾਰ ਤੁਰਦੇ ਰਹਿਣ ਤੇ ਮੰਜ਼ਿਲ 'ਤੇ ਪੁੱਜਣ ਦਾ ਤਰੀਕਾਕਾਰ ਹੈ। ਕਲਾ ਜ਼ਿੰਦਗੀ ਦਾ ਸੁਹਜ ਹੈ। ਕਲਾ ਮਨੁੱਖ ਦੀ ਪਹਿਚਾਣ ਹੈ। ਇਹ ਮਨੁੱਖ ਦੀ ਬੁੱਧੀ ਤੇ ਮਿਹਨਤ ਦਾ ਸੁਮੇਲ ਹੈ। ਕਲਾ ਦਾ ਹਰੇਕ ਰੂਪ ਮਾਣ ਮੱਤਾ ਤੇ ਪ੍ਰੇਰਨਾ ਮਈ ਹੁੰਦਾ ਹੈ।

# ਲੋਕਤਾ ਦੇ ਰੰਗ ਬਿਨ ਸਾਰੀ ਅਧੂਰੀ ਜ਼ਿੰਦਗੀ। ...ਸੁਰਿੰਦਰ ਗੀਤ

*ਮਿੰਨੀ ਕਹਾਣੀ*

## ਅਪਾਹਜ

ਸ਼ਹਿਰ ਦੀ ਅਗਾਂਹ ਵਧੂ ਸੰਸਥਾ ਵਿਗਿਆਨਕ ਚੇਤਨਾ ਮੰਚ ਵੱਲੋਂ ਫੈਸਲਾ ਹੋਇਆ ਕਿ ਔਰਤਾਂ ਨੂੰ ਬੇਲੋੜੀਆਂ ਰਸਮਾਂ ਤੇ ਵਹਿਮਾਂ ਭਰਮਾਂ ਤੋਂ ਨਿਜ਼ਾਤ ਦਿਵਾਉਣ ਲਈ ਇੱਕ ਸੈਮੀਨਾਰ ਕਰਵਾਇਆ ਜਾਵੇ। ਇਸ ਸਮਾਗਮ ਵਿਚ ਵਿਗਿਆਨਕ ਸੋਚ ਨੂੰ ਪ੍ਰਣਾਈ ਇਲਾਕੇ ਦੀ ਇੱਕ ਨਾਮਵਰ ਸਮਾਜ ਸੇਵਕਾ ਪ੍ਰੋਫੈਸਰ ਨੂੰ ਮੁੱਖ ਵਕਤਾ ਦੇ ਤੌਰ 'ਤੇ ਬੁਲਾਉਣ ਦੇ ਲਈ ਸਹਿਮਤੀ ਬਣੀ।

ਔਰਤਾਂ ਦਾ ਸਮਾਗਮ ਹੋਣ ਕਾਰਣ ਜਿਲ੍ਹੇ ਦੀ ਮਹਿਲਾ ਡਿਪਟੀ ਕਮਿਸ਼ਨਰ ਨੂੰ ਮੁੱਖ ਮਹਿਮਾਨ ਵਜੋਂ ਬੁਲਾਉਣ ਦਾ ਫੈਸਲਾ ਹੋਇਆ। ਉਨ੍ਹਾਂ ਤੋਂ ਸਮਾਂ ਲੈਣ ਲਈ ਮੇਰੀ ਅਤੇ ਚਾਵਲਾ ਸਾਹਿਬ ਦੀ ਡਿਊਟੀ ਲਗਾਈ ਗਈ ਕਿਉਂਕਿ ਡੀ.ਸੀ. ਸਾਹਿਬਾ ਦੇ ਪੀ.ਏ. ਚਾਵਲਾ ਸਾਹਿਬ ਦੇ ਜਾਣੂੰ ਸਨ। ਅਗਲੇ ਦਿਨ ਅਸੀਂ ਦਫ਼ਤਰ ਜਾ ਕੇ ਪੀ.ਏ.ਨੂੰ ਆਪਣਾ ਆਉਣ ਦਾ ਮਕਸਦ ਦੱਸਦਿਆਂ ਡੀ.ਸੀ. ਮੈਡਮ ਤੋਂ ਸਮਾਂ ਲੈਣ ਲਈ ਮਿਲਣ ਦੀ ਬੇਨਤੀ ਕੀਤੀ। ਪੀ.ਏ. ਸਾਹਿਬ ਨੇ ਕਿਹਾ, "ਯਾਰ! ਅਜੇ ਇੱਕ ਘੰਟੇ ਲਈ ਮੈਡਮ ਵੱਲੋਂ ਅੰਦਰ ਜਾਣ ਦੀ ਸਖ਼ਤੀ ਨਾਲ ਮਨਾਹੀ ਹੈ।" ਮੈਂ ਕਿਹਾ, "ਕੋਈ ਜਰੂਰੀ ਮੀਟਿੰਗ ਚੱਲ ਰਹੀ ਹੈ।" ਕੰਪਿਊਟਰ ਵੱਲ ਦੇਖਦਿਆਂ ਪੀ.ਏ. ਸਾਹਿਬ ਨੇ ਕਿਹਾ, "ਹੈ ਤਾਂ ਮੀਟਿੰਗ, ਪਰ ਦਫ਼ਤਰੀ ਨਹੀਂ ਨਿੱਜੀ ਹੈ, ਮੈਡਮ ਜੀ ਦੇ ਪਰਿਵਾਰਕ ਤਾਂਤਰਿਕ ਆਏ ਹੋਏ ਹਨ।"

ਚਾਵਲਾ ਜੀ ਨੇ ਉਤਸੁਕਤਾ ਨਾਲ ਪੁੱਛਿਆ, "ਕੋਈ ਮੁਸ਼ਕਲ ਹੈ ਕਿ?" "ਮੈਡਮ ਹੁਰਾਂ ਦੇ ਬੇਟੇ ਦਾ ਤਿੰਨ ਸਾਲ ਤੋਂ ਮੁਕਾਬਲੇ ਦਾ ਇਮਤਿਹਾਨ ਪਾਸ ਨਹੀਂ ਹੋ ਰਿਹਾ। ਕੋਈ ਉਪਾਅ ਕਰਨ ਲਈ ਬੁਲਾਇਐ ਤਾਂਤਰਿਕ ਨੂੰ।" ਪੀ.ਏ. ਸਾਹਿਬ ਸ਼ਾਇਦ ਅਜੇ ਕੁਝ ਹੋਰ ਵੀ ਦੱਸਣਾ ਚਾਹੁੰਦੇ ਸਨ ਪਰ ਅਸੀਂ ਉਨ੍ਹਾਂ ਤੋਂ ਛੁੱਟੀ ਲਈ ਅਤੇ ਬਿਨ੍ਹਾਂ ਇੰਤਜ਼ਾਰ ਕੀਤੇ ਦਫ਼ਤਰ ਤੋਂ ਬਾਹਰ ਆ ਗਏ ਕਿਉਂਕਿ ਡੀ.ਸੀ. ਮੈਡਮ ਦੀ ਸੋਚ ਦਾ ਸਾਡੇ ਸਮਾਗਮ ਨਾਲ ਕੋਈ ਮੇਲ ਨਹੀਂ ਸੀ। ਮੈਨੂੰ ਪ੍ਰਸ਼ਾਸ਼ਨਿਕ ਮਹਿਲਾ ਅਧਿਕਾਰੀ ਦੇ ਮਾਨਸਿਕ ਤੌਰ 'ਤੇ ਅਪਾਹਜ ਹੋਣ ਤੇ ਤਰਸ ਆ ਰਿਹਾ ਸੀ।



**ਕੁਲਦੀਪ ਮਾਣੂੰਕੇ**
98147 22408

*ਮਹਾਂ ਨਾਇਕ ਦੀ ਜੇਲ੍ਹ ਡਾਇਰੀ 'ਚੋਂ:*

## ਜੀਵਨ ਉਦੇਸ਼

ਜੀਵਨ ਦਾ ਉਦੇਸ਼ ਮਨ ਨੂੰ ਕਾਬੂ ਕਰਨਾ ਨਹੀਂ ਸਗੋਂ ਉਸਦਾ ਠੀਕ ਵਿਕਾਸ ਕਰਨਾ ਹੈ। ਮਰਨ ਤੋਂ ਬਾਅਦ ਮੁਕਤੀ ਪ੍ਰਾਪਤ ਕਰਨਾ ਨਹੀਂ ਸਗੋ ਇਸ ਸੰਸਾਰ ਵਿੱਚ ਹੀ ਉਸਦਾ ਸਭ ਤੋਂ ਵਧੀਆਂ ਇਸਤੇਮਾਲ ਕਰਨਾ ਹੈ। ਕੇਵਲ ਧਿਆਨ ਵਿੱਚ ਹੀ ਨਹੀਂ ਬਲਕਿ ਰੋਜ਼ਾਨਾ ਜੀਵਨ ਦੇ ਯਥਾਰਥ ਅਨੁਭਵ ਵਿੱਚ ਵੀ ਸੱਚ, ਚੰਗਿਆਈ ਅਤੇ ਸੁੰਦਰਤਾ ਨੂੰ ਪ੍ਰਤੱਖ ਕਰਨਾ ਹੈ। ਸਮਾਜਿਕ ਪ੍ਰਗਤੀ ਕਿਸੇ ਦੀ ਉਨਤੀ ਉੱਪਰ ਨਹੀਂ ਸਗੋਂ ਬਹੁਤਿਆਂ ਦੀ ਅਮੀਰੀ 'ਤੇ ਨਿਰਭਰ ਕਰਦੀ ਹੈ। ਲੋਕਤੰਤਰ ਜਾਂ ਸਰਵਸਾਂਝਾ ਭਰੱਪਣ ਕੇਵਲ ਤਦ ਤੱਕ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜੇ ਸਮਾਜਿਕ, ਰਾਜਨੀਤਿਕ ਅਤੇ ਉਦਯੋਗਿਕ ਜੀਵਨ ਵਿੱਚ ਮੌਕਿਆਂ ਦੀ ਸਮਾਨਤਾ ਹੋਵੇ।

**ਰੂਸੋ**

## ਨਸ਼ਤਰਾਂ

ਕੱਟਾ ਮੁੰਨ ਕੇ ਝਾਂਜਰਾਂ ਪਾਈਆਂ,
ਵੋਟਾਂ ਵੇਲੇ ਦਾਨ ਕਰਨਾ।

***

ਮੇਰੇ ਦੇਸ਼ ਦਾ ਵਿਕਾਸ ਬੁੱਢਾ ਹੋ
ਗਿਆ,
ਇੱਕ ਮੌਕਾ ਹੋਰ ਭਾਲਦਾ।

***

ਅਸੀਂ ਚਿਹਰਿਆਂ 'ਚੋਂ ਰਾਜਨੀਤੀ ਲੱਭਦੇ,
ਰਾਜ ਨਹੀਂ ਸਮਾਜ ਬਦਲੇ।

***

ਅਸੀਂ ਸ਼ਰਧਾ ਦੇ ਉੱਲੂ ਸ਼ਰਧਾਲੂ,
ਘਰੇ ਆ ਗਏ ਲਾਸ਼ਾਂ ਬਣ ਕੇ।

***



ਕੀ ਸੁਰਗਾਂ ਤੋਂ ਲੈਣਾ ਏਂ,
ਧਰਤੀ ਸਵਾਰੋ ਆਪਣੀ,
ਜਿੱਥੇ ਜਿਉਂਦਿਆਂ ਨੇ ਰਹਿਣਾ ਏਂ।

**ਜਗਸੀਰ ਜੀਦਾ** (94173-33203)

*ਵਿਰਾਸਤ*

# ਪੇਸ਼ਾਵਰ ਵਿਦਰੋਹ ਦੇ ਨਾਇਕ-ਕ੍ਰਾਂਤੀਕਾਰੀ ਚੰਦਰ ਸਿੰਘ ਗੜ੍ਹਵਾਲੀ



**ਸੁਧੀਰ ਵਿਦਿਆਰਥੀ**

ਉਤਰਾਖੰਡ ਦੇ ਜ਼ਿਲ੍ਹੇ ਪੌੜੀ ਗੜ੍ਹਵਾਲ ਦੇ ਸ਼ਹਿਰ ਕੋਟਦਵਾਰ ਪਹੁੰਚ ਕੇ ਵੀਰ ਚੰਦਰ ਸਿੰਘ ਗੜ੍ਹਵਾਲੀ, ਬੈਰਿਸਟਰ ਮੁਕੰਦੀ ਲਾਲ, ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੇ ਨਾਲ ਭਵਾਨੀ ਸਿੰਘ ਆਦਿ ਕ੍ਰਾਂਤੀਕਾਰੀਆਂ ਦੀਆਂ ਤਸਵੀਰਾਂ ਅੱਖਾਂ ਵਿੱਚ ਤੈਰਣ ਲੱਗਦੀਆਂ ਹਨ। ਭਵਾਨੀ ਸਿੰਘ ਦੇ ਪਿੰਡ ਨਾਥੋਪੁਰ ਜਾਣ ਵਾਲੇ ਰਸਤੇ ਦੁਗਾਡਾ ਹੁੰਦੇ ਹੋਏ, ਜਿੱਥੇ ਦਿੱਲੀ ਦੇ 'ਗਾਡੋਦਿਆ ਐਕਸ਼ਨ' ਤੋਂ ਬਾਅਦ ਆਜ਼ਾਦ ਆਪਣੇ ਕੁਝ ਸਹਿਯੋਗੀ ਸਾਥੀਆਂ ਨਾਲ ਕਈ ਦਿਨ ਆ ਕੇ ਰੁਕੇ ਸੀ, ਕੋਟਦਵਾਰ ਪਹੁੰਚ ਕੇ ਝੰਡਾ ਚੌਂਕ ਦੇ ਨੇੜੇ ਪੇਸ਼ਾਵਰ ਕਾਂਡ (1930) ਦੇ ਕ੍ਰਾਂਤੀਕਾਰੀ ਚੰਦਰ ਸਿੰਘ ਗੜ੍ਹਵਾਲੀ ਦਾ ਬੁੱਤ ਹੈ। ਪੈਂਟ, ਕਮੀਜ਼, ਅੱਖਾਂ 'ਤੇ ਮੋਟੀ ਐਨਕ ਅਤੇ ਸਿਰ 'ਤੇ ਹੈਟ, ਉਹਨਾਂ ਦੀ ਜੀਵਨ ਭਰ ਦੀ ਪਛਾਣ ਬਣ ਚੁੱਕਾ ਹੈ। ਪਹਾੜੀ ਲੋਕਾਂ ਵਾਂਗ ਬੋਲਣ ਦਾ ਉਹਨਾਂ ਦਾ ਲਹਿਜਾ ਸਾਨੂੰ ਬਹੁਤ ਖਿੱਚਦਾ ਸੀ, ਵਿਸ਼ੇਸ਼ ਤੌਰ 'ਤੇ ਉਹਨਾਂ ਦੀਆਂ ਬੇਲਾਗ ਗੱਲਾਂ ਅਤੇ ਜਿਉਣ ਦਾ ਫਕੀਰਾਨਾ ਢੰਗ। ਸਾਲ 1972 ਵਿਚ ਉਹ ਇੱਕ ਬਾਰ 'ਸ਼ਹੀਦੀ ਮੇਲੇ' ਦਾ ਉਦਘਾਟਨ ਕਰਨ ਸਾਡੇ ਸ਼ਹਿਰ ਸ਼ਾਹਜਹਾਂਪੁਰ ਆਏ ਸੀ। ਉਦੋਂ ਦੀਆਂ ਉਹਨਾਂ ਦੀਆਂ ਕਈ ਗੱਲਾਂ ਅਜੇ ਵੀ ਮੇਰੇ ਜ਼ਿਹਨ ਵਿੱਚ ਜਿਉਂਦੀਆਂ ਹਨ। ਉਹਨਾਂ ਦਿਨਾਂ ਵਿਚ ਅਸੀਂ ਸੋਚਦੇ ਸੀ ਕਿ ਆਪਣੀ ਜਵਾਨੀ ਵਿਚ ਉਹ ਕਿਹੋ ਜਿਹੇ ਰਹੇ ਹੋਣਗੇ, ਜਦ ਪੇਸ਼ਾਵਰ ਦੀ ਪਲਟਨ ਵਿਚ ਹੁੰਦੇ ਹੋਏ ਉਹਨਾਂ ਦੇਸ਼ ਦੀ ਆਜ਼ਾਦੀ ਦੇ ਨਿਹੱਥੇ ਸੰਗਰਾਮੀਆਂ 'ਤੇ ਗੋਲੀ ਚਲਾਉਣ ਤੋਂ ਜਵਾਬ ਦੇ ਦਿੱਤਾ ਸੀ, ਜਿਸ ਕਾਰਣ ਉਹਨਾਂ ਨੂੰ ਸਖ਼ਤ ਸਜ਼ਾ ਮਿਲੀ ਸੀ। ਉਹ ਉਸ ਦੌਰ ਦੀ ਸਭ ਤੋਂ ਵੱਡੀ ਅਹਿੰਸਕ ਲੜਾਈ ਸੀ।



ਉਹ ਗੜ੍ਹਵਾਲ ਦੀ ਦੂਧਾਤੋਲੀ ਵਿਚ ਸੈਣਸੇਰਾ, ਪੱਟੀ ਚੌਥਾਨ ਦੇ ਰਹਿਣ ਵਾਲੇ ਸਨ। ਉੱਥੇ ਪੜ੍ਹਾਈ-ਲਿਖਾਈ ਦਾ ਕੋਈ ਨਾਮ ਨਿਸ਼ਾਨ ਨਹੀਂ ਸੀ। ਚੰਦਰ ਸਿੰਘ ਨੂੰ ਵੀ ਸਕੂਲ ਨਹੀਂ ਭੇਜਿਆ ਗਿਆ। ਪਰ ਉਹ ਆਪਣੀਆਂ ਕੋਸ਼ਿਸ਼ਾਂ ਨਾਲ ਥੋੜਾਂ ਪੜ੍ਹਣਾ-ਲਿਖਣਾ ਸਿੱਖ ਗਏ। ਘਰ ਦੀ ਕਮਜ਼ੋਰ ਆਰਥਿਕ ਸਥਿਤੀ ਦੇ ਚਲਦਿਆਂ ਭੱਜ ਕੇ ਫੌਜ ਵਿਚ ਭਰਤੀ ਹੋ ਗਏ। ਗਾਂਧੀ ਟੋਪੀ ਅਤੇ ਆਰੀਆ ਸਮਾਜ ਉਹਨਾਂ ਦੀ ਜ਼ਿੰਦਗੀ ਦੇ ਹਿੱਸੇਦਾਰ ਬਣ ਚੁੱਕੇ ਸਨ। ਕ੍ਰਾਂਤੀਕਾਰੀਆਂ ਦਾ ਸੰਗਰਾਮ ਉਹਨਾਂ ਨੂੰ ਖਿੱਚਦਾ ਹੀ ਨਹੀਂ, ਝੰਜੋੜਦਾ ਸੀ। ਪੇਸ਼ਾਵਰ ਦੀ ਉਸ ਦਿਨ ਦੀ ਸਵੇਰ ਇਤਿਹਾਸ-ਸਿਰਜਣਾ ਦੀ ਵਾਟ ਜੋਹ ਰਹੀ ਸੀ। ਖਾਨ ਅਬਦੁਲ ਗ਼ੁਫ਼ਾਰ ਖਾਂ ਦੀ ਅਗਵਾਈ ਵਿਚ ਖੁਦਾਈ ਖਿਦਮਤਗਾਰ (ਕਾਮੇ) ਤਿਆਰ ਹੋ ਰਹੇ ਸੀ। 23 ਅਪਰੈਲ 1930 ਨੂੰ ਹੜਤਾਲ ਹੋ ਗਈ ਸੀ। ਕਾਂਗਰਸ ਵੱਲੋਂ ਮੁਜ਼ਾਹਰਾ ਕੱਢਿਆ ਜਾ ਰਿਹਾ ਸੀ ਜਿਸ ਦੇ ਵੱਲ ਸਿਪਾਹੀਆਂ ਦੀਆਂ ਬੰਦੂਕਾਂ ਸਨ।

ਰਿਕੇਟ ਨੇ ਹੁਕਮ ਦਿੱਤਾ, "ਗੜ੍ਹਵਾਲੀ! ਥਰੀ ਰਾਊਂਡ ਫਾਇਰ!!" ਪਰ ਹਵਾਲਦਾਰ ਚੰਦਰ ਸਿੰਘ ਚੀਕ ਕੇ ਬੋਲੇ, "ਗਢਵਾਲੀਓ! ਗੋਲੀਆਂ ਨਾ ਚਲਾਉਣਾ।" ਚੰਦਰ ਸਿੰਘ ਦੇ ਫੈਸਲੇ ਨੇ ਇਤਿਹਾਸ ਨੂੰ ਸੁਨਹਿਰੀ/ਸ਼ਾਨਾਮੱਤਾ ਬਣਾ ਦਿੱਤਾ। ਹੁਣ ਉਹ 'ਨਾਇਕ' ਬਣ ਚੁੱਕੇ ਸੀ — ਦੇਸ਼ ਭਗਤ ਵਿਦਰੋਹੀ ਅਤੇ ਗੜ੍ਹਵਾਲੀ ਟੁਕੜੀ ਦੇ ਮਹਾਂ-ਨਾਇਕ। ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮੁਕੱਦਮੇ ਵਿਚ ਉਹਨਾਂ ਦੇ ਵਕੀਲ ਬਣੇ - ਮੁਕੰਦੀ ਲਾਲ। ਉਹਨਾਂ ਨੂੰ ਜੋ ਸਜ਼ਾ ਮਿਲੀ, ਉਹ ਸੀ :

1. ਜ਼ਿੰਦਗੀ ਭਰ ਕਾਲੇ ਪਾਣੀ ਦੀ ਕੈਦ
2. ਸਾਰੀ ਜਾਇਦਾਦ ਜਬਤ
3. ਆਹੁਦੇਦਾਰੀ ਤੋਂ ਲਾਹ ਕੇ ਸਿਪਾਹੀ ਦਰਜੇ ਵਿਚ ਰੱਖਣਾ
4. ਸਿਪਾਹੀ ਤੋਂ ਨਾਮ ਕੱਟ ਕੇ ਖਾਰਜ ਕਰ ਦੇਣਾ।

ਉਹ ਕੈਦੀ ਬਣ ਕੇ ਜੇਲ੍ਹ ਵੱਲ ਚੱਲ ਪਏ। ਸਲਾਖਾਂ ਦੇ ਪਿੱਛੇ ਉਹ ਪੱਕੇ ਕਮਿਊਨਿਸਟ ਬਣੇ। ਗਾਂਧੀ ਇਰਵਿਨ ਸਮਝੌਤੇ ਬਾਅਦ ਜੇਲ੍ਹ ਸੁਪਰਡੈਂਟ ਨੇ ਉਹਨਾਂ ਨੂੰ ਸੱਦ ਕੇ ਇੱਕ ਬੇਨਤੀ ਪੱਤਰ 'ਤੇ ਦਸਤਖ਼ਤ ਕਰਵਾਉਣੇ ਚਾਹੇ, ਜਿਸ ਵਿਚ ਲਿਖਿਆ ਸੀ–

"ਗਾਂਧੀ-ਇਰਵਿਨ ਸਮਝੌਤੇ ਨਾਲ ਸਾਰੇ ਕਾਂਗਰਸੀ ਕੈਦੀ ਛੱਡ ਦਿੱਤੇ ਗਏ ਹਨ। ਮੈਂ ਅੱਗੇ ਤੋਂ ਅਜਿਹਾ ਜ਼ੁਰਮ ਨਹੀਂ ਕਰਾਂਗਾ। ਮੈਨੂੰ ਮੁਆਫ਼ ਕਰ ਦਿੱਤਾ ਜਾਵੇ।"

ਚੰਦਰ ਸਿੰਘ ਗੜ੍ਹਵਾਲੀ ਨੇ ਕਿਹਾ– "ਮੈਂ ਮੁਆਫ਼ੀ ਮੰਗ ਕੇ ਰਿਹਾਅ ਨਹੀਂ ਹੋਵਾਂਗਾ। ਮੈਂ ਹੱਥਕੜੀ, ਬੇੜੀ, ਜੇਲ੍ਹ, ਕਾਲੇ ਪਾਣੀ ਤੋਂ ਨਹੀਂ ਡਰਦਾ।" ਉਹਨਾਂ ਨੂੰ ਬਰੇਲੀ ਕੇਂਦਰੀ

ਸੰਨ 1857 ਈ. ਵਿੱਚ ਸਾਡੇ ਸੈਨਿਕਾਂ ਨੇ ਆਪਣੇ ਦੇਸ਼ ਦੀ ਆਜ਼ਾਦੀ ਲਈ ਵਿਦੇਸ਼ੀਆਂ ਦੇ ਖਿਲਾਫ਼ ਬਗਾਵਤ ਦਾ ਝੰਡਾ ਚੁੱਕਿਆ ਸੀ। ਉਸ ਤੋਂ ਬਾਅਦ ਇਹ ਪਹਿਲੀ ਘਟਨਾ ਸੀ, ਜਦ ਭਾਰਤੀ (ਗੜ੍ਹਵਾਲੀ) ਸੈਨਿਕਾਂ ਨੇ ਆਪਣੇ ਦੇਸ਼ ਦੇ ਖਿਲਾਫ਼ ਆਪਣੀਆਂ ਬੰਦੂਕਾਂ ਦੀ ਵਰਤੋਂ ਕਰਨ ਤੋਂ ਜਵਾਬ ਦੇ ਦਿੱਤਾ। ਉਕ ਵਕਤ ਸਾਰਾ ਦੇਸ਼ ਅੰਗਰੇਜ਼ਾਂ ਦੇ ਖਿਲਾਫ਼ ਸੀ, ਪਰ ਹਥਿਆਰਬੰਦ ਕ੍ਰਾਂਤੀ ਕਰਨ ਲਈ ਤਿਆਰ ਨਹੀਂ ਸੀ। ਜੇ ਉਸਦੀ ਸੰਭਾਵਨਾ ਹੁੰਦੀ, ਤਾਂ ਇਸ ਵਿਚ ਸ਼ੱਕ ਨਹੀਂ ਕਿ ਬਹਾਦਰ ਗੜ੍ਹਵਾਲੀ ਸੈਨਿਕ ਚੰਦਰ ਸਿੰਘ ਗੜ੍ਹਵਾਲੀ ਦੀ ਅਗਵਾਈ ਹੇਠ ਇੱਕ-ਇੱਕ ਕਰਕੇ ਕੱਟ ਮਰ ਜਾਂਦੇ, ਫਿਰ ਹੀ ਉਹਨਾਂ ਦੇ ਹੱਥਾਂ ਵਿੱਚੋਂ ਬੰਦੂਕਾਂ ਛੁਟਦੀਆਂ। ਪੇਸ਼ਾਵਰ ਦੇ ਇਸ ਵਿਦਰੋਹ ਤੋਂ ਪ੍ਰੇਰਿਤ ਹੋ ਕੇ ਨੇਤਾ ਜੀ ਸੁਭਾਸ਼ ਚੰਦਰ ਬੋਸ ਵੱਲੋਂ ਜਥੇਬੰਦ ਆਜ਼ਾਦ ਹਿੰਦ ਫੌਜ ਵਿਚ ਸ਼ਾਮਲ ਹੋਣ ਵਿਚ ਗੜ੍ਹਵਾਲੀ ਸਭ ਤੋਂ ਅੱਗੇ ਰਹੇ। ਆਜ਼ਾਦੀ ਦੀ ਜੋ ਪ੍ਰੇਰਣਾ ਇਸ ਵਿਦਰੋਹ ਤੋਂ ਮਿਲੀ, ਉਸ ਨੇ ਦੂਸਰੇ ਵਿਸ਼ਵ ਯੁੱਧ ਦੇ ਖਤਮ ਹੁੰਦੇ ਹੀ ਭਾਰਤੀ ਸਮੁੰਦਰੀ ਸੈਨਾ (ਨੇਵੀ) ਵਿਚ ਇੱਕ ਵੱਡਾ ਵਿਦਰੋਹ ਕਰਾਕੇ ਅੰਗਰੇਜ਼ਾਂ ਨੂੰ ਵਿਖਾ ਦਿੱਤਾ, ਕਿ ਹੁਣ ਤੁਹਾਡੇ ਵੱਲੋਂ ਟਰੇਂਡ ਭਾਰਤੀ ਸੈਨਿਕ ਤੁਹਾਡੇ ਲਈ ਨਹੀਂ, ਸਗੋਂ ਦੇਸ਼ ਦੀ ਆਜ਼ਾਦੀ ਲਈ ਆਪਣੇ ਹਥਿਆਰ ਚੁੱਕਣਗੇ। ਇਸ ਤਰ੍ਹਾਂ ਚੰਦਰ ਸਿੰਘ ਗੜ੍ਹਵਾਲੀ ਦੀ ਅਗਵਾਈ ਹੇਠ ਹੋਇਆ ਪੇਸ਼ਾਵਰ ਦਾ ਵਿਦਰੋਹ, ਵਿਦਰੋਹਾਂ ਦੀ ਇੱਕ ਲੜੀ ਪੈਦਾ ਕਰਦਾ ਹੈ, ਜਿਸ ਦਾ ਭਾਰਤੀ ਆਜ਼ਾਦੀ ਵਿਚ ਮਹਾਨ ਯੋਗਦਾਨ ਹੈ।

**— ਰਾਹੁਲ ਸਾਂਕ੍ਰਤਾਇਨ**

*(ਪ੍ਰਸਿੱਧ ਹਿੰਦੀ ਲੇਖਕ, ਇਤਿਹਾਸਕਾਰ, ਦਾਰਸ਼ਨਿਕ ਰਾਹੁਲ ਸਾਂਕ੍ਰਤਾਇਨ ਜੀ ਵੱਲੋਂ ਲਿਖੀ ਗਈ 415 ਪੰਨਿਆਂ ਦੀ ਕਿਤਾਬ 'ਵੀਰ ਚੰਦਰ ਸਿੰਘ ਗੜ੍ਹਵਾਲੀ' ਦੀ ਭੂਮਿਕਾ ਵਿਚੋਂ)*

ਹਵਾਲਦਾਰ ਚੰਦਰ ਸਿੰਘ ਗੜ੍ਹਵਾਲੀ ਦਾ ਪੇਸ਼ਾਵਰ ਦੀ ਛਾਉਣੀ ਵਿਚ ਅਕਸਰ ਆਉਣਾ ਜਾਣਾ ਸੀ। ਨਾ ਮਿਲਵਰਤਨ ਅੰਦੋਲਨ ਦੇ ਕਾਰਣ ਸ਼ਹਿਰ ਵਿਚ ਜੋ ਵਾਪਰ ਰਿਹਾ ਸੀ, ਉਹ ਕੁੱਝ ਜਾ ਕੇ ਉਹ ਸੈਨਿਕਾਂ ਨਾਲ ਸਾਂਝਾ ਕਰਦੇ। ਚੰਦਰ ਸਿੰਘ ਦੇ ਕਹਿਣ 'ਤੇ ਸੈਕਿੰਡ ਰਾਇਲ ਗੜ੍ਹਵਾਲ ਰਾਈਫਲਜ਼ ਦੇ 60 ਸਿਪਾਹੀਆਂ ਅਤੇ ਛੋਟੇ ਅਫ਼ਸਰਾਂ ਨੇ ਅਸਤੀਫਾ ਲਿਖ ਦਿੱਤਾ ਕਿ ਅਸੀਂ ਪੇਸ਼ਾਵਰ ਸ਼ਹਿਰ ਵਿਚ ਨਾ-ਮਿਲਵਰਤਨ ਅੰਦੋਲਨ ਨੂੰ ਦਬਾਉਣ ਦੀ ਥਾਂ ਅਸਤੀਫਾ ਦਿੰਦੇ ਹਾਂ। ਅਸਤੀਫਾ ਅਜੇ ਕਮਾਂਡਿੰਗ ਅਫ਼ਸਰ ਕੋਲ ਪੇਸ਼ ਨਹੀਂ ਹੋਇਆ ਸੀ। 22 ਅਪਰੈਲ 1930 ਨੂੰ ਇਸ ਬਟਾਲੀਅਨ ਨੂੰ ਫਾਲਿਨ ਕਰਕੇ ਛਾਉਣੀ ਤੋਂ ਪੇਸ਼ਾਵਰ ਸ਼ਹਿਰ ਜਾ ਕੇ ਲੋਕਾਂ ਦੇ ਸੰਘਰਸ਼ ਨੂੰ ਦਬਾਉਣ ਲਈ ਜਾਣ ਦਾ ਹੁਕਮ ਕੀਤਾ ਗਿਆ। ਸਿਪਾਹੀ ਹਥਿਆਰਬੰਦ ਖੜ੍ਹੇ ਰਹੇ, ਟਸ ਤੋਂ ਮਸ ਨਾ ਹੋਏ। ਗੜ੍ਹਵਾਲੀ ਅਫ਼ਸਰ ਝਾਕਦੇ ਰਹਿ ਗਏ। ਜਦ ਅੰਗਰੇਜ਼ ਅਫਸਰਾਂ ਨੂੰ ਇਹ ਪਤਾ ਲੱਗਿਆ ਤਾਂ ਖਲਬਲੀ ਮੱਚ ਗਈ। ਬ੍ਰਿਗੇਡੀਅਰ ਪਹੁੰਚਿਆ। ਉਹ ਸਮਝ ਗਿਆ ਕਿ ਗੜ੍ਹਵਾਲੀ ਸਿਪਾਹੀ ਹੁਣ ਸਾਡੇ ਲਈ ਨਹੀਂ ਲੜਨਗੇ। 60 ਗੜ੍ਹਵਾਲੀਆਂ 'ਤੇ ਵਿਦਰੋਹ ਦਾ ਮੁਕੱਦਮਾ ਚਲਾਇਆ ਗਿਆ। ਸਾਰੀ ਬਟਾਲੀਅਨ ਨਜ਼ਰਬੰਦ ਕਰ ਦਿੱਤੀ ਗਈ। ਕੋਰਟ ਮਾਰਸ਼ਲ ਕੀਤਾ ਗਿਆ। ਮੈਂ ਉਹਨਾਂ ਦੀ ਪੈਰਵੀ ਲਈ ਏਬਟਾਬਾਦ ਕੋਰਟ ਮਾਰਸ਼ਲ ਅਦਾਲਤ ਵਿਚ ਗਿਆ। ਇੱਥੇ ਮੈਂ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਮੇਰੀ ਦਲੀਲ, ਬਹਿਸ ਅਤੇ ਵਕੀਲੀ ਚਾਲ ਦਾ ਕੋਈ ਅਸਰ ਨਾ ਹੋਇਆ, ਪਰ ਬ੍ਰਿਟਿਸ਼ ਅਫ਼ਸਰ ਅਤੇ ਕਮਾਂਡਰ ਇਨ ਚੀਫ਼ ਖ਼ੁਦ ਚਾਹੁੰਦੇ ਸਨ ਕਿ ਸੰਸਾਰ ਨੂੰ ਇਹ ਪਤਾ ਨਾ ਲੱਗੇ ਕਿ ਭਾਰਤੀ ਫੌਜ ਅੰਗਰੇਜ਼ਾਂ ਦੇ ਖਿਲਾਫ਼ ਹੋ ਗਈ। ਇਸ ਲਈ ਮੇਰੀਆਂ ਦਲੀਲਾਂ ਦਾ ਬਹਾਨਾ ਬਣਾ ਕੇ ਉਹਨਾਂ ਨੇ ਚੰਦਰ ਸਿੰਘ ਗੜ੍ਹਵਾਲੀ ਨੂੰ (ਆਗੂ ਹੋਣ ਕਰਕੇ) ਉਮਰ ਭਰ ਕੈਦ ਦੀ ਸਜ਼ਾ ਦਿੱਤੀ, ਹੋਰਾਂ ਨੂੰ 2 ਤੋਂ 8 ਸਾਲ ਤੱਕ ਦੀਆਂ ਕੈਦ ਦੀਆਂ ਸਜ਼ਾਵਾਂ ਦਾ ਹੁਕਮ ਹੋਇਆ। ਚੰਦਰ ਸਿੰਘ ਗੜ੍ਹਵਾਲੀ ਦੀ ਅਸੀਂ ਗੜ੍ਹਵਾਲੀ ਉਚਿਤ ਕਦਰ ਨਹੀਂ ਕਰਦੇ। ਉਹ ਇੱਕ ਵੱਡਾ ਮਹਾਨ ਆਦਮੀ ਹੈ। ਆਜ਼ਾਦ ਹਿੰਦ ਫੌਜ ਦਾ ਬੀਜ ਬੀਜਣ ਵਾਲਾ ਉਹੀ ਹੈ।

**-ਮੁਕੰਦੀ ਲਾਲ ਬੈਰਿਸਟਰ**

*(ਲੋਕ ਪੱਖੀ ਸਭਿਆਚਾਰਕ ਅਤੇ ਬੌਧਿਕ ਆਗੂ)*

*(ਪੇਸ਼ਾਵਰ ਕਾਂਡ (ਅੰਗਰੇਜ਼ਾਂ ਦੀ ਭਾਸ਼ਾ ਵਿੱਚ) ਦੇ ਮੁਕੱਦਮੇ ਦੇ ਫੈਸਲੇ ਤੋਂ 23 ਸਾਲ ਬਾਅਦ ਗੜ੍ਹਵਾਲ ਦੇ ਹਫ਼ਤਾਵਰੀ ਅਖ਼ਬਾਰ 'ਦੇਵ ਭੂਮੀ' (15 ਨਵੰਬਰ 1953) ਵਿਚ ਮੁਕੰਦੀ ਲਾਲ ਵੱਲੋਂ ਲਿਖੇ ਲੇਖ 'ਭਾਰਤ ਦੀ ਆਜ਼ਾਦੀ ਵਿਚ ਗੜ੍ਹਵਾਲੀ ਸੈਨਿਕਾਂ ਦੀ ਦੇਣ' ਵਿੱਚੋਂ)*




ਜੇਲ੍ਹ ਭੇਜ ਦਿੱਤਾ ਗਿਆ। ਚੰਦਰ ਸਿੰਘ ਨੇ ਜੇਲ੍ਹ ਵਿੱਚ ਬਹੁਤ ਲੜਾਈ ਲੜੀ। ਸਾਲ 1937 ਵਿਚ ਉੱਤਰ ਪ੍ਰਦੇਸ਼ ਵਿਚ ਕਾਂਗਰਸੀ ਮੰਤਰੀ ਮੰਡਲ ਬਨਣ 'ਤੇ ਵੀ ਉਹਨਾਂ ਦੀ ਰਿਹਾਈ ਨਹੀਂ ਹੋਈ। ਜਵਾਹਰ



ਲਾਲ ਨਹਿਰੂ ਜੇਲ੍ਹ ਵਿੱਚ ਉਨ੍ਹਾਂ ਨੂੰ ਮਿਲਣ ਗਏ। ਉਹ ਨੈਨੀ ਅਤੇ ਲਖਨਊ ਦੀਆਂ ਜੇਲ੍ਹਾਂ ਵਿਚ ਵੀ ਰਹੇ। ਨਹਿਰੂ ਸਮੇਤ ਸਾਰੇ ਆਗੂ ਉਹਨਾਂ ਨੂੰ 'ਵੱਡੇ ਭਰਾ' ਕਹਿਣ ਲੱਗੇ ਸੀ। 26 ਸਤੰਬਰ 1941 ਨੂੰ 11 ਸਾਲ, 3 ਮਹੀਨੇ ਅਤੇ 18 ਦਿਨ ਬਾਅਦ ਜਦ ਉਹ ਰਿਹਾਅ ਹੋਏ, ਤਾਂ ਉਹਨਾਂ 'ਤੇ ਗੜ੍ਹਵਾਲ ਵਿਚ ਜਾਣ 'ਤੇ ਬੰਦਿਸ਼ ਸਮੇਤ ਰਾਜਨੀਤਿਕ ਭਾਸ਼ਣ ਨਾ ਦੇਣ ਦੀ ਰੋਕ ਵੀ ਲਗਾਈ ਗਈ। ਅਜਿਹੀ ਸਥਿਤੀ ਵਿਚ ਉਹ ਕਿੱਥੇ ਅਤੇ ਕਿਵੇਂ ਰਹਿੰਦੇ। ਨਹਿਰੂ ਨੇ ਉਹਨਾਂ ਨੂੰ ਕਿਹਾ ਕਿ ਕੁੱਝ ਸਮਾਂ 'ਆਨੰਦ ਭਵਨ' ਵਿਚ ਰਹੋ। ਪਰ ਉੱਥੇ ਉਹ ਜ਼ਿਆਦਾ ਦਿਨ ਟਿਕੇ ਨਹੀਂ। ਗਾਂਧੀ ਨੇ ਇੱਕ ਦਿਨ ਮਿਲਣ 'ਤੇ ਪੁੱਛਿਆ, "ਤੁਹਾਨੂੰ ਖਰਚ-ਵਰਚ ਦੀ ਲੋੜ ਹੋਵੇਗੀ?" ਚੰਦਰ ਸਿੰਘ ਨੇ ਕਿਹਾ, "ਬਾਪੂ! ਮੇਰੇ ਹੱਥਾਂ ਵਿਚ ਤਾਕਤ ਹੈ। ਮੈਂ ਹੁਣ ਜੇਲ੍ਹ ਤੋਂ ਬਾਹਰ ਹਾਂ। ਘਾਹ ਕੱਟਾਂਗਾ, ਆਪਣਾ ਖਰਚਾ ਚਲਾ ਲਵਾਂਗਾ।"

'ਆਜ਼ਾਦ' ਭਾਰਤ ਵਿਚ ਚੰਦਰ ਸਿੰਘ ਨੂੰ ਅਨੇਕਾਂ ਹੀ ਦੁੱਖ ਝੱਲਣੇ ਪਏ। ਉਹ ਕੋਟਦਵਾਰ ਦੇ ਧਰੁਵਪੁਰ ਵਿਚ ਰਹਿਣ ਲੱਗੇ ਸੀ। ਇੱਕ ਅਕਤੂਬਰ, 1979 ਨੂੰ ਦਿੱਲੀ ਦੇ ਇੱਕ ਹਸਪਤਾਲ ਵਿਚ ਉਹਨਾਂ ਦੀ ਮੌਤ ਬਾਅਦ ਉਹਨਾਂ ਦੀ ਇੱਛਾ ਅਨੁਸਾਰ ਉਹਨਾਂ ਨੂੰ ਲਾਲ ਝੰਡੇ ਵਿਚ ਲਪੇਟਿਆ ਗਿਆ। ਉਤਰਾਖੰਡ ਦੇ ਦੂਧਾਤੋਲੀ ਵਿਚ ਉਹਨਾਂ ਦਾ ਸਮਾਰਕ ਹੈ ਪਰ ਜੀਵਤ ਰਹਿੰਦੇ ਜਿਸ ਧਰਤੀ 'ਤੇ ਉਹਨਾਂ ਨੇ 'ਭਰਤ ਨਗਰ' ਵਸਾਉਣ ਦਾ ਸੁਪਨਾ ਵੇਖਿਆ ਸੀ, ਉਹ ਪੂਰਾ ਨਹੀਂ ਹੋਇਆ। ਸਾਲ 1983 ਵਿਚ ਸਰਕਾਰੀ ਕਰਜੇ ਦੀ ਦੇਣਦਾਰੀ ਲਈ ਉਹਨਾਂ ਦੀ ਸੰਪਤੀ ਨੂੰ ਨਿਲਾਮੀ ਤੋਂ ਬਚਾਉਣ ਲਈ ਮੈਨੂੰ ਅਖ਼ਬਾਰੀ ਅੰਦੋਲਨ ਚਲਾਉਣਾ ਪਿਆ। ਉਹਨਾਂ ਦੀ ਜਨਮ ਸ਼ਤਾਬਦੀ 'ਤੇ ਸਰਕਾਰ ਨੇ ਡਾਕ ਟਿਕਟ ਵੀ ਜਾਰੀ ਕੀਤਾ। ਸਾਲ 2012 ਵਿਚ ਬਰੇਲੀ ਕੇਂਦਰੀ ਜੇਲ੍ਹ ਵਿਚ ਮੈਂ ਆਪਣੇ ਯਤਨਾਂ ਨਾਲ ਉਹਨਾਂ ਦੇ ਨਾਮ 'ਤੇ ਦੁਆਰ ਦਾ ਨਾਮਕਰਣ ਕਰਵਾਕੇ ਅਤੇ ਪੱਥਰ ਲਗਵਾ ਕੇ ਇਸ ਮਹਾਨ ਕ੍ਰਾਂਤੀਕਾਰੀ ਦੀ ਯਾਦ ਲੋਕਾਂ ਨੂੰ ਤਾਜੀ ਕਰਵਾਈ। ਉਹਨਾਂ ਨਾਲ ਜੇਲ੍ਹ ਵਿਚ ਰਹੇ ਵਿਦਿਆ ਸਾਗਰ ਨੌਟਿਆਲ ਨੇ ਮੇਰੇ ਕਹਿਣ 'ਤੇ ਉਹਨਾਂ ਦਾ ਯਾਦਨਾਮਾ ਲਿਖਣਾ ਸ਼ੁਰੂ ਕੀਤਾ, ਜੋ ਅਧੂਰਾ ਰਹਿ ਗਿਆ। ਸਾਲ 1992 ਵਿਚ ਉਤਰਾਖੰਡ ਕ੍ਰਾਂਤੀਕਾਰੀ ਦਲ ਨੇ ਰਸਮੀ ਤੌਰ 'ਤੇ ਪ੍ਰਸਤਾਵਿਤ ਉਤਰਾਖੰਡ ਰਾਜ ਦੀ ਗੈਰਸੈਨ (Gairsain) ਨੂੰ ਰਾਜਧਾਨੀ ਐਲਾਨਿਆ, ਪਰ ਨੇੜੇ ਹੀ ਦੂਧਾਤੋਲੀ ਵਿਚ ਉਹਨਾਂ ਦਾ ਸਮਾਰਕ ਢਹਿ-ਢੇਰੀ ਹੋਣ ਦੇ ਕਿਨਾਰੇ ਹੈ। ਬਿਜਨੌਰ ਦੇ ਕੌੜੀਆ ਰੇਂਜ ਵਿੱਚ ਜੋ ਜ਼ਮੀਨ ਉਹਨਾਂ ਦੇ ਪਰਿਵਾਰ ਨੂੰ 90 ਸਾਲ ਦੇ ਪਟੇ 'ਤੇ ਦਿੱਤੀ ਗਈ ਸੀ, ਉਸ ਨੂੰ ਵੀ ਬਾਅਦ ਵਿਚ ਉੱਤਰ ਪ੍ਰਦੇਸ਼ ਸਰਕਾਰ ਨੇ ਵਾਪਸ ਲੈ ਲਿਆ। ਚੰਦਰ ਸਿੰਘ ਨੇ ਗੜ੍ਹਵਾਲ ਤੋਂ ਲੋਕ ਸਭਾ ਦੀ ਚੋਣ ਕਮਿਊਨਿਸਟ ਪਾਰਟੀ ਦੇ ਟਿਕਟ 'ਤੇ ਲੜੀ ਸੀ, ਪਰ ਗੜ੍ਹਵਾਲ ਦੀ ਜਨਤਾ ਨੇ ਉਹਨਾਂ ਨੂੰ ਸੰਸਦ ਵਿਚ ਨਹੀਂ ਭੇਜਿਆ। ਸਿਰ 'ਤੇ ਹੈਟ ਲੈ ਕੇ ਪੈਦਲ ਹੀ ਟੀਨ ਦੇ ਪੀਪੇ ਨਾਲ ਚੋਣ ਪ੍ਰਚਾਰ ਕਰਨ ਦੀ ਉਹਨਾਂ ਦੀ ਦਿੱਖ ਹੁਣ ਕਿਸ ਨੂੰ ਯਾਦ ਹੋਵੇਗੀ।


**097608 75491**

**ਪੰਜਾਬੀ ਅਨੁਵਾਦ - ਬਲਬੀਰ ਲੌਂਗੋਵਾਲ**


## ਸੋਧ

'ਤਰਕਸ਼ੀਲ' ਜਨਵਰੀ-ਫਰਵਰੀ 2022 ਦੇ ਅੰਕ ਵਿੱਚ 'ਵਿਰਾਸਤ' ਕਾਲਮ ਅਧੀਨ ਛਪੇ ਲੇਖ 'ਕ੍ਰਾਂਤੀਕਾਰੀ ਵਿਜੈ ਕੁਮਾਰ ਸਿਨਹਾ' (ਸ਼ਿਵ ਕੁਮਾਰ ਮਿਸਰ) ਦੇ ਪੰਨਾ ਨੰਬਰ 23 ਦੀ ਸਤਰ 10 ਵਿੱਚ '1993 ਦੀ ਕਾਲੇਪਾਣੀ ਦੀ ਭੁੱਖ ਹੜਤਾਲ' ਨੂੰ '1933 ਦੀ ਭੁੱਖ ਹੜਤਾਲ' ਪੜ੍ਹਿਆ ਜਾਵੇ ਜੀ।

**ਸੰਪਾਦਕ**



# ਬਾਲ ਪੰਨਾ

-ਬੂਟਾ ਸਿੰਘ ਵਾਕਫ਼



## ਸੁਨਹਿਰੀ ਦੂਰਬੀਨ

ਦਸੰਬਰ ਮਹੀਨੇ ਤੋਂ ਤੁਸੀਂ ਖਬਰਾਂ ਅਖ਼ਬਾਰਾਂ ਵਿਚ ਇੱਕ ਸੁਨਹਿਰੇ ਰੰਗ ਦੀ ਡਿਸ਼ ਵਰਗੀ ਦੂਰਬੀਨ ਬਾਰੇ ਜਰੂਰ ਵੇਖਿਆ ਸੁਣਿਆ ਹੋਵੇਗਾ। ਇਹ ਜੇਮਜ਼ ਵੈਬ ਨਾਮਕ ਦੂਰਬੀਨ ਹੈ ਜਿਸ ਦੀ ਇੱਕ ਵੱਡੀ ਪਰਤ ਸੁਨਹਿਰੀ ਰੰਗ ਦੀ ਹੈ। ਜੇਮਜ਼ ਵੈਬ ਦੂਰਬੀਨ (James Webb Space Telescope) ਨਾਸਾ ਵੱਲੋਂ ਪੁਲਾੜ ਵਿਚ ਛੱਡੀ ਗਈ ਇੱਕ ਇਨਫਰਾਰੈੱਡ ਸਪੇਸ ਆਬਜ਼ਰਵੇਟਰੀ (Infrared Space Observatory) ਵਾਹਣ ਹੈ। ਇਸ ਵਾਹਣ ਨੂੰ 25 ਦਸੰਬਰ 2021 ਨੂੰ ਫਰੈਂਚ ਗੁਆਨਾ ਵਿਖੇ ਸਥਿਤ ਕੌਰੋ ਸਪੇਸ ਕੇਂਦਰ ਤੋਂ ਛੱਡਿਆ ਗਿਆ ਹੈ। ਇਹ ਨਾਸਾ ਦੀ ਸਭ ਤੋਂ ਵੱਡੀ ਤੇ ਸ਼ਕਤੀਸ਼ਾਲੀ ਸਪੇਸ ਸਾਇੰਸ ਦੂਰਬੀਨ ਹੈ। ਨਾਸਾ ਵੱਲੋਂ ਤਿਆਰ ਕੀਤੀਆਂ ਹੁਣ ਤੱਕ ਦੀਆਂ ਮਹਾਨ ਆਬਜ਼ਰਵੇਟਰੀਜ਼ ਵਿਚੋਂ ਇੱਕ ਹੈ। ਇਹ ਵਾਹਨ ਬ੍ਰਹਿਮੰਡ ਦੀ ਬਿੱਗ ਬੈਂਗ ਤੋਂ ਵੱਖ-ਵੱਖ ਦੂਰ-ਦੁਰਾਡੇ ਦੇ ਗ੍ਰਹਿਆਂ ਤਾਰਿਆਂ ਦੇ ਨਿਰਮਾਣ ਦੇ ਇਤਿਹਾਸ ਦੀਆਂ ਪਰਤਾਂ ਨੂੰ ਖੋਲ੍ਹਣ ਲਈ ਸਹਾਇਕ ਸਿੱਧ ਹੋਵੇਗੀ।



**ਦੂਰਬੀਨ ਦਾ ਨਿਰਮਾਣ ਕਾਰਜ** : ਜੇਮਜ਼ ਵੈਬ ਪੁਲਾੜ ਦੂਰਬੀਨ ਦਾ ਨਿਰਮਾਣ ਨਾਸਾ, ਯੂਰਪੀਅਨ ਸਪੇਸ ਏਜੰਸੀ ਅਤੇ ਕੈਨੇਡੀਅਨ ਸਪੇਸ ਏਜੰਸੀ ਨੇ ਮਿਲ ਕੇ ਕੀਤਾ ਹੈ। ਇਸ ਦੇ ਨਿਰਮਾਣ ਕਾਰਜ ਵਿਚ 29 ਅਮਰੀਕੀ ਰਾਜਾਂ ਅਤੇ 14 ਦੇਸ਼ਾਂ ਦੀਆਂ 300 ਤੋਂ ਵੱਧ ਯੂਨੀਵਰਸਿਟੀਆਂ, ਸੰਸਥਾਵਾਂ ਅਤੇ ਕੰਪਨੀਆਂ ਦਾ ਮਹੱਤਵ ਪੂਰਨ ਯੋਗਦਾਨ ਰਿਹਾ ਹੈ। ਇਸ ਯੰਤਰ ਦੇ ਨਿਰਮਾਣ ਕਾਰਜ 'ਤੇ 10 ਅਰਬ ਡਾਲਰ ਦਾ ਖਰਚ ਹੋਇਆ ਹੈ। ਇਸ ਦੂਰਬੀਨ ਦਾ ਕਾਰਜ ਕਰਨ ਦਾ ਵੱਧ ਤੋਂ ਵੱਧ ਸਮਾਂ 10 ਸਾਲ ਤੱਕ ਹੈ।



**ਦੂਰਬੀਨ ਦਾ ਆਕਾਰ** : ਪੁਲਾੜ ਵਿਚ ਭੇਜੀ ਜਾਣ ਵਾਲੀ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਦੂਰਬੀਨ ਹੈ। ਇਸ ਨੂੰ ਪੁਲਾੜ ਵਿਚ ਲਿਜਾਣ ਲਈ ਦਾਗੇ ਗਏ ਰਾਕਟ ਏਰੀਅਨ-5 ਵਿਚ ਕਈ ਤਹਿਆਂ ਲਗਾ ਕੇ ਬੰਦ ਕਰਨਾ ਪਿਆ। ਲਗਭਗ ਤਿੰਨ ਮੰਜ਼ਲੀ ਇਮਾਰਤ ਜਿੰਨੀ ਉੱਚੀ ਇਸ ਦੂਰਬੀਨ ਦੀ ਚੌੜਾਈ ਟੈਨਿਸ ਕੋਰਟ ਦੇ ਬਰਾਬਰ ਹੈ। ਧਰਤੀ ਤੋਂ ਕਰੀਬ 1.5 ਮਿਲੀਅਨ ਕਿਲੋਮੀਟਰ ਦੀ ਦੂਰੀ 'ਤੇ ਬਿੰਦੂ L-2 'ਤੇ ਸਥਿਤ ਹੋ ਕੇ ਸੂਰਜ ਦੇ ਦੁਆਲੇ ਪਰਿਕਰਮਾ ਕਰਨ ਵਾਲੀ ਇਸ ਦੂਰਬੀਨ ਦਾ ਕੁੱਲ ਵਜ਼ਨ 6500 ਕਿਲੋਗ੍ਰਾਮ ਹੈ। ਇਸ ਵਿਚ ਤਿੰਨ ਸ਼ੀਸ਼ੇ (Mirror) ਲਗਾਏ ਗਏ ਹਨ। ਪ੍ਰਾਇਮਰੀ ਸ਼ੀਸ਼ੇ ਦਾ ਆਕਾਰ 6.5 ਮੀਟਰ ਹੈ ਜੋ ਕਿ ਸੁਨਹਿਰੀ ਰੰਗ ਦੇ 18 ਛੇ-ਭੁਜੀ ਸ਼ੀਸ਼ਿਆਂ ਤੋਂ ਮਿਲ ਕੇ ਬਣੀ ਹੈ। ਇਹ ਸ਼ੀਸ਼ੇ ਬੇਰੀਲੀਅਮ (Beryllium) ਤੋਂ ਬਣੇ ਹਨ ਜਿੰਨਾਂ 'ਤੇ ਸੋਨੇ ਦੀ ਮਹੀਨ ਪਰਤ (100 ਨੈਨੋ ਮੀਟਰ ਭਾਵ ਸਿਰ ਦੇ ਵਾਲ ਦੇ ਹਜ਼ਾਰਵੇਂ ਹਿੱਸੇ ਜਿੰਨੀ ਮੋਟੀ) ਚੜ੍ਹੀ ਹੋਈ ਹੈ। ਇਸ ਕਾਰਜ ਲਈ ਸਿਰਫ਼ 48 ਗ੍ਰਾਮ ਸੋਨੇ ਦੀ ਵਰਤੋਂ ਕੀਤੀ ਗਈ ਹੈ। ਇਸੇ ਕਾਰਣ ਇਸ ਨੂੰ ਸੁਨਹਿਰੀ ਦੂਰਬੀਨ ਵੀ ਕਿਹਾ ਗਿਆ ਹੈ। ਬੇਰੀਲੀਅਮ ਹਲਕਾ, ਮਜ਼ਬੂਤ, ਗੈਰ ਚੁੰਬਕੀ ਅਤੇ ਬਿਜਲੀ ਦਾ ਚੰਗਾ

ਸੁਚਾਲਕ ਹੁੰਦਾ ਹੈ ਅਤੇ ਪੁਲਾੜ ਵਿਚ ਲੰਬੇ ਸਮੇਂ ਤੱਕ ਟਿਕਿਆ ਰਹਿ ਸਕਣ ਦੇ ਸਮਰੱਥ ਹੈ।




ਬਾਕੀ ਦੋ ਸ਼ੀਸ਼ੇ ਆਕਾਰ ਵਿਚ ਕ੍ਰਮਵਾਰ ਛੋਟੇ ਹੁੰਦੇ ਜਾਂਦੇ ਹਨ। ਇਸ ਵਿਚ ਲੱਗੇ ਸੂਖ਼ਮ ਕੈਮਰੇ ਇਨਫਰਾਰੈੱਡ ਤਰੰਗਾਂ ਨੂੰ ਪਹਿਚਾਨਣ ਦੇ ਸਮਰੱਥ ਹਨ। ਮਨੁੱਖ ਅੱਖ ਅਜਿਹੀਆਂ ਤਰੰਗਾਂ ਨੂੰ ਵੇਖਣ ਦੇ ਸਮਰੱਥ ਨਹੀਂ ਹੈ। ਸਨਸ਼ੀਲਡ (Sunshield) ਦੀ ਲੰਬਾਈ 22 ਮੀਟਰ ਅਤੇ ਚੌੜਾਈ 12 ਮੀਟਰ ਹੈ। ਇਹ ਸਿਲੀਕਾਨ ਤੇ ਐਲੂਮੀਨੀਅਮ ਕੋਟਿਡ ਪੋਲੀਮਾਈਡ (Polyimide) ਫਿਲਮ ਤੋਂ ਬਣੀ ਹੈ ਜਿਸ ਦੀਆਂ ਪੰਜ ਪਰਤਾਂ ਹਨ। ਇਹ ਪਰਤਾਂ ਦੂਰਬੀਨ ਦੇ ਤਾਪਮਾਨ ਦੀ ਸਥਿਰਤਾ ਲਈ ਕੰਮ ਕਰਨਗੀਆਂ। ਦੂਰਬੀਨ ਨੂੰ ਆਪਣੇ ਨਿਰਧਾਰਤ ਸਥਾਨ 'ਤੇ ਪਹੁੰਚਣ ਲਈ 1.5 ਮਿਲੀਅਨ ਕਿਲੋਮੀਟਰ ਦਾ ਸਫ਼ਰ ਤਹਿ ਕਰਦਿਆਂ 30 ਦਿਨ ਦਾ ਸਮਾਂ ਲੱਗਾ।



**ਬਿੰਦੂ L-2 ਕੀ ਹੈ ?** : ਬਿੰਦੂ L-2 ਧਰਤੀ ਦੇ ਨੇੜੇ ਪੁਲਾੜ ਵਿਚ ਇੱਕ ਵਿਸ਼ੇਸ਼ ਸਥਾਨ ਹੈ ਜੋ ਸੂਰਜ ਦੇ ਉਲਟ ਦਿਸ਼ਾ ਵਿਚ ਸਥਿਤ ਹੈ। ਇਹ ਆਰਬਿਟ ਦੂਰਬੀਨ ਨੂੰ ਧਰਤੀ ਦੇ ਨਾਲ ਨਾਲ ਇਕਸਾਰ ਰਹਿਣ ਲਈ ਢੁਕਵਾਂ ਸਥਾਨ ਹੈ ਕਿਉਂਕਿ ਇਹ ਬਿੰਦੂ ਸੂਰਜ ਦੇ ਦੁਆਲੇ ਵੀ ਚੱਕਰ ਲਗਾਉਂਦਾ ਹੈ। ਇਸ ਤੋਂ ਇਲਾਵਾ ਇਹ ਬਿੰਦੂ ਹਰਸ਼ੇਲ ਸਪੇਸ ਦੂਰਬੀਨ ਅਤੇ ਪਲੈਂਕ ਸਪੇਸ ਆਬਜਰਵੇਟਰੀ ਸਮੇਤ ਅਨੇਕਾਂ ਹੋਰਨਾਂ ਪੁਲਾੜ ਦੂਰਬੀਨਾਂ ਲਈ ਇੱਕ ਪ੍ਰਸਿੱਧ ਸਥਾਨ ਰਿਹਾ ਹੈ।



**ਦੂਰਬੀਨ ਦਾ ਕਾਰਜ** : ਇਹ ਦੂਰਬੀਨ ਬ੍ਰਹਿਮੰਡ ਨਿਰਮਾਣ ਲਈ ਜ਼ਿੰਮੇਵਾਰ ਪੁਲਾੜੀ ਘਟਨਾ ਬਿੱਗ-ਬੈਂਗ, ਇਸ ਦੇ ਸ਼ੁਰੂਆਤੀ ਪੜਾਵਾਂ, ਤਾਰਿਆਂ ਦੇ ਨਿਰਮਾਣ ਕਾਰਜ, ਤਾਰਿਆਂ ਦੇ ਨਿਰਮਾਣ ਤੋਂ ਬਾਅਦ ਵਾਲੇ ਸਮੇਂ ਜਿਸ ਨੂੰ ਰੀਆਇਓਨਾਈਜੇਸ਼ਨ (Reionization Period) ਦਾ ਸਮਾਂ ਕਿਹਾ ਜਾਂਦਾ ਹੈ, ਦਾ ਅਧਿਐਨ ਕਰੇਗੀ। ਸਾਨੂੰ ਅੱਜ ਜੋ ਸਪਾਇਰਲ ਤੇ ਅੰਡਾਕਾਰ ਗਲੈਕਸੀਆਂ ਵਿਖਾਈ ਦੇ ਰਹੀਆਂ ਹਨ, ਸਮੇਤ ਸਾਡੀ ਆਕਾਸ਼ ਗੰਗਾ ਦਾ ਨਿਰਮਾਣ ਕਿਵੇਂ ਹੋਇਆ ਬਾਰੇ ਉਚਿੱਤ ਤੱਥਾਂ ਦੀ ਪੜਤਾਲ ਕਰਨ ਵਿਚ ਸਹਾਇਕ ਸਿੱਧ ਹੋਵੇਗੀ। ਪੁਲਾੜ ਵਿਚਲੇ ਦੂਰ ਦੁਰਾਡੇ ਦੇ ਤਾਰਿਆਂ, ਗ੍ਰਹਿਆਂ ਆਦਿ ਜਿੰਨਾਂ ਨੂੰ ਅਸੀਂ ਨੰਗੀ ਅੱਖ ਨਾਲ ਵੇਖਣ ਦੇ ਸਮਰੱਥ ਨਹੀਂ ਹਾਂ, ਦੀ ਜਾਣਕਾਰੀ ਵੀ ਸਾਨੂੰ ਮੁਹੱਈਆ ਕਰਵਾਏਗੀ। ਇਹ ਦੂਰਬੀਨ -230 ਡਿਗਰੀ ਸੈਲਸੀਅਸ ਤਾਪਮਾਨ ਤੱਕ ਕੰਮ ਕਰਨ ਦੇ ਸਮਰੱਥ ਹੈ। ਸਭ ਤੋਂ ਵੱਡਾ ਪ੍ਰਾਇਮਰੀ ਤੇ ਸੁਨਹਿਰੀ ਰੰਗ ਦਾ ਸ਼ੀਸ਼ਾ ਵੱਡੇ ਪੱਧਰ 'ਤੇ ਰੌਸ਼ਨੀ ਇੱਕਤਰ ਕਰਦਾ ਹੈ। ਫਿਰ ਇਹ ਰੌਸ਼ਨੀ ਸੈਕੰਡਰੀ ਸ਼ੀਸ਼ੇ 'ਤੇ ਪਰਿਵਰਤਿਤ ਹੁੰਦੀ ਹੈ। ਇਥੋਂ ਇਹ ਰੌਸ਼ਨੀ ਤੀਸਰੇ ਸ਼ੀਸ਼ੇ 'ਤੇ ਪ੍ਰਤੀਬਿੰਬਤ ਹੁੰਦੀ ਹੈ। ਇਸ ਤਰ੍ਹਾਂ ਪ੍ਰਾਪਤ ਚਿੱਤਰ ਵਧੇਰੇ ਸਾਫ਼ ਤੇ ਸਪਸ਼ਟ ਹੁੰਦਾ ਹੈ। ਇਹ ਦੂਰਬੀਨ ਪੁਲਾੜ



ਵਿਚ ਸਥਾਪਤੀ ਉਪਰੰਤ ਲਗਭਗ 120 ਦਿਨਾਂ ਬਾਅਦ ਆਪਣਾ ਕਾਰਜ ਆਰੰਭ ਕਰ ਦੇਵੇਗੀ।

**ਦੂਰਬੀਨ ਦਾ ਨਾਮਕਰਣ** : ਸੁਨਹਿਰੇ ਸ਼ੀਸ਼ਿਆਂ ਵਾਲੀ ਇਹ ਦੂਰਬੀਨ ਪੁਲਾੜ ਵਿਚ ਪਹਿਲਾਂ ਤੋਂ ਸਥਾਪਿਤ ਹੱਬਲ



ਦੂਰਬੀਨ ਦੇ ਖੋਜ ਕਾਰਜਾਂ ਵਿਚ ਵਾਧਾ ਕਰਨ ਵਿਚ ਸਹਾਇਕ ਸਿੱਧ ਹੋਵੇਗੀ। ਇਹ ਹੱਬਲ ਦੂਰਬੀਨ ਨਾਲੋਂ 100 ਗੁਣਾ ਸ਼ਕਤੀਸ਼ਾਲੀ ਹੈ। ਇਸ ਦਾ ਨਾਮ ਨਾਸਾ ਦੇ ਸਾਬਕਾ ਮੁਖੀ ਜੇਮਜ਼ ਈ ਵੈਬ (James E. Webb) ਦੇ ਨਾਮ 'ਤੇ ਰੱਖਿਆ ਗਿਆ ਹੈ। ਜੇਮਜ਼ ਵੈਬ 1961 ਤੋਂ 1968 ਤੱਕ ਨਾਸਾ ਪੁਲਾੜ ਏਜੰਸੀ ਦੇ ਪ੍ਰਬੰਧਕ ਰਹੇ ਅਤੇ ਉਹ ਨਾਸਾ ਦੁਆਰਾ ਚੰਨ ਦੀ ਸਤਾਹ 'ਤੇ ਪਹਿਲਾ ਮਨੁੱਖ ਉਤਾਰਨ ਤੋਂ ਕੁਝ ਮਹੀਨੇ ਪਹਿਲਾਂ ਹੀ ਸੇਵਾ ਮੁਕਤ ਹੋਏ ਸਨ। ਜੇਮਜ ਵੈਬ ਨੇ ਹੁਣ ਤੱਕ ਨਾਸਾ ਦੇ ਅਨੇਕਾਂ ਸਾਇੰਸ ਪ੍ਰਾਜੈਕਟਾਂ ਵਿਚ ਸਫ਼ਲਤਾ ਹਾਸਲ ਕਰਕੇ ਸੰਸਾਰ ਭਰ ਵਿਚ ਨਾਮਣਾ ਖੱਟਿਆ ਹੈ।

**ਹੱਬਲ ਅਤੇ ਵੈਬ ਦੂਰਬੀਨ ਵਿਚ ਅੰਤਰ** : ਭਾਵੇਂ ਕਿ ਦੋਵੇਂ ਦੂਰਬੀਨਾਂ ਪੁਲਾੜ ਵਿਚ ਇੱਕੋ ਮਿਸ਼ਨ ਨੂੰ ਲੈ ਕੇ ਕੰਮ ਕਰ ਰਹੀਆਂ ਹਨ ਪਰ ਫਿਰ ਵੀ ਇਨ੍ਹਾਂ ਵਿਚ ਕਈ ਵਖਰੇਵੇਂ ਹਨ। ਦੋਵਾਂ ਦੀਆਂ ਕੰਮ ਕਰਨ ਦੀਆਂ ਸਮਰੱਥਾਵਾਂ ਵੱਖੋ- ਵੱਖਰੀਆਂ ਹਨ। ਹੱਬਲ ਨੇ ਬ੍ਰਹਿਮੰਡ ਵਿਚ ਵਾਪਰੀਆਂ ਜਾਂ ਵਾਪਰ ਰਹੀਆਂ ਘਟਨਾਵਾਂ ਦੀ ਪੜਤਾਲ ਆਪਟੀਕਲ ਤੇ ਅਲਟਰਾਵਾਇਲਟ ਤਰੰਗ ਲੰਬਾਈ ਰਾਹੀਂ ਕੀਤੀ ਹੈ ਜਦ ਕਿ ਜੇਮਜ਼ ਵੈਬ ਦੂਰਬੀਨ ਇਨਫਰਾਰੈੱਡ ਰਾਹੀਂ ਕਰੇਗੀ। ਜੇਮਜ਼ ਵੈਬ ਦੂਰਬੀਨ ਹੱਬਲ ਦੂਰਬੀਨ ਨਾਲੋਂ ਜ਼ਿਆਦਾ ਦੂਰੀ ਤੱਕ ਦੇਖਣ ਦੇ ਸਮਰੱਥ ਹੈ। ਇਸ ਤਰ੍ਹਾਂ ਇਹ ਦੂਰਬੀਨ ਬ੍ਰਹਿਮੰਡ ਵਿਚ ਸਭ ਤੋਂ ਪੁਰਾਣੇ ਤਾਰਿਆਂ ਤੇ ਗਲੈਕਸੀਆਂ ਦਾ ਅਧਿਐਨ ਕਰਨ ਦੇ ਸਮਰੱਥ




ਹੋਵੇਗੀ। ਇੱਕ ਹੋਰ ਅੰਤਰ ਇਹ ਹੈ ਕਿ ਹੱਬਲ ਦੂਰਬੀਨ ਸਿਰਫ਼ ਧਰਤੀ ਦੇ ਦੁਆਲੇ ਹੀ ਪਰਿਕਰਮਾ ਕਰਦੀ ਹੈ ਜਦ ਕਿ ਜੇਮਜ਼ ਵੈਬ ਦੂਰਬੀਨ ਸੂਰਜ ਦੀ ਪਰਿਕਰਮਾ ਕਰਦੀ ਹੈ।

**ਦੂਰਬੀਨ ਦੀਆਂ ਹੁਣ ਤੱਕ ਦੀਆਂ ਗਤੀਵਿਧੀਆਂ** : ਪਿਛਲੇ ਸਾਲ 25 ਦਸੰਬਰ ਨੂੰ ਪੁਲਾੜ ਵਿਚ ਭੇਜੇ ਜਾਣ ਉਪਰੰਤ 26 ਦਸੰਬਰ ਭਾਵ ਅਗਲੇ ਦਿਨ ਹੀ ਦੂਰਬੀਨ ਨੇ ਆਪਣਾ ਪਹਿਲਾ ਐਨਟੀਨਾ ਟੈਸਟ ਕੀਤਾ ਜਿਹੜਾ ਕਿ ਦਿਨ ਵਿਚ ਦੋ ਵਾਰ ਧਰਤੀ 'ਤੇ ਡਾਟਾ ਭੇਜਣ ਦੇ ਸਮਰੱਥ ਹੈ। 27 ਦਸੰਬਰ ਨੂੰ ਇਹ ਦੂਰਬੀਨ ਚੰਦਰਮਾ ਦੇ ਗ੍ਰਹਿ-ਪੱਥ ਨੂੰ ਪਾਰ ਕਰ ਗਈ। 31 ਦਸੰਬਰ ਨੂੰ ਦੂਰਬੀਨ ਨੇ ਆਪਣੇ ਵਿਸ਼ਾਲ ਸੁਨਹਿਰੀ ਐਨਟੀਨੇ ਨੂੰ ਲਹਿਰਾਇਆ ਅਤੇ ਆਪਣੀਆਂ ਪੰਜ ਤਹਿਆਂ ਨੂੰ ਖੋਲ੍ਹਣਾ ਸ਼ੁਰੂ ਕੀਤਾ। ਇਹ ਕਾਰਜ 3 ਜਨਵਰੀ 2022 ਤੱਕ ਮੁਕੰਮਲ ਹੋ ਗਿਆ। 5 ਜਨਵਰੀ ਤੱਕ ਇਸ ਨੇ ਆਪਣੇ ਸੈਕੰਡਰੀ ਸ਼ੀਸ਼ੇ ਨੂੰ ਖੋਲ੍ਹਣ ਦਾ ਕੰਮ ਮੁਕੰਮਲ ਕੀਤਾ। ਦੂਰਬੀਨ ਨੂੰ ਆਪਣੀ ਅਲਾਈਨਮੈਂਟ ਕਰਨ ਵਿਚ ਕਰੀਬ 120 ਦਿਨ ਦਾ ਸਮਾਂ ਲੱਗੇਗਾ। ਇਸ ਉਪਰੰਤ ਇਹ ਆਪਣਾ ਕਾਰਜ ਕਰਨਾ ਆਰੰਭ ਕਰ ਦੇਵੇਗੀ।



**ਦੂਰਬੀਨ ਨੂੰ ਪੁਲਾੜ ਵਿਚ ਭੇਜਣ ਦੀਆਂ ਕੋਸ਼ਿਸ਼ਾਂ** : ਕਰੀਬ 30 ਸਾਲ ਪਹਿਲਾਂ ਜੇਮਜ਼ ਵੈਬ ਦੂਰਬੀਨ ਦੇ ਨਿਰਮਾਣ ਦਾ ਸੁਪਨਾ ਲਿਆ ਗਿਆ। ਇਸ ਨੂੰ ਕਈ ਵਾਰ ਪੁਲਾੜ ਵਿਚ ਭੇਜਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਕਿਸੇ ਨਾ ਕਿਸੇ ਕਾਰਣ ਸਫ਼ਲਤਾ ਹਾਸਲ ਨਾ ਹੋ ਸਕੀ। ਸਭ ਤੋਂ ਪਹਿਲੀ ਕੋਸ਼ਿਸ਼ ਸਾਲ 2007 ਵਿਚ ਕੀਤੀ ਗਈ। ਇਸ ਉਪਰੰਤ ਸਾਲ 2011 ਵਿਚ ਵੀ ਦੂਰਬੀਨ ਨੂੰ ਪੁਲਾੜ ਵੱਲ ਭੇਜਣ ਦੀ ਦੋ ਵਾਰ ਕੋਸ਼ਿਸ਼ ਕੀਤੀ ਗਈ। ਫਿਰ ਮਾਰਚ 2018 ਵਿਚ ਵੀ ਕੋਸ਼ਿਸ਼ ਕੀਤੀ ਗਈ ਪਰ ਦੂਰਬੀਨ ਵਿਚ ਫਿਰ ਤੋਂ ਕੁਝ ਤਕਨੀਕੀ ਸਮੱਸਿਆਵਾਂ ਕਾਰਨ ਸਫ਼ਲਤਾ ਹਾਸਲ ਨਾ ਹੋ ਸਕੀ। ਇਸ ਉਪਰੰਤ ਸਾਲ 2020 ਵਿਚ ਵਿਸ਼ਵ ਵਿਆਪੀ ਕੋਵਿਡ ਦੀ

***ਬਾਕੀ ਪੰਨਾ 37 'ਤੇ***

# ਮਾਂ



**ਰਾਜਪਾਲ ਸਿੰਘ**

ਰੂਸੀ ਲੇਖਕ ਮੈਕਸਿਮ ਗੋਰਕੀ ਦਾ ਲਿਖਿਆ 'ਮਾਂ' ਨਾਵਲ ਸੰਸਾਰ ਦੀਆਂ ਬਹੁਤ ਚਰਚਿਤ ਅਤੇ ਮਹਾਨ ਸਾਹਿਤਕ ਕਿਰਤਾਂ ਵਿੱਚ ਆਉਂਦਾ ਹੈ। ਇਸ ਵਿੱਚ ਇੱਕ ਅਜਿਹੀ ਔਰਤ ਦੀ ਕਹਾਣੀ ਹੈ ਜਿਸਦਾ ਪਤੀ ਗੁਜ਼ਰ ਗਿਆ ਅਤੇ ਉਹ ਗਰੀਬੀ ਵਿੱਚ ਆਪਣੇ ਪੁੱਤਰ ਪਾਵੇਲ ਨੂੰ ਪਾਲ ਰਹੀ ਹੈ। ਉਸ ਦੀ ਜ਼ਿੰਦਗੀ ਪਹਿਲਾਂ ਵੀ ਸੌਖੀ ਨਹੀਂ ਸੀ ਕਿਉਂਕਿ ਜਦ ਉਸਦਾ ਪਤੀ ਜਿਉਂਦਾ ਸੀ ਤਦ ਵੀ ਉਹ ਉਥੋਂ ਦੇ ਹੋਰ ਮਜਦੂਰਾਂ ਦੀ ਤਰ੍ਹਾਂ ਸ਼ਰਾਬ ਪੀਂਦਾ ਅਤੇ ਉਸ ਨੂੰ ਬੁਰੀ ਤਰ੍ਹਾਂ ਮਾਰਦਾ ਕੁੱਟਦਾ ਸੀ। ਪਾਵੇਲ ਵੀ ਮਹੱਲੇ ਦੇ ਨੌਜਵਾਨਾਂ ਦੇ ਅਸਰ ਹੇਠ ਸ਼ੁਰੂ ਪੀਣ ਦੀ ਕੋਸ਼ਿਸ਼ ਕਰਦਾ ਹੈ ਪਰ ਜਲਦੀ ਹੀ ਉਸ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਉਹ ਇਸ ਕੰਮ ਲਈ ਨਹੀਂ ਬਣਿਆ ਹੈ।ਉਸਦਾ ਵਾਹ ਸਮਾਜ ਨੂੰ ਬਦਲਣ ਵਿੱਚ ਲੱਗੇ ਨੌਜਵਾਨਾਂ ਨਾਲ ਪੈਂਦਾ ਹੈ ਅਤੇ ਉਹ ਕਿਤਾਬਾਂ ਪੜ੍ਹਨ ਲੱਗ ਜਾਂਦਾ ਹੈ। ਇਸ ਨਾਲ ਉਸਦੀ ਸੋਚ ਅਤੇ ਵਿਵਹਾਰ ਬਦਲ ਜਾਂਦਾ ਹੈ। ਉਸ ਦੀ ਮਾਂ ਪਹਿਲਾਂ ਤਾਂ ਚਿੰਤਤ ਹੁੰਦੀ ਹੈ ਕਿ ਉਹ ਐਨਾ ਗੰਭੀਰ ਕਿਉਂ ਰਹਿਣ ਲੱਗ ਪਿਆ ਅਤੇ ਉਹ ਗਿਰਜੇ ਕਿਉਂ ਨਹੀਂ ਜਾਂਦਾ। ਪਰ ਹੌਲੀ ਹੌਲੀ ਉਸ ਨੂੰ ਪਾਵੇਲ ਅਤੇ ਉਸ ਦੇ ਸਾਥੀਆਂ ਦੇ ਵਿਚਾਰਾਂ ਦੀ ਸਮਝ ਆਉਣ ਲਗਦੀ ਹੈ, ਉਨ੍ਹਾਂ ਵੱਲੋਂ ਕੀਤੀਆਂ ਜਾਂਦੀਆਂ ਗੱਲਾਂ ਦੀ ਸਚਾਈ ਮਹਿਸੂਸ ਹੋਣ ਲਗਦੀ ਹੈ। ਜਿੱਥੇ ਪਹਿਲਾਂ ਉਹ ਆਪਣੇ ਪੁੱਤਰ ਪ੍ਰਤੀ ਮੋਹ ਵਿੱਚੋਂ ਉਨ੍ਹਾਂ ਦੀ ਆਉਭਗਤ ਕਰਦੀ ਸੀ ਉੱਥੇ ਬਾਅਦ ਵਿੱਚ, ਉਹ ਉਨ੍ਹਾਂ ਦੇ ਮਿਸ਼ਨ ਨੂੰ ਸਮਝ ਕੇ ਉਨ੍ਹਾਂ ਦਾ ਸਾਥ ਦੇਣ ਲਗਦੀ ਹੈ।ਉਹ ਇਨਕਲਾਬੀ ਨੌਜਵਾਨਾਂ ਦੇ ਲਿਖੇ ਇਸ਼ਤਿਹਾਰਾਂ ਅਤੇ ਹੋਰ ਲਿਖਤਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਬਾਖੂਬੀ ਕਰਦੀ ਹੈ। ਜਦ ਪਾਵੇਲ ਜੇਲ੍ਹ ਵਿੱਚ ਹੁੰਦਾ ਹੈ ਤਾਂ ਉਸਦੀ ਅਦਾਲਤ ਵਿੱਚ ਕੀਤੀ ਤਕਰੀਰ ਨੂੰ ਛਪੇ ਰੂਪ ਵਿੱਚ ਵੰਡਣ ਲਈ ਪੇਂਡੂ ਖੇਤਰ ਵਿੱਚ ਜਾਂਦੀ ਹੈ ਜਿੱਥੇ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ।



ਗੋਰਕੀ ਆਪ ਗਰੀਬੀ ਵਿੱਚ ਪਲਿਆ ਹੋਣ ਕਰਕੇ ਉਸ ਨੂੰ ਗਰੀਬ ਲੋਕਾਂ ਦੀਆਂ ਮੁਸ਼ਕਿਲਾਂ ਅਤੇ ਮਜ਼ਦੂਰ ਵਿਹੜਿਆਂ ਦੇ ਮਾਹੌਲ ਦਾ ਡੂੰਘਾ ਅਨੁਭਵ ਸੀ। ਇਸ ਮਾਹੌਲ ਵਿੱਚ ਰਹਿੰਦਿਆਂ ਉਨ੍ਹਾਂ ਵਿੱਚ ਇਹੋ ਜਿਹੇ ਵਿਗਾੜ ਆਉਂਦੇ ਹਨ ਜਿਵੇਂ ਨਸ਼ੇ ਕਰਨੇ, ਆਪਣੇ ਬੱਚਿਆਂ ਅਤੇ ਔਰਤਾਂ ਨੂੰ ਬੁਰੀ ਤਰ੍ਹਾਂ ਕੁੱਟਣਾ ਆਦਿ। ਆਪਣੀਆਂ ਲਿਖਤਾਂ ਵਿੱਚ ਜਿੱਥੇ ਉਹ ਇਨ੍ਹਾਂ ਵਿਗਾੜਾਂ ਦਾ ਵਰਨਣ ਕਰਦਾ ਹੈ ਉੱਥੇ ਉਨ੍ਹਾਂ ਦੀਆਂ ਚੰਗੀ ਜ਼ਿੰਦਗੀ ਜਿਉਣ ਦੀਆਂ ਰੀਝਾਂ ਨੂੰ ਵੀ ਬਾਖੂਬੀ ਪੇਸ਼ ਕਰਦਾ ਹੈ।ਗੋਰਕੀ ਦਰਸਾਉਂਦਾ ਹੈ ਕਿ ਲੁੱਟ ਆਧਾਰਿਤ ਸਿਸਟਮ ਕਿਵੇਂ ਮਜਦੂਰ ਲੋਕਾਂ ਦੀ ਜ਼ਿੰਦਗੀ ਨੂੰ ਨਿਗੂਣੀ ਅਤੇ ਦੁਖਦਾਈ ਹੋਂਦ ਵਿੱਚ ਬਦਲ ਦਿੰਦਾ ਹੈ।

ਵਧੀਆ ਸਾਹਿਤ ਉਹੀ ਹੁੰਦਾ ਹੈ ਜਿਸ ਵਿੱਚੋਂ ਤੁਹਾਨੂੰ ਵਧੀਆ ਵਿਚਾਰ ਮਿਲਣ, ਇਸ ਸੰਸਾਰ ਨੂੰ ਵਧੀਆ ਬਣਾਉਣ ਦੀ ਪ੍ਰੇਰਣਾ ਮਿਲੇ, ਭਵਿੱਖ ਪ੍ਰਤੀ ਕੋਈ ਚੰਗੇ ਸੁਫ਼ਨੇ ਪੈਦਾ ਹੋਣ। 'ਮਾਂ' ਨਾਵਲ ਵਿੱਚ ਅਜਿਹਾ ਬਹੁਤ ਕੁਝ ਪੜ੍ਹਨ ਨੂੰ ਮਿਲਦਾ ਹੈ ਜੋ ਇਸ ਨੂੰ ਚੰਗੇ ਸਾਹਿਤ ਦੀ ਸ਼੍ਰੇਣੀ ਵਿੱਚ ਸ਼ਾਮਲ ਕਰਦਾ ਹੈ। ਜਿਵੇਂ ਨਾਵਲ ਵਿੱਚ ਪਾਵੇਲ ਦਾ ਇੱਕ ਸਾਥੀ ਆਂਦ੍ਰੇਈ ਨਵੀਂ ਦੁਨੀਆਂ ਬਾਰੇ ਆਪਣਾ ਤਸ਼ੱਵਰ ਇਉਂ ਪੇਸ਼ ਕਰਦਾ ਹੈ, "ਮੈਂ ਜਾਣਦਾ ਹਾਂ ਕਿ ਉਹ ਸਮਾਂ ਉਦੋਂ ਆਏਗਾ, ਜਦੋਂ ਲੋਕ ਇੱਕ ਦੂਜੇ ਨੂੰ ਦੇਖ ਖੁਸ਼ ਹੋਣਗੇ, ਜਦੋਂ ਹਰ ਇਨਸਾਨ ਦੂਜਿਆਂ ਲਈ ਚਮਕਦੇ ਤਾਰੇ ਵਾਂਗ ਹੋਵੇਗਾ। ਧਰਤੀ 'ਤੇ ਆਜਾਦ ਮਨੁੱਖ ਰਹਿੰਦੇ ਹੋਣਗੇ ਜੋ ਆਪਣੀ ਆਜਾਦੀ 'ਚ ਮਹਾਨ ਹੋਣਗੇ, ਜਿਨ੍ਹਾਂ ਦੇ ਦਿਲ ਨਿਰਛਲ ਹੋਣਗੇ। ਕਿਸੇ ਦੇ ਦਿਲ ਵਿੱਚ ਜੂੰ ਜਿੰਨੀ ਵੀ ਈਰਖਾ ਅਤੇ

ਨਿਰਾਦਰੀ ਭਾਵਨਾ ਨਹੀਂ ਹੋਵੇਗੀ। ਜ਼ਿੰਦਗੀ ਮਨੁੱਖ ਦੀ ਮਹਾਨ ਸੇਵਾ ਦਾ ਰੂਪ ਧਾਰ ਲਵੇਗੀ। ਫਿਰ ਲੋਕ ਸੁੰਦਰਤਾ ਲਈ, ਸਚਾਈ ਲਈ ਅਤੇ ਆਜ਼ਾਦੀ ਲਈ ਜ਼ਿੰਦਗੀ ਗੁਜ਼ਾਰਨਗੇ ਅਤੇ ਉਨ੍ਹਾਂ ਲੋਕਾਂ ਨੂੰ ਹੀ ਮਹਾਨ ਸਮਝਿਆ ਜਾਵੇਗਾ ਜਿਨ੍ਹਾਂ ਦਾ ਦਿਲ ਪੂਰੀ ਜ਼ਿੰਦਗੀ ਨੂੰ ਆਪਣੇ ਅੰਦਰ ਸਮਾਅ ਲੈਣ ਅਤੇ ਪਿਆਰ ਕਰਨ ਦੀ ਸਭ ਤੋਂ ਵਧੇਰੇ ਸਮਰੱਥਾ ਰਖਦਾ ਹੋਊ।"

ਇਸੇ ਤਰ੍ਹਾਂ ਅਦਾਲਤਾਂ ਬਾਰੇ ਮਾਂ ਵੱਲੋਂ ਕੀਤੀ ਇਹ ਸੰਖੇਪ ਟਿੱਪਣੀ ਬਹੁਤ ਕੁੱਝ ਕਹਿ ਜਾਂਦੀ ਹੈ, "ਉਹ ਤਾਂ ਆਪਣਾ ਸਾਰਾ ਸਮਾਂ ਬੱਸ ਇਹ ਪਤਾ ਕਰਨ 'ਤੇ ਲਾਉਂਦੇ ਹਨ ਕਿ ਕਿਸ ਨੇ ਕੀ ਕੀਤਾ, ਇਸ ਗੱਲ ਵੱਲ ਉੱਕਾ ਹੀ ਧਿਆਨ ਦਿੱਤੇ ਬਿਨਾਂ ਕਿ ਉਨ੍ਹਾਂ ਅਜਿਹਾ ਕਿਉਂ ਕੀਤਾ।"

ਨਾਵਲ ਵਿਚਲੀ ਇਨਕਲਾਬੀ ਧਿਰ ਵਿੱਚ ਸ਼ਿਚਕੋਵ ਵਰਗੇ ਉਤਾਵਲੇ ਪਾਤਰ ਵੀ ਹਨ ਜੋ ਪੁਛਦੇ ਰਹਿੰਦੇ ਹਨ ਕਿ "ਠਾਹ-ਠੂਹ" ਕਦੋਂ ਕਰਨੀ ਹੈ ਅਤੇ ਪਾਵੇਲ ਵਰਗੇ ਮਜਦੂਰਾਂ ਦੀ ਤਨਖਾਹ ਵਿਚੋਂ ਇੱਕ ਕੋਪੇਕ ਕੱਟਣ ਵਾਲੇ ਛੋਟੇ ਛੋਟੇ ਮਸਲਿਆਂ ਨੂੰ ਜਥੇਬੰਦਕ ਢੰਗ ਨਾਲ ਉਭਾਰਨ ਵਾਲੇ ਵੀ। ਜਿੱਥੇ ਬਹੁਤੇ ਨੌਜਵਾਨਾਂ ਨੂੰ ਉਨ੍ਹਾਂ ਦੀ ਥੁੜ੍ਹਾਂ ਮਾਰੀ ਜ਼ਿੰਦਗੀ ਸਮਾਜ ਬਦਲਣ ਦੇ ਰਾਹ ਪਾਉਂਦੀ ਹੈ ਉੱਥੇ ਕੁੱਝ ਨੌਜਵਾਨ ਅਮੀਰ ਮਾਪਿਆਂ ਵੱਲੋਂ ਦਿੱਤੀ ਸੁਖ-ਆਰਾਮ ਦੀ ਜ਼ਿੰਦਗੀ ਛੱਡ ਕੇ ਚੰਗੇਰਾ ਸਮਾਜ ਬਨਾਉਣ ਦਾ ਸੁਪਨਾ ਲੈ ਕੇ ਇਨਕਲਾਬ ਦੇ ਔਖੇ ਰਾਹ 'ਤੇ ਪੈਂਦੇ ਹਨ। ਇਸ ਤਰ੍ਹਾਂ ਨਾਵਲ ਵਿੱਚ ਵੱਖ ਵੱਖ ਸੁਭਾਵਾਂ, ਵੱਖੋ ਵੱਖਰੇ ਸੋਚਣ ਢੰਗ ਅਤੇ ਵੱਖ ਵੱਖ ਪਰਿਵਾਰਕ ਪਿਛੋਕੜ ਵਾਲੇ ਇਨਸਾਨਾਂ ਦੀ ਮਾਨਸਿਕਤਾ ਸਮਝਣ ਨੂੰ ਮਿਲਦੀ ਹੈ ਜੋ ਸਾਨੂੰ ਅਸਲੀ ਜ਼ਿੰਦਗੀ ਵਿੱਚ ਵੀ ਅਗਵਾਈ ਦਿੰਦੀ ਹੈ।

ਹੋਰ ਭਾਸ਼ਾਵਾਂ ਵਿਚੋਂ ਅਨੁਵਾਦਤ ਲਿਖਤਾਂ ਵਿੱਚ ਆਮ ਪਾਠਕ ਨੂੰ ਪਾਤਰਾਂ ਦੇ ਵੱਖਰੀ ਤਰ੍ਹਾਂ ਦੇ ਨਾਵਾਂ ਦੇ ਆਦੀ ਹੋਣ ਦੀ ਸਮੱਸਿਆ ਆਉਂਦੀ ਹੈ। ਰੂਸੀ ਨਾਂ ਤਾਂ ਵਿਸ਼ੇਸ਼ ਤੌਰ 'ਤੇ ਲੰਮੇ ਅਤੇ ਔਖੇ ਲਗਦੇ ਹਨ, ਜਿਵੇਂ ਇਸ ਵਿੱਚ ਇੱਕ ਪਾਤਰ ਦਾ ਨਾਂ ਵਾਇਸੋਵਸ਼ਿਚਕੋਵ ਹੈ। ਇਸੇ ਤਰ੍ਹਾਂ ਮਾਂ ਦਾ ਪੂਰਾ ਨਾਂ ਨੀਲੋਵਨਾ ਪੈਲਾਗੀਆ ਵਲਾਸੋਵਾ ਹੈ ; ਉਸ ਨੂੰ ਕਿਤੇ ਨੀਲੋਵਨਾ, ਕਿਤੇ ਪੈਲਾਗੀਆ ਅਤੇ ਕਿਤੇ ਸ਼੍ਰੀਮਤੀ ਵਲਾਸੋਵਾ ਕਿਹਾ ਜਾਂਦਾ ਹੈ ਜਿਸ ਨਾਲ ਆਮ ਪਾਠਕ ਉਲਝ ਜਾਂਦਾ ਹੈ। ਚੰਗਾ ਹੋਵੇ ਜੇ ਅਨੁਵਾਦ ਸਮੇਂ ਇਨ੍ਹਾਂ ਦੇ ਨਾਵਾਂ ਦਾ ਵੀ ਪੰਜਾਬੀਕਰਨ ਕਰ ਦਿੱਤਾ ਜਾਵੇ, ਜੋ ਸਾਧਾਰਣ ਪਾਠਕ ਲਈ ਨਾਵਲ ਨੂੰ ਵੱਧ ਰੌਚਿਕ ਬਣਾਵੇਗਾ।

ਇਹ ਨਾਵਲ ਨਿਰੋਲ ਕਲਪਨਾ 'ਤੇ ਆਧਾਰਿਤ ਨਹੀਂ ਕਿਉਂਕਿ ਇਸ ਦਾ ਮੁੱਖ ਪਾਤਰ ਪਾਵੇਲ ਅਸਲ ਵਿੱਚ ਇੱਕ ਇਨਕਲਾਬੀ ਨੌਜਵਾਨ ਪਿਓਦਰ ਜ਼ਾਲੋਮੋਵ ਸੀ ਜੋ 1955 ਤੱਕ ਜਿਉਂਦਾ ਰਿਹਾ ਅਤੇ ਉਸ ਦੀ ਮਾਂ ਦਾ ਨਾਂ ਅੰਨਾ ਕਿਰੀਲੋਵਨਾ ਸੀ, ਜੋ ਨਾਵਲ ਵਿਚਲੀ ਮਾਂ ਵਾਂਗ ਹੀ ਭਿਖਸ਼ਣੀ ਦੇ ਭੇਸ਼ ਵਿੱਚ ਇਨਕਲਾਬੀ ਸਾਹਿਤ ਵੰਡਦੀ ਰਹੀ ਸੀ। ਗੋਰਕੀ ਇਨ੍ਹਾਂ ਤੋਂ ਜਾਣੂ ਸੀ ਅਤੇ ਇਨ੍ਹਾਂ ਦੀ ਮਦਦ ਵੀ ਕਰਦਾ ਰਿਹਾ।

ਨਾਵਲ ਜਦ 1907 ਵਿੱਚ ਛਪ ਕੇ ਆਇਆ ਤਾਂ ਲੈਨਿਨ ਨੇ ਇਸ ਬਾਰੇ ਕਿਹਾ ਸੀ "ਇਸ ਕਿਤਾਬ ਦੀ ਬਹੁਤ ਜਰੂਰਤ ਸੀ। ਅਨੇਕ ਕਿਰਤੀਆਂ ਨੇ ਅੰਤਰ-ਪ੍ਰੇਰਣਾ ਦੇ ਪ੍ਰਭਾਵ ਹੇਠ ਆਪਮੁਹਾਰੇ ਇਨਕਲਾਬੀ ਲਹਿਰ ਵਿੱਚ ਹਿੱਸਾ ਲਿਆ। ਹੁਣ 'ਮਾਂ' ਪੜ੍ਹਨ ਨਾਲ ਉਨ੍ਹਾਂ ਨੂੰ ਵਿਸ਼ੇਸ਼ ਉਤਸ਼ਾਹ ਮਿਲੇਗਾ।" ਅਜਿਹੇ ਨਾਵਲ ਬਾਰੇ ਲੈਨਿਨ ਦੀ ਪ੍ਰਸੰਸਾ ਤਾਂ ਸੁਭਾਵਿਕ ਹੀ ਸੀ ਪਰ ਦਿਲਚਸਪ ਗੱਲ ਇਹ ਹੈ ਕਿ ਇਸ ਨਾਵਲ ਦੀ ਤਾਰੀਫ ਓਸ਼ੋ ਰਜਨੀਸ਼ ਨੇ ਵੀ ਕੀਤੀ। ਉਹ ਲਿਖਦਾ ਹੈ "ਮੈਕਸਿਮ ਗੋਰਕੀ ਨੂੰ ਸੰਸਾਰ ਦੇ ਸਰਵੋਤਮ ਸਾਹਿਤਕਾਰ ਵਜੋਂ ਮਾਨਤਾ ਤੇ ਪ੍ਰਵਾਨਤਾ ਮਿਲਣੀ ਚਾਹੀਦੀ ਹੈ। ਆਪਣੇ ਨਾਵਲ 'ਮਾਂ' ਵਿੱਚ ਉਸ ਨੇ ਸਿਰਜਨਾਤਮਿਕ ਲੇਖਣੀ ਦੇ ਅਣਛੋਹੇ ਸਿਖਰਾਂ ਨੂੰ ਛੋਹਿਆ ਹੈ ....। ਇਹ ਨਾਵਲ ਹਿਮਾਲਾ ਪਰਬਤ ਦੇ ਸਿਖਰ ਦੇ ਤੁਲ ਹੈ। 'ਮਾਂ' ਨਾਵਲ ਪੜ੍ਹੋ, ਵਾਰ ਵਾਰ ਪੜ੍ਹੋ ਤੇ ਫੇਰ ਇਹ ਤੁਹਾਡੇ ਅੰਦਰ ਏਦਾਂ ਘਰ ਕਰ ਜਾਵੇਗਾ ਕਿ ਹੌਲੀ ਹੌਲੀ ਤੁਹਾਨੂੰ ਮਹਿਸੂਸ ਹੋਣਾ ਸ਼ੁਰੂ ਹੋ ਜਾਵੇਗਾ। ਤਦ ਇਹ 'ਨਾਵਲ' ਨਾਵਲ ਨਾ ਰਹਿ ਕੇ ਇੱਕ ਜ਼ਿੰਦਾ-ਜਾਵੇਦ ਸ਼ੈਅ ਵਾਂਗ ਹੋਂਦਗਤ ਹੋ ਕੇ ਤੁਹਾਡੇ ਅੰਦਰ ਆਪਣੀ ਹੋਂਦ ਦਾ ਅਹਿਸਾਸ ਕਰਵਾਏਗਾ।"

ਇਸ ਨਾਵਲ ਦੀ ਮਹੱਤਤਾ ਨੂੰ ਦੇਖਦੇ ਹੋਏ ਇਸ ਨੂੰ ਪੰਜਾਬੀ ਦੇ ਵੱਖ ਵੱਖ ਪ੍ਰਕਾਸ਼ਕਾਂ ਵੱਲੋਂ ਛਾਪਿਆ ਗਿਆ ਹੈ। ਸਭ ਤੋਂ ਪਹਿਲਾਂ ਇਸ ਦਾ ਪ੍ਰੀਤਮ ਸਿੰਘ ਮਨਚੰਦਾ ਵੱਲੋਂ ਕੀਤਾ ਗਿਆ ਪੰਜਾਬੀ ਅਨੁਵਾਦ ਪ੍ਰਗਤੀ ਪ੍ਰਕਾਸ਼ਨ ਮਾਸਕੋ ਵੱਲੋਂ 1979 ਵਿੱਚ ਛਾਪਿਆ ਗਿਆ। ਹੁਣ ਇਸ ਨੂੰ ਪੰਜਾਬ ਬੁੱਕ ਸੈਂਟਰ ਚੰਡੀਗੜ੍ਹ, ਨਵਯੁੱਗ ਪ੍ਰਕਾਸ਼ਨ ਦਿੱਲੀ, ਸੰਗਮ ਪ੍ਰਕਾਸ਼ਨ ਅਤੇ ਨਵਰੰਗ ਪ੍ਰਕਾਸ਼ਨ ਸਮਾਣਾ ਵੱਲੋਂ ਮੁੜ ਪ੍ਰਕਾਸ਼ਿਤ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਨਵਰੰਗ ਪ੍ਰਕਾਸ਼ਨ ਵਾਲੀ ਕਿਤਾਬ ਦਾ ਰੇਟ ਚਾਹੇ ਘੱਟ ਹੈ ਪਰ ਇਸ ਵਿੱਚ ਪਰੂਫ ਰੀਡਿੰਗ ਦੀਆਂ ਬਹੁਤ ਜਿਆਦਾ ਗਲਤੀਆਂ ਹਨ। ਇਸ ਨਾਵਲ ਨੂੰ ਤਰਕਸ਼ੀਲ ਸੁਸਾਇਟੀ ਦੀ ਸਾਹਿਤ ਵੈਨ ਅਤੇ ਹੋਰ ਅਗਾਂਹਵਧੂ ਸਾਹਿਤ ਰੱਖਣ ਵਾਲੇ ਵਿਕਰੇਤਾਵਾਂ ਤੋਂ ਹਾਸਲ ਕੀਤਾ ਜਾ ਸਕਦਾ ਹੈ।

**ਮੁਖੀ ਸਾਹਿਤ ਵਿਭਾਗ**
**98767 10809**

*ਆਓ ਵਿਗਿਆਨਕ ਕਾਰਣ ਜਾਣੀਏ*

# ਤਿੱਖੀਆਂ ਚੀਜ਼ਾਂ ਜਿਆਦਾ ਚੁਭਦੀਆਂ ਹਨ, ਕਿਉਂ ?



**ਰਣਧੀਰ ਗਿੱਲਪੱਤੀ**

ਵਿਦਿਆਰਥੀ ਦੋਸਤੋ, ਆਓ ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਵਾਪਰਨ ਵਾਲੇ ਵਰਤਾਰਿਆਂ ਦੀ ਲੜੀ ਵਿੱਚ ਇਸ ਵਾਰ ਇੱਕ ਹੋਰ ਵਰਤਾਰੇ ਅਤੇ ਇਸ ਦੇ ਪਿੱਛੇ ਕੰਮ ਕਰਦੇ ਵਿਗਿਆਨ ਦੇ ਨਿਯਮਾਂ ਦੀ ਗੱਲ ਕਰੀਏ। ਅਸੀਂ ਅਕਸਰ ਹੀ ਦੇਖਦੇ ਹਾਂ ਕਿ ਮੋਟੀਆਂ ਸਥੂਲ ਚੀਜ਼ਾਂ ਦੇ ਮੁਕਾਬਲੇ ਨਿੱਕੀਆਂ ਤੇ ਤਿੱਖੀਆਂ ਚੀਜ਼ਾਂ ਜ਼ਿਆਦਾ ਚੁਭਦੀਆਂ ਹਨ। ਅਜਿਹਾ ਕਿਉਂ ਹੁੰਦਾ ਹੈ, ਆਓ ਇਸ ਨੂੰ ਸਮਝਣ ਲਈ ਆਪਣੇ ਆਲੇ-ਦੁਆਲੇ ਦੀ ਜ਼ਿੰਦਗੀ ਦੀਆਂ ਘਟਨਾਵਾਂ ਦੀ ਪੜਤਾਲ ਕਰੀਏ।

ਤੁਸੀਂ ਘਰ ਜਾਂ ਸਕੂਲ ਅੰਦਰ ਲੱਗੇ ਫਰਸ਼ ਉੱਪਰ ਨੰਗੇ ਪੈਰੀਂ ਆਸਾਨੀ ਨਾਲ ਤੁਰ ਫਿਰ ਸਕਦੇ ਹੋ ਪਰ ਜੇ ਇਸ ਫ਼ਰਸ਼ ਉੱਪਰ ਕੁੱਝ ਕੁ ਰੋੜ ਖਲਾਰ ਦਿੱਤੇ ਜਾਣ ਤਾਂ ਕੀ ਤੁਸੀਂ ਫਿਰ ਵੀ ਸਹਿਜ ਨਾਲ ਤੁਰ ਫਿਰ ਸਕੋਗੇ? ਬਿਲਕੁਲ ਨਹੀਂ, ਫਰਸ਼ ਉੱਪਰ ਖਿਲਰੇ ਰੋੜ ਤੁਹਾਡੇ ਪੈਰਾਂ ਵਿੱਚ ਪੀੜਾ ਦੇਣ ਵਾਲੀ ਚੋਭ ਪੈਦਾ ਕਰਨਗੇ। ਰਾਤ ਨੂੰ ਸੌਣ ਵੇਲੇ ਜੇਕਰ ਤੁਹਾਡੇ ਬਿਸਤਰੇ ਵਿੱਚ ਕੋਈ ਕਾਪੀ ਜਾਂ ਕਿਤਾਬ ਪਈ ਰਹਿ ਜਾਵੇ ਤਾਂ ਸ਼ਾਇਦ ਤੁਹਾਨੂੰ ਸਵੇਰੇ ਉੱਠਣ ਤੱਕ ਇਸ ਦਾ ਪਤਾ ਵੀ ਨਾ ਲੱਗੇ। ਪਰ ਜੇ ਬਿਸਤਰੇ ਵਿਚ ਇੱਕ ਸ਼ਾਰਪਨਰ ਰਹਿ ਜਾਵੇ ਤਾਂ ਉਸਦੀ ਚੋਭ ਤੁਹਾਡੀ ਨੀਂਦ ਭੰਗ ਕਰ ਦਿੰਦੀ ਹੈ। ਜ਼ਰਾ ਸੋਚੋ ਅਜਿਹਾ ਕਿਉਂ ਹੁੰਦਾ ਹੈ? ਤੁਸੀਂ ਇਸ ਦਰੁਸਤ ਨਤੀਜੇ ’ਤੇ ਪਹੁੰਚੋਗੇ ਕਿ ਵੱਡੇ ਆਕਾਰ ਦੀਆਂ ਚਪਟੀਆਂ ਵਸਤਾਂ ਦੀ ਨਿਸਬਤ ਛੋਟੀਆਂ ਤੇ ਤਿੱਖੀਆਂ ਚੀਜ਼ਾਂ ਜ਼ਿਆਦਾ ਚੁਭਦੀਆਂ ਹਨ। ਹੁਣ ਜੇਕਰ ਤੁਹਾਨੂੰ ਇੱਕ ਕੁਹਾੜੀ ਤੇ ਇੱਕ ਹਥੌੜਾ ਦੇ ਕੇ ਲੱਕੜੀ ਦੀ ਇੱਕ ਗੇਲੀ ਨੂੰ ਕੱਟਣ ਵਾਸਤੇ ਕਿਹਾ ਜਾਵੇ ਤੇ ਤੁਸੀਂ ਇਸ ਕੰਮ ਵਾਸਤੇ ਕਿਹੜੇ ਸੰਦ ਦੀ ਵਰਤੋਂ ਕਰੋਗੇ? ਨਿਸ਼ਚੈ ਹੀ ਤੁਹਾਡਾ ਜਵਾਬ ਹੋਵੇਗਾ “ਕੁਹਾੜੀ”। ਇਸ ਸੰਦ ਨਾਲ ਤੁਸੀਂ ਲੱਕੜੀ ਦੀ ਗੇਲੀ ਦੇ ਟੋਟੇ ਕਰ ਦੇਵੋਗੇ। ਤੁਹਾਡਾ ਜਵਾਬ ਬਿਲਕੁਲ ਦਰੁਸਤ ਹੈ। ਪਰ ਜੇ ਤੁਹਾਨੂੰ ਪੁੱਛਿਆ ਜਾਵੇ ਕਿ ਇਸ ਕੰਮ ਲਈ ਕੁਹਾੜੀ ਹੀ ਕਿਉਂ, ਹਥੌੜਾ ਕਿਉਂ ਨਹੀਂ ਵਰਤਿਆ ਜਾ ਸਕਦਾ? ਤੁਹਾਨੂੰ ਇਹ ਸਵਾਲ ਹੀ ਅਟਪਟਾ ਲੱਗੇਗਾ ਤੇ ਤੁਸੀਂ ਆਸਾਨੀ ਨਾਲ ਕਹੋਗੇ ਕਿ ਹਥੌੜੇ ਨਾਲੋਂ ਕੁਹਾੜੀ ਜ਼ਿਆਦਾ ਤਿੱਖੀ ਹੈ ਤੇ ਇਹ ਲੱਕੜੀ ਕੱਟਣ ਲਈ ਜ਼ਿਆਦਾ ਅਸਰਦਾਰ ਹੈ। ਇਸੇ ਲਈ ਕਿਸੇ ਕੰਮ ਨੂੰ ਅਸੰਭਵ ਤਰੀਕੇ ਨਾਲ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀ ਲਈ ਪੰਜਾਬ ਦੇ ਮਾਲਵਾ ਖੇਤਰ ਵਿਚ ਵਰਤਿਆ ਜਾਣ ਵਾਲਾ ਮੁਹਾਵਰਾ ‘ਹਥੌੜੇ ਨਾਲ ਜੰਡ ਵੱਢਣਾ’ ਇਸੇ ਵਰਤਾਰੇ ਦੀ ਪੁਸ਼ਟੀ ਕਰਦਾ ਹੈ। ਕੁਹਾੜੀ ਤੇ ਹਥੌੜੇ ਦੇ ਮਾਮਲੇ ਵਿੱਚ ਵੀ ਤੁਹਾਡਾ ਉਪਰੋਕਤ ਜਵਾਬ ਠੀਕ ਹੈ, ਪਰ ਕਿਵੇਂ?

ਆਓ ਹੁਣ ਦੇਖੀਏ ਕਿ ਖੁੰਢੀ ਤੇ ਸਥੂਲ ਚੀਜ਼ ਦੇ ਮੁਕਾਬਲੇ ਤਿੱਖੀ ਚੀਜ਼ ਦੀ ਚੋਭ ਜ਼ਿਆਦਾ ਕਿਉਂ ਹੁੰਦੀ ਹੈ? ਦਰਅਸਲ ਕਿਸੇ ਧਰਾਤਲ ’ਤੇ ਕਿਸੇ ਚੀਜ਼ ਦੀ ਚੋਭ ਉਸ ਖੇਤਰ ਦੀ ਮਾਤਰਾ (ਆਕਾਰ) ’ਤੇ ਨਿਰਭਰ ਕਰਦੀ ਹੈ ਜਿਸ ਉਪਰ ਚੀਜ਼ ਦਾ ਬਲ ਲੱਗ ਰਿਹਾ ਹੈ। ਇਹ ਖੇਤਰ ਜਿੰਨਾ ਘੱਟ ਹੋਵੇਗਾ ਚੋਭ ਉਤਨੀ ਹੀ ਜ਼ਿਆਦਾ ਹੋਵੇਗੀ ਕਿਉਂਕਿ ਸਾਰਾ ਬਲ ਬਹੁਤ ਥੋੜ੍ਹੇ ਖੇਤਰ ’ਤੇ ਹੀ ਕੇਂਦਰਤ ਹੋਵੇਗਾ। ਦੂਜੀ ਹਾਲਤ ਵਿੱਚ ਜੇ ਖੇਤਰ ਜ਼ਿਆਦਾ ਹੋਵੇਗਾ ਤਾਂ ਲੱਗ ਰਿਹਾ ਉਤਨਾ ਹੀ ਬਲ ਜ਼ਿਆਦਾ ਖੇਤਰ ਵਿੱਚ ਵੰਡਿਆ ਜਾਵੇਗਾ ਤੇ ਇਸਦੀ ਚੋਭ ਵੀ ਘੱਟ ਹੋਵੇਗੀ। ਇਸ ਦਾ ਅਰਥ ਇਹ ਹੋਇਆ ਕਿ ਕਿਸੇ ਧਰਾਤਲ ’ਤੇ ਕਿਸੇ ਵਸਤੂ ਦੀ ਵੱਧ ਜਾਂ ਘੱਟ ਚੋਭ ਉਸ ਖੇਤਰ ਦੇ ਆਕਾਰ ’ਤੇ ਨਿਰਭਰ ਕਰਦੀ ਹੈ ਜਿਸ ਨੂੰ ਚੁੱਭ ਰਹੀ ਵਸਤੂ ਨੇ ਕਵਰ ਕੀਤਾ ਹੁੰਦਾ ਹੈ। ਹੁਣ ਇਸ ਪ੍ਰਸੰਗ ਵਿੱਚ ਲੱਕੜੀ ਦਾ ਪੋਰਾ ਕੱਟਣ ਵਾਲਾ ਵਰਤਾਰਾ ਦੇਖੋ। ਕਿਉਂਕਿ ਕੁਹਾੜੀ ਦੀ ਧਾਰ ਬਹੁਤ ਤਿੱਖੀ ਹੁੰਦੀ ਹੈ ਤੇ ਲੱਕੜੀ ਨੂੰ ਕੱਟਣ ਵਾਲੇ ਦਾ ਬਲ, ਧਾਰ ਦੀ ਮਾਰ ਹੇਠ ਆਏ ਬਹੁਤ ਥੋੜ੍ਹੇ ਖੇਤਰ ਉੱਪਰ ਲੱਗ ਰਿਹਾ ਹੁੰਦਾ ਹੈ ਤੇ ਇਸਦੀ ਤਿੱਖੀ ਚੋਭ ਹੀ ਲੱਕੜੀ ਕੱਟਣ ਦੇ ਕੰਮ ਨੂੰ ਸੁਖਾਲਾ ਬਣਾਉਂਦੀ ਹੈ। ਇਸਦੇ ਮੁਕਾਬਲੇ ਉਨੇ ਹੀ ਜ਼ੋਰ ਨਾਲ ਚਲਾਇਆ ਹਥੌੜਾ, ਲੱਕੜੀ ਦੇ ਧਰਾਤਲ ਦੇ ਬਹੁਤ ਜ਼ਿਆਦਾ ਖੇਤਰ ਨੂੰ ਆਪਣੀ ਮਾਰ ਹੇਠ ਲਿਆਉਂਦਾ ਹੈ ਤੇ ਇਸ ਉੱਪਰ ਲੱਗਿਆ ਬਲ ਇਸ ਖੇਤਰ ਵਿੱਚ ਵੰਡਿਆ ਜਾਣ ਕਾਰਨ ਲੋੜੀਂਦਾ ਨਤੀਜਾ ਨਹੀਂ ਦਿੰਦਾ। ਇਹੀ ਗੱਲ ਬਿਸਤਰੇ ਵਿੱਚ ਪਈ ਰਹਿ ਗਈ ਕਾਪੀ ਜਾਂ ਕਿਤਾਬ ਉੱਪਰ ਲਾਗੂ ਹੁੰਦੀ ਹੈ। ਕਾਪੀ ਜਾਂ ਕਿਤਾਬ ਸਾਡੇ ਸਰੀਰ ਦੇ ਜ਼ਿਆਦਾ ਖੇਤਰ ਨੂੰ ਕਵਰ ਕਰਦੀ ਹੈ ਜਿਸ ਕਰਕੇ ਸਾਡੇ ਸਰੀਰ ਦੇ ਭਾਰ ਦਾ ਬਲ ਵੀ ਜ਼ਿਆਦਾ ਖੇਤਰ ਵਿੱਚ ਵੰਡਿਆ ਜਾਣ ਕਰਕੇ ਇਸਦੀ ਚੋਭ ਨੂੰ ਮਹਿਸੂਸ ਨਹੀਂ ਕਰਦਾ, ਜਦਕਿ ਦੂਜੀ ਹਾਲਤ ਵਿੱਚ ਸਾਡੇ ਸਰੀਰ ਦਾ ਭਾਰ ਬਿਸਤਰੇ ਵਿੱਚ ਪਏ ਸ਼ਾਰਪਨਰ ਵੱਲੋਂ ਕਵਰ ਕੀਤੇ ਬਹੁਤ ਥੋੜ੍ਹੇ

ਖੇਤਰ ਉੱਪਰ ਕੇਂਦਰਤ ਹੁੰਦਾ ਹੈ ਤੇ ਉਸਦੀ ਚੋਭ ਵੀ ਜ਼ਿਆਦਾ ਮਹਿਸੂਸ ਹੁੰਦੀ ਹੈ। ਪੱਧਰੇ ਫ਼ਰਸ਼ ਉੱਪਰ ਸਾਡੇ ਸਰੀਰ ਦਾ ਭਾਰ ਪੈਰ ਹੇਠਲੇ ਖੇਤਰ ਉੱਪਰ ਇੱਕਸਾਰ ਵੰਡਵਾਂ ਪੈਂਦਾ ਹੈ ਤੇ ਸਾਨੂੰ ਇਸਦੀ ਨਾਮਮਾਤਰ ਚੋਭ ਮਹਿਸੂਸ ਨਹੀਂ ਹੁੰਦੀ। ਪਰ ਫ਼ਰਸ਼ 'ਤੇ ਪਿਆ ਰੋੜ ਸਾਡੇ ਪੈਰ ਦੀ ਤਲੀ ਦੇ ਬਹੁਤ ਘੱਟ ਖੇਤਰ ਨੂੰ ਕਵਰ ਕਰਦਾ ਹੈ ਤੇ ਪੂਰੇ ਸਰੀਰ ਦਾ ਭਾਰ ਇਸ ਖੇਤਰ ਉੱਪਰ ਪੈ ਕੇ ਤਿੱਖੀ ਚੋਭ ਪੈਦਾ ਕਰਦਾ ਹੈ। ਖੇਤੀ ਦੇ ਸਖ਼ਤ ਕੰਮ ਨਾਲ ਥੱਕਿਆ ਕਿਸਾਨ ਆਰਾਮ ਕਰਨ ਲਈ ਆਪਣੇ ਖੇਤ ਦੀ ਸਖ਼ਤ ਜ਼ਮੀਨ ਦੀ ਬਜਾਏ ਪੋਲੀ ਭੁਰਭੁਰੀ ਜ਼ਮੀਨ ਉੱਪਰ ਪਰਨਾ ਵਿਛਾ ਕੇ ਆਰਾਮ ਕਰਨਾ ਪਸੰਦ ਕਰਦਾ ਹੈ। ਅਜਿਹੀ ਜ਼ਮੀਨ ਉਸਦੇ ਸਰੀਰ ਦੇ ਆਕਾਰ ਅਨੁਸਾਰ ਢਲ ਜਾਂਦੀ ਹੈ ਤੇ ਉਸਦੇ ਸਰੀਰ ਦਾ ਭਾਰ ਇਸ ਉੱਪਰ ਇਕਸਾਰ ਵੰਡਵਾਂ ਪੈਂਦਾ ਹੈ ਤੇ ਇਹ ਇੱਕ ਆਰਾਮਦਾਇਕ ਬਿਸਤਰੇ ਵਰਗੀ ਸਥਿਤੀ ਪੈਦਾ ਹੋ ਜਾਂਦੀ ਹੈ।

ਕਿਸਾਨ ਆਪਣੇ ਖੇਤੀ ਦੇ ਕੰਮ ਵਿੱਚ ਵਰਤੇ ਜਾਣ ਵਾਲੇ ਸੰਦਾਂ ਕਹੀਆਂ, ਕਸੌਲੀਆਂ, ਖੁਰਪਿਆਂ, ਹਲਾਂ ਦੇ ਫਾਲਿਆਂ ਨੂੰ ਚੰਡਦੇ ਤੇ ਕੁਤਰੇ ਵਾਲੇ ਟੋਕੇ ਤਿੱਖੇ ਕਰਦੇ ਹਨ ਤਾਂ ਕਿ ਇਹਨਾਂ ਰਾਹੀਂ ਥੋੜ੍ਹੇ ਖੇਤਰ ਉੱਪਰ ਬਲ ਲਾ ਕੇ ਸੁਚੱਜਾ ਕੰਮ ਕੀਤਾ ਜਾ ਸਕੇ। ਇਸੇ ਤਰ੍ਹਾਂ ਲੱਕੜੀ ਦਾ ਕੰਮ ਕਰਨ ਵਾਲੇ ਮਿਸਤਰੀ ਆਪਣੇ ਰੰਦੇ, ਤੇਸੇ, ਚੌਰਸੀਆਂ ਤੇ ਚਮੜੇ ਦਾ ਕੰਮ ਕਰਨ ਵਾਲੇ ਮੋਚੀ ਆਪਣੀਆਂ ਰੰਬੀਆਂ ਤੇ ਆਰਾਂ ਨੂੰ ਵੀ ਇਸੇ ਕਰਕੇ ਤਿੱਖਾ ਕਰਦੇ ਹਨ ਤਾਂ ਕਿ ਇਹਨਾਂ ਸੰਦਾਂ ਉੱਪਰ ਲੱਗ ਰਿਹਾ ਬਲ ਘੱਟ ਤੋਂ ਘੱਟ ਧਰਾਤਲ 'ਤੇ ਪਵੇ ਤੇ ਉਹਨਾਂ ਦਾ ਕੰਮ ਸੁਖਾਲਾ ਹੁੰਦਾ ਰਹੇ। ਇਸ ਨਿਯਮ ਕਾਰਨ ਹੀ ਘਰ ਦੀ ਰਸੋਈ ਵਿੱਚ ਵੀ ਖੁੰਢੇ ਚਾਕੂ ਨਾਲੋਂ ਤਿੱਖਾ ਚਾਕੂ ਜ਼ਿਆਦਾ ਕੰਮ ਕਰਦਾ ਹੈ।

ਜੇਕਰ ਤੁਸੀਂ ਹਰਿਦੁਆਰ, ਰਿਸ਼ੀਕੇਸ਼ ਆਦਿ ਸਥਾਨਾਂ ਦੀ ਯਾਤਰਾ ਕੀਤੀ ਹੈ ਤਾਂ ਤੁਸੀਂ ਕਿਸੇ ਪਾਖੰਡੀ ਸਾਧ ਨੂੰ ਸੈਂਕੜੇ ਕਿੱਲਾਂ ਲੱਗੇ ਲੱਕੜ ਦੇ ਫੱਟੇ ਦੇ ਉੱਪਰ ਨੰਗੇ ਸਰੀਰ ਪਏ ਦੇਖ ਕੇ ਹੈਰਾਨ ਹੋਏ ਹੋਵੋਗੇ। ਅੰਧਵਿਸ਼ਵਾਸੀ ਲੋਕ ਅਜਿਹਾ ਦ੍ਰਿਸ਼ ਦੇਖ ਕੇ ਇਸ ਨੂੰ ਕੋਈ ਕਰਾਮਾਤ ਸਮਝ ਲੈਂਦੇ ਹਨ ਅਤੇ ਆਪਣੀ ਜੇਬ ਹੌਲੀ ਕਰ ਦਿੰਦੇ ਹਨ। ਇਸ ਤਰ੍ਹਾਂ ਅੰਧਵਿਸ਼ਵਾਸੀ ਲੋਕਾਂ ਦੇ ਸਹਾਰੇ ਕਿੱਲਾਂ ਉੱਪਰ ਲੇਟੇ ਪਾਖੰਡੀ ਦਾ ਧੰਦਾ ਚਲਦਾ ਰਹਿੰਦਾ ਹੈ। ਦਰਅਸਲ ਇਹ ਕੋਈ ਕਰਾਮਾਤ ਨਹੀਂ ਹੈ ਸਗੋਂ ਚੀਜ਼ਾਂ ਦੇ ਚੁਭਣ ਬਾਰੇ ਉੱਪਰ ਜ਼ਿਕਰ ਕੀਤੇ ਵਰਤਾਰੇ ਕਾਰਣ ਹੀ ਹੁੰਦਾ ਹੈ। ਹੁੰਦਾ ਇਹ ਹੈ ਕਿ ਲੱਕੜ ਦੇ ਫੱਟੇ ਵਿੱਚ ਸੰਘਣੇ ਗੱਡੇ ਗਏ ਸੈਂਕੜੇ ਕਿੱਲਾਂ ਦੇ ਉੱਪਰਲੇ ਤਿੱਖੇ ਹਿੱਸੇ ਇਕਸਾਰ ਉਚਾਈ ਵਾਲਾ ਧਰਾਤਲ ਬਣਾਉਂਦੇ ਹਨ ਜਿਸ ਉਪਰ ਲੇਟੇ ਆਦਮੀ ਦਾ ਭਾਰ ਸੈਂਕੜੇ ਕਿੱਲਾਂ ਵਿੱਚ ਵੰਡਿਆ ਜਾਂਦਾ ਹੈ ਤੇ ਇਸ ਤਰ੍ਹਾਂ ਇਨ੍ਹਾਂ ਦੀ ਚੋਭ ਬਹੁਤ ਨਿਗੂਣੀ ਰਹਿ ਜਾਂਦੀ ਹੈ। ਮੰਨ ਲਓ ਫੱਟੇ ਵਿੱਚ 1000 ਕਿੱਲ ਲੱਗੇ ਹੋਏ ਹਨ ਤੇ ਇਸ ਉਪਰ ਲੇਟੇ ਪਾਖੰਡੀ ਦਾ ਭਾਰ 60 ਕਿਲੋਗਰਾਮ ਹੈ ਤਾਂ ਇਸ ਹਿਸਾਬ ਨਾਲ ਹਰੇਕ ਕਿੱਲ ਉੱਪਰ ਸਿਰਫ਼ 60 ਗਰਾਮ ਭਾਰ ਪੈ ਰਿਹਾ ਹੈ। ਇੰਨੇ ਘੱਟ ਵਜ਼ਨ ਨਾਲ ਮਾਮੂਲੀ ਚੋਭ ਪੈਦਾ ਹੋਵੇਗੀ ਜਿਸਨੂੰ ਸਹਿਣ ਕਰਨਾ ਮੁਸ਼ਕਿਲ ਨਹੀਂ ਹੈ। ਤਰਕਸ਼ੀਲ ਸੁਸਾਇਟੀ ਦੇ ਕਈ ਕਾਰਕੁੰਨ ਅਜਿਹਾ ਪ੍ਰਦਰਸ਼ਨ ਆਪਣੇ ਜਾਦੂ ਕਲਾ ਦੇ ਸ਼ੋਅ ਦੌਰਾਨ ਆਮ ਹੀ ਕਰਦੇ ਰਹਿੰਦੇ ਹਨ।

ਤਿੱਖੀਆਂ ਚੀਜ਼ਾਂ ਦੀ ਧਰਾਤਲ ਦੇ ਘੱਟ ਖੇਤਰ 'ਤੇ ਪੈ ਰਹੀ ਜ਼ਿਆਦਾ ਚੋਭ ਹੀ ਕੰਮ ਨੂੰ ਸੁਖਾਲਾ ਬਣਾਉਣ ਲਈ ਸਹਾਈ ਨਹੀਂ ਹੁੰਦੀ ਸਗੋਂ ਵੱਖਰੀਆਂ ਹਾਲਤਾਂ ਵਿੱਚ ਇਸਦਾ ਉਲਟ ਵਰਤਾਰਾ ਵੀ ਲਾਭਦਾਇਕ ਹੁੰਦਾ ਹੈ। ਰੇਗਿਸਤਾਨ ਦੇ ਰੇਤੀਲੇ ਖੇਤਰ ਵਿੱਚ ਖੇਤੀ ਦੇ ਢੋਆ ਢੁਆਈ ਦੇ ਕੰਮਾਂ ਵਾਸਤੇ ਬਲਦਾਂ ਦੀ ਬਜਾਏ ਊਠਾਂ ਦੀ ਵਰਤੋਂ ਕੀਤੀ ਜਾਂਦੀ ਹੈ। ਬਲਦਾਂ ਦੇ ਪੈਰ ਘੱਟ ਖੇਤਰ ਉੱਪਰ ਦਬਾਅ ਪਾਉਂਦੇ ਹਨ ਤੇ ਉਹਨਾਂ ਦੇ ਪੈਰ ਰੇਤ ਵਿੱਚ ਧਸ ਜਾਂਦੇ ਹਨ ਜੋ ਚੱਲਣ ਵਿੱਚ ਮੁਸ਼ਕਿਲ ਪੈਦਾ ਕਰਦੇ ਹਨ, ਜਦਕਿ ਊਠ ਦੇ ਪੈਰ ਜ਼ਿਆਦਾ ਚਪਟੇ ਹੋਣ ਕਾਰਣ ਜ਼ਿਆਦਾ ਖੇਤਰ 'ਤੇ ਇਕਸਾਰ ਦਬਾਅ ਪਾ ਕੇ ਧਸਣ ਤੋਂ ਬਚੇ ਰਹਿੰਦੇ ਹਨ। ਇਸੇ ਕਾਰਣ ਊਠ ਨੂੰ ਮਾਰੂਥਲ ਦਾ ਜਹਾਜ਼ ਕਿਹਾ ਜਾਂਦਾ ਹੈ। ਇਸੇ ਕਰਕੇ ਰੇਗਿਸਤਾਨੀ ਖੇਤਰਾਂ ਵਿੱਚ ਸੁਰੱਖਿਆ ਬਲ ਵੀ ਊਠਾਂ ਦੀ ਵਰਤੋਂ ਕਰਦੇ ਹਨ। ਇਸ ਤੋਂ ਬਿਨ੍ਹਾਂ ਰੇਤੀਲੇ ਤੇ ਦਲਦਲੀ ਖੇਤਰਾਂ ਵਿੱਚ ਚੱਲਣ ਵਾਲੀਆਂ ਜੀਪਾਂ ਤੇ ਹੋਰ ਵਾਹਨਾਂ ਦੇ ਟਾਇਰ ਆਮ ਗੱਡੀਆਂ ਨਾਲੋਂ ਜ਼ਿਆਦਾ ਚੌੜੇ ਚਪਟੇ ਹੁੰਦੇ ਹਨ ਜਿਸ ਨਾਲ ਗੱਡੀ ਦੇ ਵਜ਼ਨ ਦਾ ਦਬਾਅ ਰੇਤ ਜਾਂ ਚਿੱਕੜ ਵਿਚ ਜ਼ਿਆਦਾ ਖੇਤਰ 'ਤੇ ਪੈਂਦਾ ਹੈ ਤੇ ਇਸਦੇ ਪਹੀਏ ਆਸਾਨੀ ਨਾਲ ਨਹੀਂ ਧਸਦੇ।

**98556-56156**

***ਪੰਨਾ 33 ਦਾ ਬਾਕੀ...***

ਲਹਿਰ ਕਾਰਣ ਵੀ ਇਸ ਨੂੰ ਦਾਗਿਆ ਨਾ ਜਾ ਸਕਿਆ। ਜੂਨ 2021 ਵਿਚ ਲਾਂਚ ਰਾਕੇਟ ਏਰੀਅਨ-5 ਵਿਚ ਤਕਨੀਕੀ ਦੋਸ਼ਾਂ ਕਾਰਣ ਵਿਚ ਦੀ ਉਡਾਣ 18 ਦਸੰਬਰ 2021 ਤੱਕ ਅੱਗੇ ਪਾ ਦਿੱਤੀ ਗਈ। ਇਸ ਦਿਨ ਮੌਸਮ ਦੀ ਖਰਾਬੀ ਕਾਰਣ ਉਡਾਣ ਮੁੜ ਰੱਦ ਕਰਨੀ ਪਈ। ਏਨੀਆਂ ਅੜਚਨਾਂ ਦੇ ਬਾਵਜੂਦ ਤੇ ਇੱਕ ਲੰਬੀ ਉਡੀਕ ਬਾਅਦ 25 ਦਸੰਬਰ 2021 ਨੂੰ ਦੂਰਬੀਨ ਦੀ ਪੁਲਾੜ ਵੱਲ ਸਫ਼ਲ ਉਡਾਣ ਭਰੀ ਗਈ। ਇਸ ਤਰ੍ਹਾਂ ਵਿਗਿਆਨੀਆਂ ਦੀਆਂ ਅਣਥੱਕ ਕੋਸ਼ਿਸ਼ਾਂ ਨੂੰ ਬੂਰ ਪਿਆ।

**98762-24461**

# ਮਿਲੇ ਧੱਕਿਆਂ ਦਾ ਮੋੜ



**ਅਭੈ ਸਿੰਘ**

ਪਿਛਲੇ ਸਾਲ ਦਸੰਬਰ ਵਿੱਚ ਮੇਰੀ ਘਰਵਾਲੀ ਸਾਡੇ ਵਿਆਹ ਦੀ ਗੋਲਡਨ ਜੁਬਲੀ ਦੇ ਸਿਰਫ਼ ਤਿੰਨ ਮਹੀਨੇ ਬਾਅਦ ਸਦੀਵੀ ਵਿਛੋੜਾ ਦੇ ਗਈ। ਅਕਸਰ ਕਿਹਾ ਜਾਂਦਾ ਹੈ ਕਿ ਵੱਡੀ ਉਮਰ ਵਿਚ ਸਾਥ ਦੀ ਬਹੁਤ ਲੋੜ ਹੁੰਦੀ ਹੈ ਹਾਲਾਂਕਿ ਇਕ ਦੀ ਤਾਂ ਪਹਿਲੋਂ ਮੌਤ ਹੋਣੀ ਹੀ ਹੁੰਦੀ ਹੈ। ਮੌਤ ਦੁਖਦਾਈ ਹੈ ਪਰ ਮੌਤ ਤੋਂ ਬਾਅਦ ਵਾਲੀਆਂ ਰਸਮਾਂ ਵੀ ਘੱਟ ਦੁਖਦਾਈ ਨਹੀਂ, ਤੇ ਇਹ ਹੁਣ ਵਧਦੀਆਂ ਜਾਂਦੀਆਂ ਹਨ।

ਦੁਪਹਿਰ ਵੇਲੇ ਮੇਰਾ ਇਹ ਦੁਖਾਂਤ ਵਾਪਰਿਆ ਤੇ ਮੁਹੱਲੇ ਦੇ ਲੋਕ ਮੇਰੇ ਘਰ ਆਣ ਪਹੁੰਚੇ। ਗੁਆਂਢੀਆਂ ਦੁੱਖ ਵੰਡਾਇਆ ਤੇ ਇਸ ਨਾਲ ਸੱਚਮੁੱਚ ਦੁੱਖ ਘਟਦਾ ਹੈ। ਮੈਨੂੰ ਕਿਹਾ ਗਿਆ ਕਿ ਚਾਹ ਰੋਟੀ ਦਾ ਫਿਕਰ ਨਾ ਕਰਾਂ, ਉਹ ਬਣਾ ਕੇ ਭੇਜਦੇ ਰਹਿਣਗੇ। ਧੰਨਵਾਦ ਕਰਦਿਆਂ ਮੈਂ ਕਹਿ ਦਿੱਤਾ ਕਿ ਕੋਈ ਗੱਲ ਨਹੀਂ, ਮੇਰੇ ਕੋਲ ਦੁੱਧ-ਵਗੈਰਾ ਸਭ ਕੁੱਝ ਹੈ। ਇਸ ਬਾਰੇ ਕਿਹਾ ਗਿਆ ਕਿ ਮਰਗ ਵਾਲੇ ਘਰ ਚੁੱਲ੍ਹਾ ਨਹੀਂ ਜਲਾਇਆ ਜਾਂਦਾ। ਮੈਨੂੰ ਕਹਿਣਾ ਪਿਆ ਕਿ ਐਸਾ ਕਿਧਰੇ ਨਹੀਂ ਲਿਖਿਆ।

ਹੋਰ ਦੋ ਘੰਟਿਆਂ ਤੱਕ ਮੇਰਾ ਛੋਟਾ ਭਰਾ, ਛੋਟੀ ਭੈਣ ਤੇ ਹੋਰ ਰਿਸ਼ਤੇਦਾਰ ਪਹੁੰਚ ਗਏ। ਰੋਣਾ ਧੋਣਾ ਤਾਂ ਹੋਣਾ ਹੀ ਸੀ ਤੇ ਉਸ ਤੋਂ ਬਾਅਦ ਸੁਭਾਵਕ ਹੀ ਸਿੱਧਾ ਵਿਚਾਰ ਰਸਮਾਂ ਦੇ ਵਿਸਥਾਰ ਦਾ ਸੀ। ਮੈਂ ਕੋਈ ਧਾਰਮਿਕ ਰਸਮ ਨਹੀਂ ਕਰਵਾਉਣੀ ਸੀ। ਮੇਰੇ ਵਿਚਾਰ ਧਾਰਮਿਕ ਨਹੀਂ। ਹਾਂ, ਜੇ ਮੇਰੀ ਸਾਥਣ ਦੇ ਅਜਿਹੇ ਵਿਚਾਰ ਹੁੰਦੇ ਤਾਂ ਮੈਂ ਉਸ ਦੇ ਸਤਿਕਾਰ ਵਜੋਂ ਇਹ ਰਸਮਾਂ ਨਿਭਾ ਵੀ ਸਕਦਾ ਸਾਂ ਪਰ ਉਸ ਨੇ ਸਾਰੀ ਜ਼ਿੰਦਗੀ ਕਦੇ ਮੱਥਾ ਨਹੀਂ ਟੇਕਿਆ ਸੀ, ਕਦੇ ਰੱਬ ਦਾ ਨਾਂ ਨਹੀਂ ਲਿਆ ਸੀ। ਉਸ ਨੇ ਕਦੇ ਦੋ ਹਰਫ਼ੀ ਅਰਦਾਸ ਵੀ ਨਹੀਂ ਕੀਤੀ ਸੀ ਕਿ ਰੱਬਾ ਇਸ ਤਰ੍ਹਾਂ ਕਰੀ ਜਾਂ ਇਸ ਤਰ੍ਹਾਂ ਨਾ ਕਰੀਂ। ਇਸ ਵਾਸਤੇ ਉਸ ਦੀ ਦੇਹ ਤੋਂ ਇਹ ਕੰਮ ਜ਼ਬਰਦਸਤੀ ਮੈਂ ਨਹੀਂ ਕਰਵਾ ਸਕਦਾ ਸੀ। ਮੈਨੂੰ ਖੁਸ਼ੀ ਹੈ ਕਿ ਮੇਰੀ ਭੈਣ, ਮੇਰੇ ਭਰਾ ਤੇ ਹੋਰ ਦੋਸਤਾਂ, ਰਿਸ਼ਤੇਦਾਰਾਂ ਨੇ ਭਾਵਨਾਵਾਂ ਦਾ ਪੂਰਾ ਸਤਿਕਾਰ ਕੀਤਾ।

ਸ਼ਮਸ਼ਾਨ ਘਾਟ ਦੇ ਕਰਮਚਾਰੀਆਂ ਨੇ ਚਿਤਾ ਦੀ ਤਿਆਰੀ ਕਰਕੇ ਕਿਹਾ ਕਿ ਲਓ ਹੁਣ ਅਰਦਾਸ ਕਰ ਲਵੋ। ਮੇਰੇ ਦੋ ਬਰਖੁਰਦਾਰ ਹੀ ਅੱਗੇ ਆਏ ਪਰ ਮੈਂ ਨਾਂਹ ਕਰ ਦਿੱਤੀ। ਫਿਰ ਉਸ ਪੁੱਛਿਆ, ਅਗਨੀ ਕੌਣ ਛੁਹਾਏਗਾ। ਮੇਰਾ ਪੁੱਤਰ ਬਾਹਰ ਸੀ, ਨਹੀਂ ਆ ਸਕਿਆ ਸੀ। ਮੇਰੀ ਭਾਣਜੀ ਖੜ੍ਹੀ ਸੀ ਜਿਸ ਦਾ ਆਪਣੀ ਮਾਮੀ ਨਾਲ ਬਹੁਤ ਹੀ ਗਹਿਰਾ ਰਿਸ਼ਤਾ ਸੀ। ਮੈਂ ਬੋਲਿਆ, "ਇਹ ਖੜ੍ਹਾ ਹੈ ਉਸ ਦਾ ਵੱਡਾ ਪੁੱਤਰ ਸ਼ਰਨਬੀਰ ਕੌਰ।" ਇਕ ਦਮ ਆਵਾਜ਼ ਆਈ, ਔਰਤਾਂ ਇਹ ਕੰਮ ਨਹੀਂ ਕਰਦੀਆਂ। ਮੈਂ ਕਿਹਾ, ਕਰਦੀਆਂ ਹਨ ਤੇ ਹੁਣ ਕਰਿਆ ਵੀ ਕਰਨਗੀਆਂ। ਸ਼ਰਨਬੀਰ ਨੇ ਅਗਨੀ ਛੁਹਾਈ ਤੇ ਉਸ ਦੇ ਛੋਟੇ ਮਾਮੇ ਅਤੈ ਸਿੰਘ ਨੇ ਮਦਦ ਕੀਤੀ।

ਸਸਕਾਰ ਤੋਂ ਫੌਰੀ ਬਾਅਦ ਆਮ ਹੀ ਪੁੱਛਿਆ ਜਾਂਦਾ ਕਿ ਹੁਣ ਭੋਗ ਕਦੋਂ ਪਾਏ ਜਾਣਗੇ। ਲੋਕਾਂ ਵਾਸਤੇ ਸੁਭਾਵਕ ਸਵਾਲ ਹੈ ਪਰ ਮੇਰੇ ਵਾਸਤੇ ਬਹੁਤ ਮੁਸ਼ਕਿਲ। ਭੋਗ ਦਾ ਤਸੱਵੁਰ ਹੀ ਔਖਾ। ਪੈਸੇ ਦੇ ਕੇ ਪਾਠ ਕਰਵਾਓ, ਸੁਣੇ ਵਿਚਾਰੇ ਬਿਨਾ, ਬੱਸ ਲਾਊਡਸਪੀਕਰ ਵਜਾਓ ਤੇ ਫਿਰ ਅਰਦਾਸ ਹੋਵੇ ਕਿ ਰੂਹ ਨੂੰ ਚਰਨਾਂ ਵਿਚ ਨਿਵਾਸ ਮਿਲੇ। ਮੈਨੂੰ ਪਤਾ ਹੈ ਕਿ ਮੇਰੇ ਸਾਥੀ ਦਾ ਹੁਣ ਕੋਈ ਵਜੂਦ ਨਹੀਂ, ਕਿਸੇ ਵੀ ਰੂਪ ਵਿਚ ਨਹੀਂ, ਫਿਰ ਵੀ ਆਪਣੇ ਪਿਆਰੇ ਨੂੰ ਕਿਸੇ ਦੇ ਚਰਨਾਂ ਵਿਚ ਜਗ੍ਹਾ ਮਿਲਣ ਦਾ ਕਿਆਸ ਸੁਖਾਵਾਂ ਨਹੀਂ, ਦਿਲ ਵਿਚ ਜਗ੍ਹਾ ਦਾ ਕਿਆਸ ਵੱਖਰਾ ਹੈ। ਫਿਰ ਜਿਸ ਕੋਲੋਂ ਇਹ ਸਥਾਨ ਮੰਗਿਆ ਜਾਂਦਾ ਹੈ, ਧਾਰਮਿਕ ਰਹਿਨੁਮਾਵਾਂ ਦੇ ਅਨੁਸਾਰ ਹੀ ਉਸ ਦਾ ਨਾ ਰੂਪ ਹੈ ਨਾ ਅਕਾਰ; ਭਾਵ ਨਾ ਚਰਨ ਹਨ ਤੇ ਨਾ ਦਿਲ। ਬੇਤੁਕੇ ਕੰਮ ਦੁਨੀਆਂ ਕਰਦੀ ਫਿਰੇ, ਮੈਂ ਕਿਉਂ ਕਰਾਂ।

ਹਾਂ ਏਨਾ ਦਿਲ ਜ਼ਰੂਰ ਕਰਦਾ ਸੀ ਕਿ ਸਕੇ ਸੰਬੰਧੀ ਤੇ ਦੋਸਤਾਂ ਮਿੱਤਰਾਂ ਦੀ ਕੋਈ ਮਿਲ ਬੈਠਣੀ ਹੋਵੇ ਜਿਸ ਵਿਚ ਵਿਛੜੇ ਜੀਵ ਦੀਆਂ ਯਾਦਾਂ ਹੋ ਜਾਣ ਤੇ ਰਸਮਾਂ ਬਾਰੇ ਵੀ ਚਾਰ ਗੱਲਾਂ ਹੋ ਜਾਣ। ਇਕ ਕੋਵਿਡ ਦੀ ਘੁਟਨ ਤੇ ਦੂਜੇ ਸਾਡੇ ਪੁੱਤਰ ਦੇ ਵਿਦੇਸ਼ ਤੋਂ ਨਾ ਆ ਸਕਣ ਕਰਕੇ ਅਜਿਹਾ ਨਹੀਂ ਹੋ ਸਕਿਆ। ਕੋਵਿਡ ਦੀਆਂ ਪਾਬੰਦੀਆਂ ਕਾਰਨ ਹੀ ਮੇਰਾ ਪੁੱਤਰ ਨਾ ਆਪਣੀ ਮਾਂ ਦੀ ਬਿਮਾਰੀ ਵੇਲੇ ਆ ਸਕਿਆ ਤੇ ਨਾ ਉਸ ਦੀ ਮੌਤ ਵਾਲੇ। ਅਸੀਂ ਟੈਲੀਫੋਨ ਉਪਰ ਹੀ, ਬਿਨਾਂ ਗਲੇ ਲੱਗਿਆਂ ਜ਼ੋਰ-ਜ਼ੋਰ ਦੀ ਰੋ ਕੇ ਦਿਲ ਹੌਲਾ ਕਰਦੇ ਰਹੇ। ਸਭ ਕੁੱਝ ਆਨਲਾਈਨ ਹੋ ਜਾਂਦਾ ਹੈ ਪਰ ਗਲ ਲੱਗਣ ਦਾ ਨਿੱਘ ਨਹੀਂ ਮਿਲਦਾ। ਅਖੀਰ ਉਹ ਪਿਛਲੇ ਮਹੀਨੇ ਆਸਟਰੇਲੀਆ ਤੋਂ ਉਡਾਣਾਂ ਖੁੱਲ੍ਹਦੀਆਂ ਹੀ ਆ ਗਿਆ।

***ਬਾਕੀ ਪੰਨਾ 41 'ਤੇ***

*ਸਵੈ-ਚਿੰਤਨ*

# ਅਧਾਰਮਿਕ ਲੋਕਾਂ ਦੇ ਏਕੇ ਦੀ ਅਣਸਰਦੀ ਲੋੜ



**ਮਨੋਜ ਮਲਿਕ**

ਅਧਾਰਮਿਕ ਜਾਂ ਗੈਰਧਾਰਮਿਕ ਉਹ ਲੋਕ ਹਨ ਜਿਹਨਾਂ ਨੇ ਧਰਮ, ਈਸ਼ਵਰ, ਆਤਮਾ ਤੇ ਇਹਨਾਂ ਨਾਲ ਸਬੰਧਤ ਜੜ੍ਹ-ਅੰਧਵਿਸ਼ਵਾਸਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਉਹ ਕਿਸੇ ਵੀ ਤਰ੍ਹਾਂ ਦੇ ਅੰਧ-ਵਿਸ਼ਵਾਸ ਵਿੱਚ ਵਿਸ਼ਵਾਸ ਨਹੀਂ ਰੱਖਦੇ, ਸਿਰਫ਼ ਵਿਗਿਆਨ ਵਿੱਚ ਵਿਸ਼ਵਾਸ ਰੱਖਦੇ ਹਨ। ਅਧਾਰਮਿਕ ਲੋਕਾਂ ਵਿਚ ਨਿਰਈਸ਼ਵਰਵਾਦੀ, ਮਾਨਵਵਾਦੀ, ਤਰਕਸ਼ੀਲ, ਅਜ਼ਾਦ ਚਿੰਤਕ (ਫਰੀ ਥਿੰਕਰ) ਆਦਿ ਸ਼ਾਮਲ ਹਨ।

ਪੂਰੀ ਦੁਨੀਆਂ ਵਿਚ ਅਧਾਰਮਿਕ ਲੋਕ ਹੀ-ਅਸਲ ਘੱਟ ਗਿਣਤੀ ਹਨ, ਜਿਹਨਾਂ ਉੱਪਰ ਹਰ ਦੌਰ ਵਿਚ ਹਰ ਦੇਸ਼ ਵਿੱਚ ਜਬਰ ਕੀਤਾ ਜਾਂਦਾ ਰਿਹਾ ਹੈ। ਭਾਰਤ ਵਿੱਚ ਵੀ ਇਹਨਾਂ ਲੋਕਾਂ ਉੱਪਰ ਖੂਬ ਹਮਲੇ ਹੁੰਦੇ ਰਹੇ ਹਨ। ਇਹ ਸਭ ਅੱਜ ਵੀ ਜਾਰੀ ਹੈ। ਇਸਦੇ ਬਾਵਜੂਦ ਇਨ੍ਹਾਂ ਵਿੱਚ ਏਕੇ ਦੀ ਹਮੇਸ਼ਾ ਘਾਟ ਰਹੀ ਹੈ। ਇਹਨਾਂ ਲੋਕਾਂ ਨੂੰ ਇਕਜੁੱਟ ਹੋਣ ਦੀ ਸਭ ਤੋਂ ਵੱਧ ਜ਼ਰੂਰਤ ਹੈ ਤਾਂਕਿ ਆਪਣੇ ਜ਼ਰੂਰਤਮੰਦ ਸਾਥੀ ਦੀ ਮਦਦ ਕਰ ਸਕਣ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਇਹੀ ਲੋਕ ਸਭ ਤੋਂ ਵੱਧ ਅਸੰਗਠਿਤ ਹਨ। ਅਧਾਰਮਿਕ ਲੋਕ ਇਕ-ਦੂਜੇ ਦੀਆਂ ਗਤੀਵਿਧੀਆਂ ਤੋਂ ਅਣਜਾਣ ਹਨ। ਹਾਲ ਹੀ ਦੇ ਦੌਰ ਵਿਚ ਇੰਟਰਨੈੱਟ ਨਾਲ ਥੋੜਾ ਮੇਲ ਜੋਲ ਜ਼ਰੂਰ ਸ਼ੁਰੂ ਹੋਇਆ ਹੈ। ਆਓ ਅਸੀਂ ਇਹਦੇ ਪਿਛਲੇ ਕਾਰਨਾਂ ਨੂੰ ਜਾਣੀਏ ਅਤੇ ਇਹਨਾਂ ਦੇ ਹੱਲ ਨੂੰ ਵਿਚਾਰੀਏ।

### ਅਨੇਕਤਾ ਦੇ ਕਾਰਨ

**1. ਅਲੱਗ-ਅਲੱਗ ਪਛਾਣਾਂ ਅਤੇ ਜੁੜਾਅ** - ਹਾਲਾਂਕਿ ਅਧਾਰਮਿਕ ਲੋਕਾਂ ਵਿਚ ਬਹੁਤ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ। ਫਿਰ ਵੀ ਉਹ ਹਰ ਬਿੰਦੂ ਉੱਪਰ ਇਕ ਮਤ ਨਹੀਂ ਹੁੰਦੇ ਤੇ ਹੋਣਾ ਵੀ ਨਹੀਂ ਚਾਹੀਦਾ। ਵੈਸੇ ਤਾਂ ਇਹ ਚੰਗੀ ਗੱਲ ਹੈ ਕਿ ਉਹ ਇੱਕ ਹੀ ਲਕੀਰ ਦੇ ਫਕੀਰ ਨਹੀਂ ਹਨ। ਧਾਰਮਿਕ ਅਤੇ ਅਧਾਰਮਿਕ ਲੋਕਾਂ ਵਿਚ ਇਹ ਇਕ ਮੁੱਖ ਅੰਤਰ ਹੁੰਦਾ ਹੈ। ਇਕ ਧਾਰਮਿਕ ਵਿਅਕਤੀ ਦੀਆਂ ਜੜ-ਮਾਨਤਾਵਾਂ ਹੁੰਦੀਆਂ ਹਨ। ਉਹ ਕਿਸੇ ਇਕ ਮੱਤ ਨੂੰ ਈਸ਼ਵਰ ਬਾਣੀ ਮੰਨ ਕੇ ਉਸ ਵਿਚ ਅਡਿੱਗ ਵਿਸ਼ਵਾਸ ਰੱਖਦਾ ਹੈ। ਜਦਕਿ ਦੂਜੇ ਪਾਸੇ ਅਧਾਰਮਿਕ ਵਿਅਕਤੀ ਤੱਥਾਂ ਦੀ ਰੌਸ਼ਨੀ ਵਿਚ ਆਪਣੇ ਵਿਚਾਰ ਬਣਾਉਂਦਾ ਹੈ। ਤੱਥਾਂ ਦੇ ਬਦਲਣ ਉੱਪਰ ਵਿਚਾਰ ਬਦਲਣ ਲਈ ਤਿਆਰ ਰਹਿੰਦਾ ਹੈ। ਇਸ ਤਰ੍ਹਾਂ ਸੁਭਾਵਿਕ ਰੂਪ ਵਿੱਚ ਉਹ ਇਕ ਉਦਾਰਵਾਦੀ ਹੁੰਦਾ ਹੈ। ਅਧਾਰਮਿਕ ਲੋਕ ਵੰਨ-ਸੁਵੰਨਤਾ ਨਾ ਕੇਵਲ ਸਵੀਕਾਰ ਕਰਦੇ ਹਨ ਬਲਕਿ ਉਸਨੂੰ ਹੱਲਾਸ਼ੇਰੀ ਵੀ ਦਿੰਦੇ ਹਨ। ਇਸੇ ਕਾਰਨ ਉਹ ਸਤੰਤਰ ਸੋਚ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਅਜਾਦੀ ਦੀ ਗੱਲ ਕਰਦੇ ਰਹਿੰਦੇ ਹਨ। ਉਹ ਆਪਣੇ ਲਈ ਵੱਖ-ਵੱਖ ਸੰਬੋਧਨ ਵਰਤਦੇ ਹਨ। ਜਿਵੇਂ ਕਿ ਨਿਰਈਸ਼ਵਰਵਾਦੀ, ਤਰਕਸ਼ੀਲ, ਮਾਨਵਵਾਦੀ, ਵਿਗਿਆਨਵਾਦੀ, ਸਤੰਤਰ ਚਿੰਤਕ ਕਹਾਉਣਾ ਪਸੰਦ ਕਰਦੇ ਹਨ। ਪਰ ਸੰਗਠਿਤ ਹੋਣ ਦੀ ਦ੍ਰਿਸ਼ਟੀ ਤੋਂ ਏਹੀ ਖੁੱਲ੍ਹੀ ਸੋਚ ਇਹਨਾਂ ਦੀ ਕਮਜ਼ੋਰੀ ਬਣ ਜਾਂਦੀ ਹੈ। ਇਹਨਾਂ ਦੀ ਸ਼ਕਤੀ ਬਿਖਰ ਕੇ ਰਹਿ ਜਾਂਦੀ ਹੈ। ਇਹਨਾਂ ਦੀ ਕੋਈ ਸਾਂਝੀ ਪਹਿਚਾਣ ਨਹੀਂ ਹੈ। ਅਧਾਰਮਿਕ ਸ਼ਬਦ ਸਾਰਿਆਂ ਦੀ ਵਿਚਾਰਧਾਰਾ ਨੂੰ ਸਮੇਟਣ ਵਾਲਾ ਕੋਈ ਉਚਿਤ ਸ਼ਬਦ ਨਹੀਂ ਹੈ। ਇਸ ਤੋਂ ਇਲਾਵਾ ਇਹ ਨਕਾਰਾਤਮਕ ਸੰਬੋਧਨ ਵੀ ਹੈ। ਫਿਲਹਾਲ ਸਾਡੇ ਕੋਲ ਸਾਰਿਆਂ ਲਈ ਸਾਂਝੇ ਤੌਰ 'ਤੇ ਪ੍ਰਯੋਗ ਕਰਨ ਵਾਲਾ ਸ਼ਬਦ ਨਹੀਂ ਹੈ।

**2. ਕੇਂਦਰੀ ਮੁੱਦਿਆਂ ਉੱਪਰ ਸਰਵ ਸੰਮਤੀ ਨਹੀਂ** - ਵੈਸੇ ਤਾਂ ਇਹ ਪ੍ਰਸੰਸਾਯੋਗ ਹੈ ਕਿ ਅਧਾਰਮਿਕ ਲੋਕ ਅਸਹਿਮਤੀ ਦੀ ਭਾਵਨਾ ਦਾ ਸਵਾਗਤ ਕਰਦੇ ਹਨ। ਪਰ ਏਹੀ ਇਹਨਾਂ ਦੀ ਕਮਜ਼ੋਰੀ ਵੀ ਬਣ ਜਾਂਦੀ ਹੈ। ਉਹ ਮਹੱਤਵਪੂਰਨ ਮੁੱਦਿਆਂ ਉੱਪਰ ਵੰਡੇ ਰਹਿੰਦੇ ਹਨ। ਕੇਂਦਰੀ-ਮੁੱਦਿਆਂ ਉਪਰ ਸਰਵ ਸੰਮਤੀ ਨਹੀਂ ਬਣਦੀ।

**3. ਉਤਸ਼ਾਹ, ਤਾਲਮੇਲ ਅਤੇ ਰਚਨਾਤਮਕ ਪ੍ਰੋਗਰਾਮਾਂ ਦੀ ਘਾਟ** :- ਭਾਰਤ ਦੇ ਨਿਰਈਸ਼ਵਰਵਾਦੀ, ਤਰਕਸ਼ੀਲ ਕਾਮਿਆਂ ਵਿੱਚ ਕੁੱਝ ਕੁੱਝ ਉਤਸ਼ਾਹ ਦੀ ਘਾਟ ਦਿਖਦੀ ਹੈ। ਉਹਨਾਂ ਕੋਲ ਲੋੜੀਂਦੇ ਨਵੀਨ ਰਚਨਾਤਮਕ ਪ੍ਰੋਗਰਾਮ ਵੀ ਕੁੱਝ ਘੱਟ ਲਗਦੇ ਹਨ। ਇਵੇਂ ਲੱਗਦਾ ਹੈ ਮਾਨੋ ਅਸੀਂ ਉਹਨਾਂ ਲੋਕਾਂ ਨੂੰ ਪ੍ਰਭਾਵਤ ਕਰਨ ਦਾ ਯਤਨ ਕਰ ਰਹੇ ਹਾਂ ਜੋ ਕਿ ਪਹਿਲੋਂ ਹੀ ਪ੍ਰਭਾਵਿਤ ਹਨ। ਇਸ ਤੋਂ ਇਲਾਵਾ ਭਾਰਤ ਦੇ ਵੱਖ-ਵੱਖ ਅਧਾਰਮਿਕ ਸੰਗਠਨਾਂ ਵਿੱਚ ਤਾਲਮੇਲ ਦੀ ਘਾਟ ਵੀ ਨਜ਼ਰ ਆਉਂਦੀ ਹੈ। ਅਰਜ਼ਕ ਸੰਘ ਦਾ ਵਰਕਰ ਏਥੀਸਟ ਸੈਂਟਰ (ਵਿਜੈਵਾੜਾ) ਜਾਂ ਦਰਾਵਿੜ ਕੜਗਮ (ਤਾਮਿਲਨਾਡੂ) ਦੇ ਬਾਰੇ ਵਿਚ ਨਹੀਂ ਜਾਣਦਾ। ਅੰਧ ਸ਼ਰਧਾ ਨਿਰਮੂਲਨ ਸੰਮਤੀ

(ਮਹਾਂਰਾਸ਼ਟਰ) ਦੇ ਵਰਕਰ ਨੂੰ ਇੰਡੀਅਨ ਹਿਊਮਨਿਸਟ ਯੂਨੀਅਨ (ਦਿੱਲੀ) ਦੇ ਬਾਰੇ ਜਾਣਕਾਰੀ ਨਹੀਂ ਹੈ। ਦੂਜੇ ਪਾਸੇ ਤਮਾਮ ਅੰਧਵਿਸ਼ਵਾਸਾਂ, ਮਿੱਥ-ਧਾਰਨਾਵਾਂ ਦੇ ਬਾਵਜੂਦ ਧਾਰਮਿਕ ਲੋਕ ਆਪਣੀਆਂ ਸੰਸਥਾਵਾਂ ਵਿੱਚ ਅਡਿੱਗ ਵਿਸ਼ਵਾਸ ਰੱਖਦੇ ਹਨ। ਉਹ ਸ਼ਰਧਾਪੂਰਵਕ ਆਪਣੇ ਮੱਤ ਦੇ ਨਿਯਮਾਂ ਦਾ ਪਾਲਣ ਕਰਦੇ ਹਨ। ਇਸ ਤਰ੍ਹਾਂ ਨਾਲ ਉਹਨਾਂ ਦੀ ਕਮਜ਼ੋਰੀ ਹੀ ਉਨ੍ਹਾਂ ਦੀ ਤਾਕਤ ਬਣ ਜਾਂਦੀ ਹੈ। ਇਹ ਪ੍ਰੇਰਨਾ ਸਾਨੂੰ ਇਹਨਾਂ ਤੋਂ ਲੈਣੀ ਚਾਹੀਦੀ ਹੈ।

**ਏਕਤਾ ਦੇ ਲਈ ਉਪਾਅ**

1. **ਸਾਂਝਾ ਘੱਟੋ-ਘੱਟ ਪ੍ਰੋਗਰਾਮ** :- ਭਾਰਤ ਦੀਆਂ ਸਾਰੀਆਂ ਅਧਾਰਮਿਕ ਜਥੇਬੰਦੀਆਂ ਨੂੰ ਆਪਣੇ ਛੋਟੇ-ਛੋਟੇ ਮੱਤਭੇਦ ਭੁਲਾਉਂਦੇ ਹੋਏ ਮਿਲਜੁਲ ਕੇ, ਆਪਣਾ ਇੱਕ ਸਾਂਝਾ ਘੱਟੋ-ਘੱਟ ਪ੍ਰੋਗਰਾਮ ਤਿਆਰ ਕਰਨਾ ਚਾਹੀਦਾ ਹੈ। ਉਦਾਹਰਨ ਵਜੋਂ ਸਾਰੇ ਅਧਾਰਮਿਕ ਲੋਕ, ਡਾਰਵਿਨ ਦੇ ਕ੍ਰਮ-ਵਿਕਾਸ ਦੇ ਸਿਧਾਂਤ, ਨੈਤਿਕਤਾ ਅਤੇ ਵਿਗਿਆਨ ਦੇ ਮਹੱਤਵ ਉੱਪਰ ਸਹਿਮਤ ਹੁੰਦੇ ਹਨ। ਅਤੇ ਸਾਰੇ ਪਰਾ-ਭੌਤਿਕਵਾਦ ਨੂੰ ਰੱਦ ਕਰਦੇ ਹਨ। ਉਹਨਾਂ ਨੂੰ ਇਸਦੇ ਆਧਾਰ ਉੱਤੇ ਘੱਟੋ-ਘੱਟ ਸਹਿਮਤੀ ਬਣਾਉਣੀ ਚਾਹੀਦੀ ਹੈ। ਜਿਵੇਂ ਹਿਊਮਨਿਸਟ ਇੰਟਰਨੈਸ਼ਨਲ ਨੇ ਆਪਣੇ ਮੈਂਬਰ-ਸੰਗਠਨਾਂ ਦੇ ਲਈ ਬਣਾਇਆ ਹੈ। ਇਸ ਨਾਲ ਪੂਰੇ ਭਾਰਤ ਦੀਆਂ ਅਧਾਰਮਿਕ ਸੰਸਥਾਵਾਂ ਵਿਚ ਇੱਕਰੂਪਤਾ ਆਏਗੀ। ਇਹਦੇ ਲਈ ਆਪਣੀ ਸੰਸਥਾ ਦਾ ਕਿਸੇ ਸਰਵ ਭਾਰਤੀ ਮਹਾਂਸੰਘ ਵਿਚ ਰਲੇਵਾਂ ਕਰਨ ਦੀ ਵੀ ਜ਼ਰੂਰਤ ਨਹੀਂ ਹੈ। ਆਪਣੀ ਸੰਸਥਾ ਦੀ ਬੁਨਿਆਦੀ ਹੋਂਦ ਨੂੰ ਕਾਇਮ ਰੱਖਦੇ ਹੋਏ ਵੀ ਅਸੀਂ ਇੱਕ ਮੰਚ ਉੱਪਰ ਆ ਸਕਦੇ ਹਾਂ।

ਨਿਰਈਸ਼ਵਰਵਾਦ, ਤਰਕਸ਼ੀਲ, ਮਾਨਵਵਾਦ, ਵਿਗਿਆਨਵਾਦ ਜਾਂ ਸੁਤੰਤਰ-ਚਿੰਤਨ ਆਦਿ ਸਾਰੀਆਂ ਇੱਕ ਦੂਜੇ ਨਾਲ ਮਿਲਦੀਆਂ-ਜੁਲਦੀਆਂ ਵਿਚਾਰਧਾਰਾਵਾਂ ਹਨ। ਮੈਂ ਅਕਸਰ ਇਹਨਾਂ ਨੂੰ "ਭਾਈਚਾਰਕ ਵਿਚਾਰਧਾਰਾਵਾਂ" ਆਖਦਾ ਹੈ। ਯਾਦ ਰਹੇ ਸਾਡੇ ਵਿੱਚ ਸਹਿਮਤੀ ਦੇ ਬਿੰਦੂ ਜ਼ਿਆਦਾ (70% ਤੋਂ 80% ਤੱਕ) ਹਨ। ਇਹਨਾਂ ਦੇ ਮੁਕਾਬਲੇ ਅਸਹਿਮਤੀ ਦੇ ਬਿੰਦੂ ਬਹੁਤ ਘੱਟ ਹਨ। ਇੱਕ ਵਿਅਕਤੀ ਇੱਕ ਹੀ ਸਮੇਂ ਨਿਰਈਸ਼ਵਰਵਾਦੀ, ਤਰਕਸ਼ੀਲ, ਵਿਵੇਕਵਾਦੀ, ਮਾਨਵਵਾਦੀ, ਵਿਗਿਆਨਵਾਦੀ ਜਾਂ ਫਰੀ ਥਿੰਕਰ ਹੋ ਸਕਦਾ ਹੈ। ਇਹ ਸਾਡੀ ਤਾਕਤ ਹੈ ਨਾ ਕਿ ਕਮਜ਼ੋਰੀ। ਅਸੀਂ ਸਾਰੇ ਅਧਾਰਮਿਕ ਲੋਕ ਇੱਕ ਹੀ ਰਸਤੇ ਦੇ ਰਾਹੀਂ ਹਾਂ। ਸਾਡਾ ਇੱਕ ਹੀ ਨਿਸ਼ਾਨਾ ਹੈ – ਧਰਮ ਨਿਰਪੱਖ ਅਤੇ ਵਿਗਿਆਨਿਕ ਦ੍ਰਿਸ਼ਟੀ ਵਾਲੇ ਸਮਾਜ ਦੀ ਉਸਾਰੀ।

2. **ਸਕਾਰਾਤਮਕ ਅਤੇ ਰਚਨਾਤਮਕ ਭੂਮਿਕਾ** :-ਇਹ ਸੱਚਾਈ ਹੈ ਕਿ ਅਧਾਰਮਿਕ ਸੰਸਥਾਵਾਂ ਨੂੰ ਧਰਮ ਦੀਆਂ ਕੁਰੀਤੀਆਂ ਦੀ ਅਲੋਚਨਾ ਕਰਨੀ ਪੈਂਦੀ ਹੈ। ਉਹਨਾਂ ਨੇ ਅਖੌਤੀ ਚਮਤਕਾਰਾਂ, ਪਖੰਡੀ ਬਾਬਿਆਂ ਦੀ ਪੋਲ ਖੋਲਣੀ ਹੁੰਦੀ ਹੈ। ਇਹ ਉਹਨਾਂ ਦੇ ਕਾਰਜ ਖੇਤਰ ਦੀ ਜ਼ਰੂਰਤ ਹੈ। ਪਰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿਤੇ ਸਿਰਫ਼ ਤੇ ਸਿਰਫ਼ ਧਰਮ ਦੀ ਆਲੋਚਨਾ ਪੂਰੀ ਸੰਵਾਦ ਪ੍ਰਕ੍ਰਿਆ ਨੂੰ ਨਕਾਰਾਤਮਕ ਨਾ ਬਣਾ ਦੇਵੇ। ਤਰਕਸ਼ੀਲ ਮਾਨਵਵਾਦੀ ਲੋਕਾਂ ਦੀ ਹਰ ਪਹਿਲ ਸਕਾਰਾਤਮਕ ਅਤੇ ਰਚਨਾਤਮਕ ਹੀ ਹੋਣੀ ਚਾਹੀਦੀ ਹੈ। ਬਿਨ੍ਹਾਂ ਸ਼ੱਕ ਖੇਤ ਤਿਆਰ ਕਰਨ ਲਈ ਹਲ ਚਲਾਉਣਾ, ਘਾਹਬੂਟ ਹਟਾਉਣਾ ਜ਼ਰੂਰੀ ਹੁੰਦਾ ਹੈ। ਪਰ ਸਾਡਾ ਅਸਲੀ ਉਦੇਸ਼ ਚੰਗੇ ਬੀਜ ਬੀਜਣਾ, ਉਹਨੂੰ ਖਾਦ ਪਾਣੀ ਦੇਣਾ ਅਤੇ ਵਧੀਆ ਫਸਲ ਕੱਟਣਾ ਹੁੰਦਾ ਹੈ। ਇਸ ਤਰ੍ਹਾਂ ਹੀ ਅਧਾਰਮਿਕ ਲੋਕਾਂ ਜਾਂ ਸੰਸਥਾਵਾਂ ਨੂੰ ਆਪਣੀਆਂ ਕਦਰਾਂ-ਕੀਮਤਾਂ 'ਤੇ ਅਧਾਰਿਤ ਬੇਹਤਰ ਸਮਾਜ ਦੀ ਸਿਰਜਣਾ ਦੇ ਲਈ ਰਚਨਾਤਮਕ ਭੂਮਿਕਾ ਨਿਭਾਉਣ ਦਾ ਕੰਮ ਕਰਨਾ ਚਾਹੀਦਾ ਹੈ।

3. **ਆਪਸੀ ਸਹਿਯੋਗ ਅਤੇ ਤਾਲਮੇਲ** :- ਭਾਰਤ ਦੀਆਂ ਸਾਰੀਆਂ ਅਧਾਰਮਿਕ ਸੰਸਥਾਵਾਂ ਨੂੰ ਇੱਕ-ਦੂਜੇ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਉੱਤਰ ਭਾਰਤ ਅਤੇ ਦੱਖਣ ਭਾਰਤ ਦੇ ਅਧਾਰਮਿਕ ਸੰਗਠਨਾਂ ਨੂੰ ਆਪਸੀ ਨੇੜਤਾ ਵਧਾਉਣੀ ਚਾਹੀਦੀ ਹੈ। ਇਕ ਦੂਸਰੇ ਦੀਆਂ ਗਤੀਵਿਧੀਆਂ ਦਾ ਪਤਾ ਹੋਣਾ ਚਾਹੀਦਾ ਹੈ ਅਤੇ ਪ੍ਰਾਪਤ ਹੋਈਆਂ ਜਾਣਕਾਰੀਆਂ ਨੂੰ ਸਾਂਝਾ ਕਰਨਾ ਚਾਹੀਦਾ ਹੈ। ਫੀਰਾ (F.I.R.A.) ਨੂੰ ਹੋਰ ਮਜ਼ਬੂਤ ਕਰਨ ਦੀ ਜ਼ਰੂਰਤ ਹੈ। ਇਹ ਕਿਸੇ ਇੱਕ ਵਿਅਕਤੀ ਦਾ ਕੰਮ ਨਹੀਂ ਹੈ ਸਗੋਂ ਸਾਰੇ ਲੋਕਾਂ ਦੀ ਸਮੂਹਿਕ ਜ਼ਿੰਮੇਵਾਰੀ ਹੈ। ਹਰ ਸਾਲ ਭਾਰਤ ਦੇ ਅਲੱਗ-ਅਲੱਗ ਸਥਾਨਾਂ ਉੱਪਰ "ਫੀਰਾ" ਦੇ ਸਲਾਨਾ ਸੰਮੇਲਨ ਕੀਤੇ ਜਾਣੇ ਚਾਹੀਦੇ ਹਨ। ਆਪਸੀ ਭਾਈਚਾਰਾ ਸਿਰਫ਼ ਸ਼ਬਦਾਂ ਤੱਕ ਸੀਮਤ ਨਹੀਂ ਹੋਣਾ ਚਾਹੀਦਾ ਸਗੋਂ ਵਿਹਾਰ ਵਿੱਚ ਵੀ ਝਲਕਣਾ ਚਾਹੀਦਾ ਹੈ। ਸਾਨੂੰ ਸੰਕਟ ਵਿੱਚ ਪਏ ਆਪਣੇ ਵਿਚਾਰਧਾਰਕ ਸਾਥੀਆਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਸੰਸਥਾਵਾਂ ਨੂੰ ਸੰਕਟ ਵਿਚ ਪਏ ਆਪਣੇ ਸਾਥੀਆਂ ਦੀ ਸਮਰੱਥਾ ਅਨੁਸਾਰ ਮਦਦ (ਆਰਥਿਕ, ਕਾਨੂੰਨੀ ਆਦਿ) ਦੀ ਵਿਵਸਥਾ ਕਰਨੀ ਚਾਹੀਦੀ ਹੈ ਤਾਂ ਹੀ ਵਿਚਾਰਧਾਰਕ ਲੋਕਾਂ ਦਾ ਮਨੋਬਲ ਵਧੇਗਾ। ਕੋਈ ਵੀ-ਸਮਾਨ ਵਿਚਾਰਧਾਰਾ ਵਾਲਾ ਵਿਅਕਤੀ ਖ਼ੁਦ ਨੂੰ ਇਕੱਲਾ ਨਾ ਮਹਿਸੂਸ ਕਰੇ ਇਸਦਾ ਖਿਆਲ ਰੱਖਣਾ ਚਾਹੀਦਾ ਹੈ।

4. **ਕਾਰਜਸ਼ੀਲਤਾ** :- ਸਾਡੀਆਂ ਸੰਸਥਾਵਾਂ ਨੂੰ ਨਵੇਂ ਵਰਕਰਾਂ ਨੂੰ ਆਪਣੇ ਨਾਲ ਜੋੜਨ ਦੀ ਜ਼ਰੂਰਤ ਹੁੰਦੀ ਹੈ।

ਇਹਦੇ ਲਈ ਨਵਵਿਚਾਰ (Innovation) ਪੈਦਾ ਕਰਨ ਦੀ ਜ਼ਰੂਰਤ ਹੈ। ਲੜਕੇ-ਲੜਕੀਆਂ ਨੂੰ ਜੋੜਣ ਲਈ ਰੌਚਿਕ ਪ੍ਰੋਗਰਾਮ ਕਰਨੇ ਜ਼ਰੂਰੀ ਹਨ। ਇਹਦੇ ਲਈ ਨੀਰਸ ਮੀਟਿੰਗਾਂ ਜਾਂ ਸੈਮੀਨਾਰ ਕੰਮ ਨਹੀਂ ਕਰਨਗੇ। ਬੱਚਿਆਂ ਲਈ ਖੇਡ ਅਧਾਰਿਤ ਗਤੀਵਿਧੀਆਂ, ਨੌਜਵਾਨਾਂ ਦੀ ਸਰਗਰਮ ਹਿੱਸੇਦਾਰੀ ਦੇ ਲਈ ਵਿਸ਼ੇਸ਼ ਮੁੱਦਿਆਂ (ਕੁਰੀਤੀਆਂ, ਨਸ਼ੇ, ਦਮਨਕਾਰੀ ਕਾਨੂੰਨ ਆਦਿ) ਉੱਪਰ ਜਨ ਮੁਹਿੰਮ, ਜਾਗਰੂਕਤਾ ਰੈਲੀ, ਮੋਟਰ ਸਾਈਕਲ ਰੈਲੀ, ਪੁਸਤਕ ਮੇਲਾ, ਨੁੱਕੜ ਨਾਟਕ, ਮਿਊਜ਼ੀਅਮ ਜਾਂ ਚਿੜੀਆਘਰ ਦੀ ਸੈਰ, ਸਟੱਡੀ ਸੈਂਟਰ, ਸਮਰ ਕੈਂਪ ਆਦਿ ਨਵੇਂ-ਨਵੇਂ ਢੰਗ ਅਪਣਾਉਣੇ ਚਾਹੀਦੇ ਹਨ। ਯੁਵਕਾਂ ਦੀ ਰਾਇ ਲੈ ਕੇ ਉਹਨਾਂ ਦੀਆਂ ਰੁਚੀਆਂ ਅਤੇ ਜ਼ਰੂਰਤਾਂ ਅਨੁਸਾਰ ਪ੍ਰੋਗਰਾਮ ਤਿਆਰ ਕਰਨੇ ਚਾਹੀਦੇ ਹਨ। ਯਾਦ ਰੱਖਣਾ ਚਾਹੀਦਾ ਹੈ ਕਿ ਕਿਸੇ ਪਿਰਾਮਿਡ ਵਾਂਗ ਕਿਸੇ ਵੀ ਸੰਸਥਾ ਦੀ ਰਚਨਾ ਦੀ ਉਸਾਰੀ ਨੀਂਹ ਤੋਂ ਸ਼ੁਰੂ ਹੁੰਦੀ ਹੈ। ਇਸ ਲਈ ਜ਼ਰੂਰੀ ਹੈ ਕਿ ਲੋਕਲ ਯੂਨਿਟਾਂ ਨੂੰ ਮਜਬੂਤੀ ਪ੍ਰਦਾਨ ਕੀਤੀ ਜਾਵੇ।

ਉਪਰੋਕਤ ਸੁਝਾਅ ਸਥਾਨਕ ਇਕਾਈਆਂ ਨੂੰ ਮਜ਼ਬੂਤ ਕਰਨ ਦਾ ਕੰਮ ਕਰਨਗੇ। ਅੱਗੇ ਚੱਲ ਕੇ ਲੋਕਲ ਯੂਨਿਟ ਤਹਿਸੀਲ, ਜ਼ਿਲ੍ਹਾ, ਸੂਬੇ ਦੀਆਂ ਇਕਾਈਆਂ ਨੂੰ ਮਜਬੂਤੀ ਪ੍ਰਦਾਨ ਕਰਨਗੇ। ਕੋਈ ਸਵਾਲ ਉਠਾ ਸਕਦਾ ਹੈ ਕਿ ਇਹਦੇ ਲਈ ਤਾਂ ਬਹੁਤ ਸਾਰੇ ਵਰਕਰ ਚਾਹੀਦੇ ਹਨ ਜੋ ਸਾਡੇ ਕੋਲ ਨਹੀਂ ਹਨ। ਬਿਨ੍ਹਾਂ ਸ਼ੱਕ ਆਪਣੇ ਆਪ ਆ ਜਾਣਗੇ ਜੇ ਅਸੀਂ ਆਪਣਾ ਕੰਮ ਗੰਭੀਰਤਾ ਅਤੇ ਈਮਾਨਦਾਰੀ ਨਾਲ ਬਿਨਾਂ ਥੱਕੇ ਸ਼ੁਰੂ ਕਰੀਏ। ਇਹ ਇਕ ਤਰ੍ਹਾਂ ਦਾ ਸਾਈਕਲ (Cycle) ਹੈ। ਹਰੇਕ ਪ੍ਰੋਜੈਕਟ ਵਿੱਚ ਸਾਨੂੰ ਨਵੇਂ-ਨਵੇਂ ਵਰਕਰ ਮਿਲਣਗੇ ਅਤੇ ਫਿਰ ਉਹਨਾਂ ਵਰਕਰਾਂ ਦੇ ਬਲ ਨਾਲ ਨਵੇਂ ਪ੍ਰੋਜੈਕਟ ਸ਼ੁਰੂ ਕਰਨੇ ਸੰਭਵ ਹੋਣਗੇ। ਇਸ ਵਿਚ ਸਮਾਂ ਜ਼ਰੂਰ ਲੱਗੇਗਾ। ਇਹਦੇ ਲਈ ਸਾਨੂੰ ਇੰਤਜ਼ਾਰ ਕਰਨਾ ਪਵੇਗਾ। ਇਹ ਇਕ ਸਥਾਪਤ ਸਚਾਈ ਹੈ।

**ਅੰਤ** :- ਸਾਰੇ ਅਧਾਰਮਿਕ ਲੋਕਾਂ ਵਿੱਚ ਏਕਤਾ ਸਮੇਂ ਦੀ ਜ਼ਰੂਰਤ ਹੈ। ਇਹ ਚੁਣੌਤੀਪੂਰਨ ਸਮਾਂ ਹੈ। ਭਾਰਤ ਦੀ ਧਰਮ ਨਿਰਪੱਖ ਪਰੰਪਰਾ ਉੱਪਰ ਆਂਚ ਆ ਰਹੀ ਹੈ। ਫਿਰਕੂ ਤਾਕਤਾਂ ਪੂਰੇ ਤਾਣੇ-ਬਾਣੇ ਉੱਪਰ ਪ੍ਰਭੂਤੱਵ ਜਮਾਉਣ ਲੱਗੀਆਂ ਹੋਈਆਂ ਹਨ। ਉਹ ਸਭ ਕੁਝ ਦਾਅ ਉੱਪਰ ਲੱਗਿਆ ਹੋਇਆ ਹੈ ਜਿਹਦੇ ਲਈ ਅਸੀਂ ਸੰਘਰਸ਼ਸ਼ੀਲ ਹਾਂ। ਚਾਹੇ ਉਹ ਧਰਮ ਨਿਰੱਪਖਤਾ ਹੋਵੇ, ਵਿਗਿਆਨਿਕ ਸੋਚ ਹੋਵੇ ਜਾਂ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ। ਚੁਣੌਤੀ ਬਹੁਤ ਗੰਭੀਰ ਹੈ ਅਤੇ ਸਾਡੇ ਕੋਲ ਕੋਈ ਬਦਲ ਵੀ ਨਹੀਂ ਹੈ। ਆਪਣੇ ਇਹਨਾਂ ਜੀਵਨ ਮੁੱਲਾਂ ਦੇ ਲਈ ਲੜਨ ਦੇ ਨਾਲ ਏਕਤਾ ਵੀ ਓਨੀ ਹੀ ਜਰੂਰੀ ਹੈ। ਏਕਤਾ ਵਿਚ ਬਲ ਹੈ। ਅਸੀਂ ਇੱਕ ਰਹਾਂਗੇ ਤਾਂ ਟਿਕੇ ਰਹਾਂਗੇ ਵਰਨਾ ਮਿਟ ਜਾਵਾਂਗੇ।

*(ਲੇਖਕ ਆਰ.ਐੱਸ.ਐੱਸ ਦਾ ਸਾਬਕਾ ਕਾਰਕੁੰਨ ਹੈ)*

**ਪੰਜਾਬੀ ਅਨੁਵਾਦ - ਪਾਲ ਬਾਗਪੁਰ**
**94173 13738**

---

***ਪੰਨਾ 38 ਦਾ ਬਾਕੀ...***

ਪੁੱਤਰ ਦੇ ਆਉਂਦਿਆਂ ਹੀ ਅਸਾਂ ਦੋ ਅਜਿਹੀਆਂ ਮਿਲ ਬੈਠਣੀਆਂ ਉਰਫ਼ ਸੋਗ ਸਭਾਵਾਂ ਕਰ ਲਈਆਂ। ਇਕ ਏਧਰ ਘਰ ਦੇ ਨਜ਼ਦੀਕ ਕਲਾ ਗਰਾਮ ਵਿਚ ਤੇ ਦੂਸਰੀ ਹਰੀਕੇ ਦੀ ਹਵੇਲੀ ਵਿਚ। ਦੋਵੇਂ ਜਗ੍ਹਾ ਅਸਾਂ ਆਪਣੇ ਪਿਆਰੇ ਨੂੰ ਯਾਦ ਕੀਤਾ ਤੇ ਰਸਮਾਂ ਰਿਵਾਜ਼ਾਂ ਬਾਰੇ ਆਪਣੀ ਆਵਾਜ਼ ਵੀ ਉਠਾਈ। ਕਲਾ ਗਰਾਮ ਵਿਚ ਤਰਕਸ਼ੀਲ ਲਹਿਰ ਵੱਲੋਂ ਜਸਵੰਤ ਮੁਹਾਲੀ ਵੀ ਹਾਜ਼ਰ ਹੋਏ ਤੇ ਹਾਜਰੀਨ ਨੂੰ ਵਿਗਿਆਨਕ ਸੋਚ ਧਾਰਨ ਦੀ ਪੈਰਵੀ ਕੀਤੀ। ਇਹਨਾਂ ਦੋਹਾਂ ਇਕੱਠਾਂ ਨਾਲ ਸਾਨੂੰ ਪਿਓ ਪੁੱਤਰ ਨੂੰ ਬਹੁਤ ਵੱਡਾ ਸਕੂਨ ਮਿਲਿਆ। 'ਬਣੀਆਂ ਬਣਾਈਆਂ' ਰਸਮਾਂ ਦੇ ਸਾਡੇ ਵੱਲੋਂ ਤਿਆਗ ਦਾ ਖ਼ੁਸ਼ ਗਵਾਰ ਹੁੰਗਾਰਾ ਮਿਲਿਆ।

ਇੱਕ ਸੁਖਾਵੇਂ ਮਾਹੌਲ ਵਿਚ ਹੀ ਕਿਧਰੇ ਮੇਰੀ ਘਰ ਵਾਲੀ ਨੇ ਪੁੱਛਿਆ ਸੀ, "ਤੈਨੂੰ ਪਤਾ, ਤੇਰੇ ਘਰ ਵੜਦਿਆਂ ਹੀ ਮੈਨੂੰ ਕੀ ਮਿਲਿਆ ਸੀ?" ਮੈਨੂੰ ਸਮਝ ਨਹੀਂ ਲੱਗੀ ਤਾਂ ਉਸ ਕਿਹਾ- "ਧੱਕੇ ਮਿਲੇ ਸਨ।" ਹੋਇਆ ਇਹ ਕਿ ਮੇਰੇ ਵਿਆਹ ਵੇਲੇ ਡੋਲੇ ਵਾਲੀ ਜੀਪ ਸਾਡੇ ਘਰ ਲਾਗੇ ਵੱਡੀ ਗਲੀ ਵਿਚ ਜਾ ਰੁਕੀ। ਅਸੀਂ ਦੋਵੇਂ ਰਵਾਂ ਰਵੀਂ ਘਰ ਦੇ ਅੰਦਰ ਚਲੇ ਗਏ। ਇਕ ਬੀਬੀ ਨੇ ਅਚਾਨਕ ਦੇਖ ਲਿਆ ਕਿ ਇਹ ਤਾਂ ਵਹੁਟੀ ਆ ਗਈ ਹੈ। ਉਸ ਨੇ ਦੌੜ ਕੇ ਮੇਰੀ ਘਰ ਵਾਲੀ ਨੂੰ ਮੋਢਿਓ ਫੜ੍ਹਿਆ ਤੇ ਬਾਹਰ ਨੂੰ ਧੱਕਦੀ ਦਰਵਾਜ਼ੇ ਤੋਂ ਬਾਹਰ ਲੈ ਗਈ। ਫਿਰ ਰੌਲਾ ਪਾਇਆ ਕਿ ਕੋਈ ਤੇਲ ਚੋਵੇ।

ਇਸ ਦਾ ਅਚੇਤ ਜਵਾਬ ਮੇਰੀ ਘਰ ਵਾਲੀ ਨੇ ਆਪਣੀ ਨੂੰਹ ਦੇ ਆਉਣ ਵੇਲੇ ਦਿੱਤਾ। ਕੋਈ ਤੇਲ ਨਹੀਂ ਚੋਇਆ, ਪਾਣੀ ਨਹੀਂ ਵਾਰਿਆ, ਚੌਲ ਨਹੀਂ ਰੁੜ੍ਹਵਾਏ, ਸਿਰਫ਼ ਘੁੱਟ ਕੇ ਜੱਫੀ ਪਾ ਕੇ ਕਿਹਾ, "ਸਾਡੀ ਅਨੂ ਆਪਣੇ ਘਰ ਆ ਗਈ ਹੈ।" ਅਸਾਂ ਇੱਧਰ ਓਧਰ ਮੱਥੇ ਟੇਕਣ ਵਗੈਰਾ ਦੀ ਵੀ ਕੋਈ ਰਸਮ ਨਹੀਂ ਕੀਤੀ।

ਇਸ ਲੇਖ ਨੂੰ ਸਮੇਟਦਾ ਹੁਣ ਮੈਂ ਉਹਨੂੰ ਕਹਿਣਾ ਚਾਹੁੰਦਾ ਹਾਂ : "ਰਸਮਾਂ ਦਾ ਖੰਡਨ ਜਿਤਨਾ ਹੋ ਸਕਿਆ, ਕਰ ਕੇ ਮੈਂ ਤੇ ਤੇਰੇ ਪੁੱਤਰ ਨੇ ਤੈਨੂੰ ਮਿਲੇ ਧੱਕਿਆਂ ਦਾ ਮੋੜ ਦੇ ਦਿੱਤਾ ਈ।"

**98783-75903**

# ਸੁੱਲੀ-ਬੁੱਲੀ ਐਪ-ਇੱਕ ਫਾਸ਼ੀ ਮੁਹਿੰਮ



**ਐੱਮ. ਅਸੀਮ**

ਮੁੰਬਈ ਪੁਲਿਸ ਅਸਮ ਤੋਂ ਬੁੱਲੀਬਾਈ ਮਾਮਲੇ ਦੇ ਇੱਕ ਸ਼ੱਕੀ ਨੂੰ ਗ੍ਰਿਫਤਾਰ ਕਰਨ ਜਾ ਰਹੀ ਸੀ ਕਿ ਉਸ ਤੋਂ ਇੱਕ ਘੰਟਾ ਪਹਿਲਾਂ ਹੀ ਦਿੱਲੀ ਪੁਲਿਸ ਨੇ ਪਹੁੰਚ ਕੇ ਉਸ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ। ਦਿੱਲੀ ਪੁਲਿਸ ਮੁਤਾਬਿਕ ਨੀਰਜ-ਬਿਸ਼ਨੋਈ ਉਸ ਬੁੱਲੀ ਬਾਈ ਐਪ ਮਾਮਲੇ ਦਾ ਮਾਸਟਰ ਮਾਈਂਡ ਹੈ ਜਿਸ ਦੇ ਜ਼ਰੀਏ 200 ਤੋਂ ਵੱਧ ਮੁਸਲਿਮ ਔਰਤਾਂ ਦੀਆਂ ਫੋਟੋਆਂ ਗਿਟਹਬ ਨਾਮੀ ਐਪ ਡਵੈਲਪਰ ਸਾਈਟ 'ਤੇ ਪਾ ਕੇ ਉਹਨਾਂ ਨੂੰ ਸੈਕਸ ਅਬਜੈਕਟ (Sex Object) ਦੇ ਰੂਪ ਵਿੱਚ ਬੇਇੱਜ਼ਤ ਕਰਕੇ, ਯੌਨ-ਹਿੰਸਾ ਦਾ ਨਿਸ਼ਾਨਾ ਬਨਾਉਣ ਅਤੇ ਉਹਨਾਂ ਦੀ ਬੋਲੀ ਲਗਾ ਕੇ ਨਿਲਾਮੀ ਕਰਨ ਦਾ ਆਯੋਜਨ ਕੀਤਾ ਗਿਆ ਸੀ। ਇਹਨਾਂ ਔਰਤਾਂ ਵਿੱਚ ਪ੍ਰਮੁੱਖ ਪੱਤਰਕਾਰ, ਸਮਾਜਿਕ- ਰਾਜਨੀਤਕ ਕਾਰਕੁੰਨ, ਵਕੀਲ, ਬੁੱਧੀਜੀਵੀ ਆਦਿ ਸ਼ਾਮਲ ਹਨ। ਇਹ ਸਭ ਮੁਸਲਿਮ ਔਰਤਾਂ ਮੋਦੀ ਸਰਕਾਰ ਅਤੇ ਬੀਜੇਪੀ ਸੰਘ ਦੀ ਫਾਸ਼ੀਵਾਦੀ ਮੁਹਿੰਮ ਦੇ ਖਿਲਾਫ਼ ਬੋਲਦੀਆਂ ਹਨ ਅਤੇ ਫਾਸ਼ੀ ਗਿਰੋਹਾਂ ਵੱਲੋਂ ਮੁਸਲਿਮ ਘੱਟ ਗਿਣਤੀਆਂ, ਖਾਸ ਤੌਰ 'ਤੇ ਮੁਸਲਿਮ ਔਰਤਾਂ ਦੇ ਅਧਿਕਾਰਾਂ 'ਤੇ ਵਧਦੇ ਹਮਲਿਆਂ-ਅਪਰਾਧਾਂ ਖਿਲਾਫ਼ ਦ੍ਰਿੜਤਾ ਨਾਲ ਆਵਾਜ਼ ਉਠਾਉਂਦੀਆਂ ਹਨ। ਇਸ ਤੋਂ ਦੋ ਦਿਨ ਬਾਅਦ ਹੀ ਦਿੱਲੀ ਪੁਲਿਸ ਨੇ ਓਂਕਾਰੇਸ਼ਵਰ ਠਾਕੁਰ ਨਾਮ ਦੇ ਇੱਕ ਹੋਰ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਜਿਸ ਨੂੰ ਉਸ ਨੇ ਕਈ ਮਹੀਨੇ ਪਹਿਲਾਂ ਅਜਿਹੇ ਹੀ ਇੱਕ ਹੋਰ ਮੁਸਲਿਮ ਔਰਤਾਂ ਪ੍ਰਤੀ ਨਫ਼ਰਤ ਅਤੇ ਯੌਨ ਹਿੰਸਾ ਫੈਲਾਉਣ ਵਾਲੇ ਸੁੱਲੀ ਡੀਲਸ ਐਪ ਦਾ ਮਾਸਟਰ ਮਾਈਂਡ ਦੱਸਿਆ ਹੈ। ਸਵਾਲ ਉੱਠਦਾ ਹੈ ਕਿ ਸੁੱਲੀ ਡੀਲਸ 'ਤੇ ਪੀੜਤ ਔਰਤਾਂ ਵੱਲੋਂ ਸ਼ਿਕਾਇਤ ਦਰਜ ਕਰਵਾਉਣ ਦੇ ਬਾਅਦ ਐਨੇ ਮਹੀਨੇ ਤੋਂ ਬਿਲਕੁਲ ਹੱਥ 'ਤੇ ਹੱਥ ਧਰੀ ਬੈਠੀ ਦਿੱਲੀ ਪੁਲਿਸ ਅਚਾਨਕ ਐਨੀ ਤੇਜ਼ੀ ਨਾਲ ਸਰਗਰਮ ਕਿਵੇਂ ਹੋ ਗਈ ਅਤੇ ਕਿਉਂ ਹੋ ਗਈ ?

ਅਸਲ ਵਿਚ 31 ਦਸੰਬਰ 2021 ਨੂੰ ਬੁੱਲੀਬਾਈ ਐਪ ਮਾਮਲੇ ਦੀ ਗੱਲ ਫੈਲਣ ਅਤੇ ਉਸ 'ਤੇ ਵੱਡੇ ਪੱਧਰ 'ਤੇ ਰੋਸ ਅਤੇ ਵਿਰੋਧ ਪ੍ਰਗਟਾਏ ਜਾਣ ਦੇ ਬਾਵਜੂਦ ਵੀ ਕੇਂਦਰੀ ਸਰਕਾਰ ਅਤੇ ਖ਼ੁਦ ਕੇਂਦਰੀ ਗ੍ਰਹਿ ਮੰਤਰੀ ਦੇ ਕੰਟਰੋਲ ਵਿਚ ਕੰਮ ਕਰਨ ਵਾਲੀ ਦਿੱਲੀ ਪੁਲਿਸ ਕਿਸੇ ਕਾਰਵਾਈ ਲਈ ਤਿਆਰ ਨਹੀਂ ਸੀ ਪਰ 2 ਜਨਵਰੀ ਨੂੰ ਮੁੰਬਈ ਪੁਲਿਸ ਨੇ ਇਸ ਆਧਾਰ 'ਤੇ ਰਿਪੋਰਟ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਸੀ ਕਿ ਇਸ ਨਾਲ ਨਿਸ਼ਾਨਾ ਬਣੀਆਂ ਕੁਝ ਔਰਤਾਂ ਮੁੰਬਈ ਦੀਆਂ ਨਿਵਾਸੀ ਸਨ ਅਤੇ ਉਹਨਾਂ ਨੇ ਉੱਥੋਂ ਸ਼ਿਕਾਇਤ ਕੀਤੀ ਸੀ। ਮੁੰਬਈ ਪੁਲਿਸ ਨੇ ਦੋ ਦਿਨ ਵਿਚ ਹੀ ਜਾਂਚ ਨੂੰ ਅੱਗੇ ਵਧਾਉਂਦੇ ਹੋਏ ਗ੍ਰਿਫਤਾਰੀਆਂ ਵੀ ਸ਼ੁਰੂ ਕਰ ਦਿੱਤੀਆਂ। ਪਹਿਲਾਂ ਵਿਸ਼ਾਲ ਝਾਅ ਦੀ ਗ੍ਰਿਫਤਾਰੀ ਹੋਈ, ਫਿਰ ਸ਼੍ਰੇਤਾ ਸਿੰਘ ਅਤੇ ਮੰਯਕ ਰਾਵਤ ਨੂੰ ਵੀ ਗ੍ਰਿਫਤਾਰ ਕੀਤਾ ਗਿਆ।

ਇਸ ਨਾਲ ਇਹ ਜੋਖ਼ਮ ਪੈਦਾ ਹੋ ਗਿਆ ਕਿ ਮੁੰਬਈ ਪੁਲਿਸ ਇਸ ਵਿੱਚ ਸ਼ਾਮਲ ਅਪਰਾਧੀਆਂ ਨੂੰ ਗ੍ਰਿਫਤਾਰ ਕਰਕੇ ਇਸ ਦੇ ਲਈ ਜ਼ਿੰਮੇਵਾਰ ਸਾਰੇ ਸਾਜ਼ਿਸ਼ੀਆਂ ਦਾ ਪਤਾ ਲਗਾ ਲਵੇਗੀ। ਇਸ ਲਈ ਇਹ ਜ਼ਰੂਰੀ ਹੋ ਗਿਆ ਕਿ ਦਿੱਲੀ ਪੁਲਿਸ ਸਮਾਨਅੰਤਰ ਜਾਂਚ ਚਲਾ ਕੇ ਇਸ ਵਿਚ ਸ਼ਾਮਿਲ ਅਜਿਹੇ ਮੁਲਜਿਮਾਂ ਨੂੰ ਗ੍ਰਿਫਤਾਰ ਕਰ ਲਵੇ ਜਿਹਨਾਂ ਦੇ ਮੁੰਬਈ ਪੁਲਿਸ ਦੀ ਗ੍ਰਿਫਤ ਵਿਚ ਜਾਣ 'ਤੇ ਕਈ ਰਾਜ ਜਾਹਰ ਹੋ ਸਕਦੇ ਹਨ। ਦਿੱਲੀ ਪੁਲਿਸ ਦੀਆਂ ਇਹਨਾਂ ਗ੍ਰਿਫਤਾਰੀਆਂ ਕਾਰਣ ਮੁੰਬਈ ਪੁਲਿਸ ਦੀ ਜਾਂਚ ਵਿਚ ਅੜੰਗਾ ਪੈ ਗਿਆ, ਜੋ ਅਪਰਾਧੀਆਂ ਨੂੰ ਸਜ਼ਾ ਤੋਂ ਬਚਾਉਣ ਵਿਚ ਮਦਦ ਕਰ ਸਕਦਾ। ਹੋਰ ਕਈ ਗੱਲਾਂ 'ਤੇ ਵੀ ਗੌਰ ਕਰਨੀ ਬਣਦੀ ਹੈ।

ਜਦੋਂ ਹੀ ਇਹ ਗ੍ਰਿਫਤਾਰੀਆਂ ਸ਼ੁਰੂ ਹੋਈਆਂ, ਪੁਲਿਸ ਅਫਸਰਾਂ ਤੋਂ ਲੈ ਕੇ ਸੰਘ ਸਮਰਥਕ ਪੱਤਰਕਾਰਾਂ / ਬੁੱਧੀਜੀਵੀਆਂ ਤੱਕ ਨੇ ਇਹਨਾਂ ਨੂੰ ਨੌਜਵਾਨ, ਬੱਚੇ, ਨਾ-ਪਰਪੱਕ ਆਦਿ ਕਹਿੰਦੇ ਹੋਏ ਇਹ ਪ੍ਰਚਾਰ ਮੁਹਿੰਮ ਛੇੜ ਦਿੱਤੀ ਕਿ ਇਸ ਘਟਨਾ ਵਿਚ ਕੋਈ ਅਸਲੀ ਹਿੰਸਾ ਨਹੀਂ ਹੋਈ ਹੈ, ਇਹ ਤਾਂ ਸਿਰਫ਼ ਇੱਕ ਸਾਈਬਰ ਅਪਰਾਧ ਹੈ, ਸਿਰਫ਼ ਮਜ਼ਾਕ ਕਰਦੇ ਹੋਏ ਨਾ ਸਮਝੀ ਵਿਚ ਗਲਤੀ ਹੋ ਗਈ ਹੈ, ਸਖ਼ਤ ਸਜ਼ਾ ਦੇ ਕੇ ਇਹਨਾਂ ਦੀ ਜ਼ਿੰਦਗੀ ਬਰਬਾਦ ਕਰਨਾ ਠੀਕ ਨਹੀਂ।

ਵਿਸ਼ੇਸ਼ ਤੌਰ 'ਤੇ ਇਸ ਮਾਮਲੇ ਦੀ ਜਾਂਚ ਨਾਲ ਕੋਈ ਸੰਬੰਧ ਨਾ ਰੱਖਣ ਵਾਲੇ ਉਤਰਾਖੰਡ ਪੁਲਿਸ ਦੇ ਇੱਕ ਉੱਚ ਅਫ਼ਸਰ ਨੇ ਸ਼੍ਰੇਤਾ ਸਿੰਘ ਦੇ ਪੱਖ ਵਿਚ ਇਹ ਬਿਆਨ ਦਿੰਦੇ ਹੋਏ ਹਮਦਰਦੀ ਪ੍ਰਗਟਾਈ ਕਿ ਉਹ ਬਹੁਤ ਗਰੀਬ ਪਰਿਵਾਰ ਵਿੱਚੋਂ ਹੈ ਅਤੇ ਉਸ ਦੇ ਮਾਤਾ ਪਿਤਾ ਦੋਵੇਂ ਹੀ ਕੋਵਿਡ ਦੌਰਾਨ ਮਰ ਗਏ। ਕਈ ਹੋਰ ਗੱਲਾਂ ਵੀ ਫੈਲਾਈਆਂ ਜਾ ਰਹੀਆਂ ਹਨ ਕਿ ਇਹ ਆਦਮੀ ਪੋਰਨ ਵੇਖਣ ਦੇ ਆਦੀ ਹਨ, ਇਸੇ ਵਜਹ

ਕਰਕੇ ਇਹਨਾਂ ਨੇ ਕੁੱਝ ਔਰਤਾਂ ਨੂੰ ਨਿਸ਼ਾਨੇ 'ਤੇ ਲੈ ਕੇ ਐਪ ਬਣਾਏ। ਇਸ ਦੇ ਪਿੱਛੇ ਕੋਈ ਵੱਡਾ ਅਪਰਾਧਕ ਇਰਾਦਾ ਨਹੀਂ ਲੱਗਦਾ। ਪਰ ਸਵਾਲ ਇਹ ਹੈ ਕਿ ਨਿਸ਼ਾਨਾ ਸਿਰਫ਼ ਮੁਸਲਿਮ ਔਰਤਾਂ ਹੀ ਕਿਉਂ ਬਣੀਆਂ ? ਲਗਦਾ ਹੈ ਕਿ ਔਰਤਾਂ ਦੇ ਮਾਧਿਅਮ ਰਾਹੀਂ ਪੂਰੇ ਮੁਸਲਿਮ ਭਾਈਚਾਰੇ ਨੂੰ ਬੇਇੱਜ਼ਤ ਕਰਕੇ ਨੀਚਾ ਦਿਖਾਉਣ ਦੀ ਮਾਨਸਿਕਤਾ ਅਧੀਨ ਇਹ ਘਟੀਆ ਕੰਮ ਕੀਤਾ ਗਿਆ ਹੈ।

ਸਿਰਫ਼ ਸਾਈਬਰ ਅਪਰਾਧ ਦੀ ਗੱਲ ਤਾਂ ਇਸ ਨਾਲ ਵੀ ਗਲਤ ਸਿੱਧ ਹੋ ਜਾਂਦੀ ਹੈ ਕਿ ਬੁੱਲੀਬਾਈ ਐਪ ਦਾ ਪ੍ਰਸਾਰ ਕਰਨ ਲਈ ਜੋ ਟਵਿੱਟਰ ਹੈਂਡਲ ਬਣਾਏ ਗਏ ਸੀ, ਉਨ੍ਹਾਂ ਵਿਚ ਅਜਿਹਾ ਯਤਨ ਕੀਤਾ ਗਿਆ ਸੀ ਕਿ ਇਨ੍ਹਾਂ ਪਿੱਛੇ ਕੋਈ ਸਿੱਖ ਫਿਰਕੇ ਦਾ ਵਿਅਕਤੀ ਹੈ ਜਿਸਦੀ ਲੋਕੇਸ਼ਨ ਕੈਨੇਡਾ ਵਿਖਾਈ ਗਈ ਸੀ। ਪਰ ਮੁੰਬਈ ਪੁਲਿਸ ਦੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਸਾਰੇ ਹੈਂਡਲ/ਆਈ ਡੀ ਬੈਂਗਲੁਰੂ ਦੇ ਇੰਜਨੀਅਰਿੰਗ ਵਿਦਿਆਰਥੀ ਵਿਸ਼ਾਲ ਝਾਅ ਨੇ ਹੀ ਬਣਾਏ ਸਨ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਪੂਰੀ ਸਾਜਿਸ਼ ਬਹੁਤ ਸੋਚੀ-ਸਮਝੀ ਸੀ। ਇੱਕ ਫਿਰਕੇ ਨੂੰ ਬੇਇੱਜ਼ਤ ਕਰਨ ਦੇ ਨਾਲ ਦੋ ਫਿਰਕਿਆਂ (ਸਿੱਖਾਂ ਅਤੇ ਮੁਸਲਮਾਨਾਂ) ਵਿਚ ਨਫ਼ਰਤ ਅਤੇ ਫਿਰਕੂ ਰੰਜਿਸ਼ ਪੈਦਾ ਕਰਨ ਦੀ ਵੀ ਸੀ।

ਇੱਕ ਗੱਲ ਇਹ ਵੀ ਹੈ ਕਿ ਮੁੰਬਈ ਅਤੇ ਦਿੱਲੀ ਪੁਲਿਸ ਦੋਵਾਂ ਦੀ ਜਾਂਚ ਦੀ ਜੋ ਰਿਪੋਰਟ ਮੀਡੀਆ ਵਿਚ ਆਈ ਹੈ, ਉਸ ਅਨੁਸਾਰ ਗ੍ਰਿਫਤਾਰ ਸਾਰੇ ਵਿਅਕਤੀ 'ਟ੍ਰੈਡ ਮਹਾਂਸਭਾ' ਨਾਮ ਦੇ ਇੱਕ ਗਰੁੱਪ ਦੇ ਮੈਂਬਰ ਸਨ ਅਤੇ ਇਸ ਗਰੁੱਪ ਵਿਚ ਗੱਲ ਕਰਕੇ ਹੀ ਠਾਕੁਰ, ਬਿਸ਼ਨੋਈ ਆਦਿ ਨੇ ਸੁੱਲੀ ਡੀਲਸ ਨਾਮੀ ਐਪ ਬਣਾਇਆ ਸੀ। ਬਾਅਦ ਵਿੱਚ ਇਸੇ ਐਪ ਦਾ ਸੋਰਸ ਕੋਡ ਵਰਤ ਕੇ ਨਵਾਂ ਐਪ ਬਣਾਇਆ ਗਿਆ।

ਟ੍ਰੈਡ ਸ਼ਬਦ ਅੰਗਰੇਜ਼ੀ ਦੇ Traditional ਸ਼ਬਦ ਤੋਂ ਬਣਿਆ ਲਗਦਾ ਹੈ, ਜਿਸ ਦਾ ਅਰਥ ਹੁੰਦਾ ਹੈ - ਰਵਾਇਤੀ/ ਪ੍ਰੰਪਰਾਵਾਦੀ। ਇਹ ਇਸ ਤਰ੍ਹਾਂ ਇਸ਼ਾਰਾ ਕਰਦਾ ਹੈ ਕਿ ਇਹ ਗਰੁੱਪ ਉਹਨਾਂ ਲੋਕਾਂ ਦਾ ਹੈ ਜੋ ਪ੍ਰੰਪਰਾਵਾਦੀ ਵਰਣ ਜਾਤੀ ਪ੍ਰਬੰਧ ਦੇ ਕੱਟੜ ਸਮਰਥਕ ਹਨ।

ਕੁੱਝ ਲੋਕ ਇਹ 'ਤਰਕ' ਵੀ ਦੇ ਰਹੇ ਹਨ ਕਿ ਭਾਰਤ ਯੌਨ-ਮਾਨਸਿਕਤਾ ਵਿਚ ਗ੍ਰਸਿਤ ਸਮਾਜ ਹੈ। ਇੱਥੇ ਸਕੂਲਾਂ, ਕਾਲਜਾਂ, ਦਫ਼ਤਰਾਂ ਅਤੇ ਹੋਰ ਅਨੇਕਾਂ ਹੀ ਜਨਤਕ ਥਾਵਾਂ 'ਤੇ ਭਿਆਨਕ ਔਰਤ ਵਿਰੋਧੀ ਮਾਨਸਿਕਤਾ ਹੋਣ ਦੇ ਕਾਰਣ ਅਜਿਹੀਆਂ ਘਟਨਾਵਾਂ ਆਮ ਹਨ। ਆਮ ਹੀ ਇੰਟਰਨੈੱਟ ਅਤੇ ਸਾਰੇ ਸੋਸ਼ਲ ਮੀਡੀਆ, ਅਤੇ ਹੋਰ ਫੋਰਮਜ 'ਤੇ ਅਜਿਹੀਆਂ ਔਰਤਾਂ ਵਿਰੋਧੀ ਅਤਿ ਘਟੀਆ ਗੱਲਾਂ / ਟਿੱਪਣੀਆਂ/ ਫੋਟੋਆਂ/ ਵੀਡੀਓ ਆਦਿ ਦੀ ਭਰਮਾਰ ਵੇਖੀ ਜਾ ਸਕਦੀ ਹੈ। ਸਾਡੇ ਸਮਾਜ ਵਿੱਚ ਬਹੁਤ ਡੂੰਘਾਈ ਤੱਕ ਉੱਤਰ ਚੁੱਕੀ ਫਿਰਕੂ ਜ਼ਹਿਰ ਦੇ ਕਾਰਣ ਨਾ ਸਿਰਫ਼ ਹਿੰਦੂ ਤੱਤ ਮੁਸਲਿਮ ਔਰਤਾਂ ਬਾਰੇ ਅਜਿਹਾ ਕੁੱਝ ਕਰਦੇ ਹਨ, ਸਗੋਂ ਮੁਸਲਿਮ ਤੱਤਾਂ ਵੱਲੋਂ ਹਿੰਦੂ ਔਰਤਾਂ ਬਾਰੇ ਵੀ ਅਜਿਹਾ ਕੁੱਝ ਆਮ ਹੈ। ਫਿਰ ਇਸ ਵਿੱਚ ਨਵਾਂ ਕੀ ਹੈ ? ਯਕੀਨਨ ਇਹ ਗੱਲ ਸਹੀ ਹੈ। ਆਮ ਤੌਰ 'ਤੇ ਹਿੰਦੂ-ਮੁਸਲਿਮ ਦੋਵਾਂ ਦੇ ਕੁੱਝ ਹਿੱਸਿਆਂ ਵਿੱਚ ਹੀ ਅਜਿਹੀਆਂ ਫਿਰਕੂ ਨਫ਼ਰਤੀ ਗੱਲਾਂ ਅਤੇ ਦੂਸਰੇ ਫਿਰਕੇ ਦੀਆਂ ਔਰਤਾਂ ਦੇ ਜ਼ਰੀਏ ਇੱਕ ਦੂਜੇ ਫਿਰਕੇ ਨੂੰ ਬੇਇਜ਼ਤ ਕਰਨ ਵਾਲੀਆਂ ਗੱਲਾਂ ਨਾਲ ਇਹ ਸੋਸ਼ਲ ਪਲੇਟਫਾਰਮ ਭਰੇ ਪਏ ਹਨ। ਦੋਵਾਂ ਪਾਸਿਆਂ ਤੋਂ ਅਜਿਹਾ ਕੁੱਝ ਕੀਤਾ ਜਾਣਾ ਅਤਿ ਨਿੰਦਣਯੋਗ ਵੀ ਹੈ, ਅਤੇ ਸਜ਼ਾਯੋਗ ਵੀ ਹੈ ਪਰ ਇਸ ਤਰਕ ਨਾਲ ਅਸੀਂ ਕਿਵੇਂ ਵੀ ਇਸ ਘਟਨਾ ਨੂੰ ਜਾਇਜ਼ ਨਹੀਂ ਕਹਿ ਸਕਦੇ।

ਪਰ ਗੌਰ ਕਰਨ ਵਾਲੀ ਗੱਲ ਇਹ ਵੀ ਹੈ ਕਿ ਹੁਣ ਤੱਕ ਇਹ ਫੋਰਮ / ਸਮੂਹ ਬੇਨਾਮ ਵਿਅਕਤੀਆਂ ਦੇ ਸਨ, ਅਪਵਾਦ ਘਟਨਾਵਾਂ ਨੂੰ ਛੱਡ ਕੇ ਬੇਨਾਮ ਕਾਲਪਨਿਕ ਹਿੰਦੂ/ ਮੁਸਲਿਮ ਔਰਤਾਂ ਨੂੰ ਨਿਸ਼ਾਨਾ ਬਣਾਉਂਦੇ ਸਨ ਅਤੇ ਫੜ੍ਹੇ ਜਾਣ 'ਤੇ ਅਜਿਹੇ ਅਪਰਾਧੀਆਂ ਨੂੰ ਰਾਜਤੰਤਰ ਅਤੇ ਰਾਜਨੀਤਿਕ ਸਮੂਹਾਂ ਦੀ ਸੁਰੱਖਿਆ ਪ੍ਰਾਪਤ ਨਹੀਂ ਹੁੰਦੀ ਸੀ। ਪਰ ਹੁਣ ਅਸੀਂ ਵੇਖ ਰਹੇ ਹਾਂ ਕਿ ਕਿਵੇਂ ਚੁਣ-ਚੁਣ ਕੇ ਵਿਸ਼ੇਸ਼ ਚੇਤੰਨ ਮੁਸਲਿਮ ਔਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਅਪਰਾਧੀਆਂ ਦੇ ਬਚਾਅ ਵਿਚ ਰਾਜਤੰਤਰ ਅਤੇ ਰਾਜਨੀਤਿਕ ਸਮੂਹ ਦਾ ਇੱਕ ਹਿੱਸਾ ਸਰਗਰਮ ਹੋ ਗਿਆ ਹੈ। ਨੀਰਜ ਬਿਸ਼ਨੋਈ ਨੂੰ ਖ਼ੁਦ 'ਤੇ ਐਨਾ ਭਰੋਸਾ ਸੀ ਕਿ ਜਦ ਤੱਕ ਉਸਦੀ ਬਜਾਏ ਦੂਸਰਿਆਂ ਦੀ ਗ੍ਰਿਫਤਾਰੀ ਹੋ ਰਹੀ ਸੀ ਤਾਂ ਉਹ ਖ਼ੁਦ ਦੀ ਗ੍ਰਿਫਤਾਰੀ ਬਾਰੇ ਮੁੰਬਈ ਪੁਲਿਸ ਨੂੰ ਚਿੜਾਉਣ ਲਈ ਟਵੀਟ ਕਰ ਰਿਹਾ ਸੀ।

ਮੌਜੂਦਾ ਪਰਿਪੇਖ ਵਿਚ ਇਹ ਘਟਨਾਵਾਂ ਹਿੰਦੂਤਵ ਸਮੂਹਾਂ ਦੇ ਅੰਦਰ ਕੁੱਝ ਨਵੇਂ ਆਤੰਕੀ ਸਮੂਹਾਂ ਦਾ ਉਭਾਰ ਵਿਖਾ ਰਹੀਆਂ ਹਨ ਜੋ ਆਪਣੇ ਆਨਲਾਇਨ-ਆਫਲਾਇਨ ਦੁਰ-ਪ੍ਰਚਾਰ ਨਾਲ ਬਹੁਤ ਸਾਰੇ ਨੌਜਵਾਨਾਂ ਨੂੰ ਆਤੰਕੀ ਮਾਨਸਿਕਤਾ ਵੱਲ ਧੱਕ ਰਹੇ ਹਨ। ਇਸ ਨਾਤੇ ਇਹਨਾਂ ਘਟਨਾਵਾਂ ਨੂੰ ਇੱਕ ਤਰ੍ਹਾਂ ਦੀਆਂ ਆਤੰਕੀ ਘਟਨਾਵਾਂ ਹੀ ਕਹਿਣਾ ਚਾਹੀਦਾ ਹੈ। ਇਨ੍ਹਾਂ ਨੂੰ ਤੁਰੰਤ ਨੱਥ ਪਾਏ ਜਾਣ ਦੀ ਲੋੜ ਹੈ, ਤਾਂ ਜੋ ਇਹ ਜ਼ਹਿਰ ਸਮਾਜ ਵਿਚ ਕਿਤੇ ਵੱਡੇ ਪੱਧਰ 'ਤੇ ਨਾ ਫੈਲ ਜਾਵੇ।

**99673-45125**
**ਪੰਜਾਬੀ ਅਨੁਵਾਦ : ਬਲਬੀਰ ਲੌਂਗੋਵਾਲ**

*ਯਾਦ ਕਰਦਿਆਂ*
*(ਔਰਤ ਦਿਵਸ 'ਤੇ)*

# ਸਾਵਿੱਤਰੀ ਬਾਈ ਫੂਲੇ

**ਡਾ. ਕਰਮਜੀਤ ਸਿੰਘ**



ਸਾਵਿੱਤਰੀ ਬਾਈ ਫੂਲੇ ਜਯੋਤੀ ਰਾਓ ਫੂਲੇ ਦੀ ਹਮਸਫ਼ਰ ਸੀ। ਮਾਲੀ ਪਰਿਵਾਰ 'ਚੋਂ ਹੋਣ ਕਰਕੇ ਜਯੋਤੀ ਰਾਓ ਫੂਲੇ ਨੂੰ ਕਈ ਕੌੜੇ ਤਜਰਬੇ ਸਨ। ਵਿਸ਼ੇਸ਼ ਤੌਰ 'ਤੇ ਇੱਕ ਵਾਰ ਫੂਲੇ ਬ੍ਰਾਹਮਣ ਦੋਸਤ ਦੇ ਵਿਆਹ ਵਿੱਚ ਚਲੇ ਗਏ। ਵਿਆਹ ਤੋਂ ਬਾਅਦ ਮਿੱਤਰ ਪਰਿਵਾਰ ਨੇ ਉਨ੍ਹਾਂ ਨਾਲ ਮਾੜਾ ਵਰਤਾਅ ਕੀਤਾ। ਉਨ੍ਹਾਂ ਨੂੰ ਜਾਤ ਆਧਾਰਤ ਤਾਅਨੇ ਮਿਹਣੇ ਵੀ ਝੱਲਣੇ ਪਏ। ਜੋਤੀ ਰਾਓ ਫੂਲੇ ਨੇ 1848 'ਚ ਅਛੂਤ ਕੁੜੀਆਂ ਲਈ ਪਹਿਲਾ ਸਕੂਲ ਖੁਲਵਾਇਆ।



ਬਚਪਨ ਵਿੱਚ ਸਾਵਿੱਤਰੀ ਬਾਈ ਫੂਲੇ ਨਾਲ ਵਿਆਹ ਹੋ ਗਿਆ। ਇਹ ਆਪਣੇ ਆਪ ਵਿੱਚ ਇੱਕ ਉਦਾਹਰਣ ਹੈ ਕਿ 19ਵੀਂ ਸਦੀ ਦੇ ਅੱਧ ਵਿੱਚ ਜਯੋਤੀ ਰਾਓ ਫੂਲੇ ਨੇ ਸਾਵਿੱਤਰੀ ਬਾਈ ਫੂਲੇ ਨੂੰ ਪੜ੍ਹਾਇਆ ਲਿਖਾਇਆ ਅਤੇ ਅਧਿਆਪਕ ਦੇ ਅਹੁਦੇ ਤੱਕ ਪਹੁੰਚਾਇਆ। ਜਯੋਤੀ ਰਾਓ ਫੂਲੇ ਤੇ ਸਾਵਿੱਤਰੀ ਬਾਈ ਫੂਲੇ ਨੂੰ ਅਛੂਤਾਂ ਨੂੰ ਪੜ੍ਹਾਉਣ ਕਰਕੇ ਜਾਤ-ਨਿਕਾਲਾ ਦਿੱਤਾ ਗਿਆ ਪਰ ਉਨ੍ਹਾਂ ਹੋਰ ਸਕੂਲਾਂ ਦੀ ਸ਼ੁਰੂਆਤ ਕੀਤੀ ਅਤੇ ਕਾਮਿਆਂ ਲਈ ਰਾਤ ਦਾ ਸਕੂਲ ਖੋਲ੍ਹਿਆ।

ਸਤਿਆਸ਼ੋਧਕ ਸਮਾਜ ਦੀ ਨੀਂਹ ਰੱਖੀ। ਜਯੋਤੀ ਰਾਓ ਫੂਲੇ ਨੇ ਅਨੇਕਾਂ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿੱਚੋਂ 'ਗੁਲਾਮਗਿਰੀ' ਸਭ ਤੋਂ ਵੱਧ ਪ੍ਰਸਿੱਧ ਹੈ।

ਸਾਵਿੱਤਰੀ ਬਾਈ ਫੂਲੇ ਨੇ ਜਯੋਤੀ ਰਾਓ ਫੂਲੇ ਦੇ ਸਮੁੱਚੇ ਜੀਵਨ ਦਰਸ਼ਨ ਨੂੰ ਆਪਣੇ ਜੀਵਨ ਦਾ ਅੰਗ ਬਣਾ ਲਿਆ ਸੀ। ਸਾਵਿੱਤਰੀ ਬਾਈ ਫੂਲੇ ਦੀ ਅਧਿਆਪਨ ਸਿਖਲਾਈ ਤੱਕ ਦੀ ਸਹੇਲੀ ਫਾਤਿਮਾ ਸ਼ੇਖ ਸੀ ਜੋ ਹਮੇਸ਼ਾ ਉਸ ਦੇ ਪਰਿਵਾਰ ਦਾ ਅੰਗ ਬਣੀ ਰਹੀ। ਇਹ ਮੁਸਲਿਮ ਦਲਿਤ ਸਬੰਧਾਂ ਦੀ ਇੱਕ ਮਿਸਾਲ ਸੀ, ਜਿਸ ਦੀ ਅੱਜ ਵੀ ਬਹੁਤ ਲੋੜ ਹੈ। ਸਾਵਿੱਤਰੀ ਬਾਈ ਫੂਲੇ ਨੇ ਆਪਣੀ ਵੱਖਰੀ ਪਛਾਣ ਬਣਾਈ। ਉਹ ਕੁੜੀਆਂ ਲਈ ਖੋਲ੍ਹੇ ਗਏ ਸਕੂਲ ਦੀ ਅਧਿਆਪਕ ਵੀ ਸੀ ਤੇ ਮੁੱਖ ਅਧਿਆਪਕ ਵੀ। ਫਾਤਿਮਾ ਸ਼ੇਖ ਵੀ ਇਸੇ ਸਕੂਲ ਵਿੱਚ ਪੜ੍ਹਾਉਂਦੀ ਸੀ। ਅਛੂਤ ਕੁੜੀਆਂ ਨੂੰ ਪੜ੍ਹਾਉਣ ਲਈ ਉਨ੍ਹਾਂ ਨੂੰ ਘਰੋਂ ਹੀ ਨਹੀਂ ਕੱਢਿਆ ਗਿਆ ਸਗੋਂ ਜਦੋਂ ਉਹ ਸਕੂਲ ਪੜ੍ਹਾਉਣ ਜਾਂਦੀਆਂ ਤਾਂ ਉਨ੍ਹਾਂ ਉੱਪਰ ਗੋਹਾ ਤੇ ਗੰਦ ਸੁੱਟਿਆ ਜਾਂਦਾ ਅਤੇ ਪਥਰਾਅ ਕੀਤਾ ਜਾਂਦਾ। ਉਨ੍ਹਾਂ ਦੇ ਪੜ੍ਹਾਉਣ ਨੂੰ ਧਰਮ ਵਿਰੁੱਧ ਕਹਿ ਕੇ ਪਰਚਾਰਿਆ ਜਾਂਦਾ। ਜਯੋਤੀ ਰਾਓ ਫੂਲੇ ਦੀ ਮੌਤ ਤੋਂ ਬਾਅਦ ਸਤਿਆਸ਼ੋਧਕ ਸਮਾਜ ਦਾ ਕੰਮ ਸਾਵਿੱਤਰੀ ਬਾਈ ਫੂਲੇ ਨੇ ਹੀ ਦੇਖਿਆ। ਪੂਣੇ ਵਿੱਚ 1897 ਈ. ਵਿੱਚ ਪਲੇਗ ਫੈਲੀ। ਪਲੇਗ ਦੇ ਮਰੀਜਾਂ ਦੀ ਦੇਖ ਰੇਖ ਕਰਦੀ ਉਹ ਆਪ ਵੀ ਪਲੇਗ ਦੀ ਗ੍ਰਿਫਤ ਵਿੱਚ ਆ ਗਈ ਅਤੇ ਇਸ ਨਾਲ ਉਸ ਦੀ ਮੌਤ ਹੋ ਗਈ।

ਸਾਵਿੱਤਰੀ ਬਾਈ ਫੂਲੇ ਇਕ ਲੇਖਕ/ਕਵਿੱਤਰੀ ਵੀ ਸੀ ਜਿਸ ਦੀਆਂ ਚਾਰ ਪੁਸਤਕਾਂ ਛਪੀਆਂ। ਸਾਵਿੱਤਰੀ ਬਾਈ ਫੂਲੇ ਦੀ ਸਾਰੀ ਰਚਨਾ ਮਰਾਠੀ ਵਿੱਚ ਹੈ।

ਸਾਵਿੱਤਰੀ ਬਾਈ ਫੂਲੇ ਦੇ ਦੋ ਕਾਵਿ-ਸੰਗ੍ਰਹਿ ਛਪੇ। ਪਹਿਲਾ 'ਕਾਵਯਾ ਫੂਲੇ' (1854 ਈ.) ਅਤੇ ਦੂਸਰਾ 'ਬਾਵਨ ਕਾਸ਼ੀ ਸੁਬੋਧ ਰਤਨਾਕਰ'। ਪਹਿਲਾ ਕਾਵਿ-ਸੰਗ੍ਰਹਿ ਛਪਣ ਸਮੇਂ ਸਾਵਿੱਤਰੀ ਬਾਈ ਫੂਲੇ ਦੀ ਉਮਰ 23 ਸਾਲ ਸੀ। ਇਸ ਸੰਗ੍ਰਹਿ ਵਿੱਚ ਧਰਮ, ਧਰਮ ਸ਼ਾਸਤਰ, ਧਾਰਮਿਕ ਪਾਖੰਡਾਂ ਤੇ ਕੁਰੀਤੀਆਂ ਖਿਲਾਫ਼ ਲਿਖਿਆ ਗਿਆ ਹੈ। ਅਨੀਤਾ ਭਾਰਤੀ ਅਨੁਸਾਰ ਉਸ ਨੇ 'ਔਰਤਾਂ ਦੀ ਸਮਾਜਿਕ ਸਥਿਤੀ 'ਤੇ ਕਵਿਤਾਵਾਂ ਲਿਖੀਆਂ ਅਤੇ ਉਨ੍ਹਾਂ ਦੀ ਭੈੜੀ ਸਥਿਤੀ ਲਈ ਜ਼ਿੰਮੇਵਾਰ ਧਰਮ, ਜਾਤੀ, ਬ੍ਰਾਹਮਣਵਾਦ ਤੇ ਪਿਤਰੀ ਸੱਤਾ 'ਤੇ ਤਿੱਖਾ ਹਮਲਾ ਕੀਤਾ। ਉਹ ਅਗਿਆਨਤਾ ਨੂੰ ਫੜ ਕੇ ਮਾਰਨ ਦਾ ਹੋਕਾ ਦਿੰਦੀ ਹੈ, ਜੋਤਿਸ਼ ਪਾਂਚਾਂਗ ਦਾ ਵਿਰੋਧ ਕਰਦੀ ਹੈ, ਬ੍ਰਾਹਮਣਵਾਦੀ ਸੱਤਾ ਨੂੰ ਵੰਗਾਰਦੀ ਹੈ। ਮਨੂੰ ਦੀਆਂ ਸਥਾਪਨਾਵਾਂ ਨੂੰ ਤਹਿਸ ਨਹਿਸ ਕਰਦੀ ਹੈ।

ਕੁਝ ਕੁ ਉਦਾਹਰਣਾਂ ਦੇਖੋ :

✶ ਜੋਤਿਸ਼, ਪੰਚਾਂਗ, ਹਸਤ ਰੇਖਾਵਾਂ ਵਿੱਚ ਉਲਝੇ ਮੂਰਖ, ਸਵਰਗ ਨਰਕ ਦੀ ਕਲਪਨਾ ਵਿੱਚ ਰੁਚੀ, ਪਸ਼ੂ ਜੀਵਨ ਵਿੱਚ ਵੀ, ਅਜਿਹੇ ਭਰਮ ਨੂੰ ਕੋਈ ਥਾਂ ਨਹੀਂ

✶ ਪਤਨੀ ਵਿਚਾਰੀ ਕੰਮ ਕਰਦੀ ਰਹੇ, ਮੁਫ਼ਤਖੋਰ

ਬੇਸ਼ਰਮ ਖਾਂਦਾ ਰਹੇ, ਪਸ਼ੂਆਂ ਵਿੱਚ ਵੀ ਅਜਿਹਾ ਅਜੂਬਾ ਨਹੀਂ, ਉਸਨੂੰ ਕਿਵੇਂ ਇਨਸਾਨ ਕਹੀਏ ?

✶ ਹਲ ਜੋ ਚਲਾਵੇ, ਖੇਤੀ ਜੋ ਕਰੇ
ਉਹ ਮੂਰਖ ਹਨ, ਕਹਿੰਦਾ ਹੈ ਮਨੂੰ
ਮਤ ਕਰੋ ਖੇਤੀ ਕਹੇ ਮਨੂੰ ਸਮ੍ਰਿਤੀ
ਧਰਮ ਦਾ ਕਰੇ ਐਲਾਨ ਬ੍ਰਾਹਮਣ।

ਪਹਿਲੇ ਕਾਵਿ ਸੰਗ੍ਰਹਿ ਵਿੱਚ ਬਹੁਤ ਸਾਰੀਆਂ ਕਵਿਤਾਵਾਂ ਹਨ।

ਸਾਵਿੱਤਰੀ ਬਾਈ ਫੂਲੇ ਦਾ ਦੂਜਾ ਕਾਵਿ ਸੰਗ੍ਰਹਿ 'ਬਾਵਨਕਾਸ਼ੀ ਸੁਬੋਧ ਰਤਨਾਕਰ' ਸਮੁੱਚੇ ਤੌਰ 'ਤੇ ਜਯੋਤੀ ਰਾਓ ਫੂਲੇ ਨੂੰ ਸਮਰਪਿਤ ਹੈ, ਜਿਸ ਵਿੱਚ ਫੂਲੇ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਤੇ ਵਿਚਾਰਾਂ ਨੂੰ 52 ਛੰਦਾਂ ਵਿੱਚ ਕਾਵਿ ਦਾ ਰੂਪ ਦਿੱਤਾ ਗਿਆ ਹੈ। ਇਸੇ ਲਈ ਐੱਮ.ਜੀ. ਮਾਲੀ ਨੇ ਇਸ ਰਚਨਾ ਨੂੰ ਸਭ ਤੋਂ ਪਹਿਲੀ ਪ੍ਰਮਾਣਿਕ ਉਪਲਬਧ ਜੀਵਨੀ ਕਿਹਾ ਹੈ। ਜਯੋਤੀ ਰਾਓ ਫੂਲੇ ਵੱਲੋਂ ਪੜ੍ਹਾਏ ਦਲਿਤ ਜਦੋਂ ਗਿਆਨੀ ਬਣਦੇ ਹਨ ਤਾਂ ਕੁਲੀਨਾਂ ਦੀ ਪ੍ਰਤੀਕਿਰਿਆ ਬਹੁਤ ਗੈਰ ਮਨੁੱਖੀ ਸੀ।

ਸਾਵਿੱਤਰੀ ਬਾਈ ਫੂਲੇ ਦਾ ਨਾਅਰਾ ਸੀ, 'ਜਾਗੋ, ਉੱਠੋ, ਪੜ੍ਹੋ, ਤੋੜ ਦਿਉ ਪਰੰਪਰਾਵਾਂ, ਹੋਵੋ ਆਜ਼ਾਦ, ਨੀਂਦ ਤਿਆਗੋ, ਰਣਭੇਰੀ ਬਜਾਉ - ਛੇਤੀ ਉਠੋ।'

ਅੰਤ 'ਚ ਕੁਝ ਤੱਥ ਹੋਰ। ਫੂਲੇ ਜੋੜੇ ਵੱਲੋਂ ਚਲਾਇਆ ਗਿਆ ਸਕੂਲ ਹਿਸਾਬ, ਸਾਇੰਸ ਤੇ ਸਮਾਜਿਕ ਵਿਗਿਆਨ ਦੀ ਸਿੱਖਿਆ ਵੀ ਦਿੰਦਾ ਸੀ, ਜਿਸ ਦੀ ਸਿੱਖਿਆ ਘਰ ਵਿੱਚ ਚਲਾਏ ਗਏ ਬ੍ਰਾਹਮਣ ਸਕੂਲ ਨਹੀਂ ਸੀ ਦਿੰਦੇ। ਘਰੋਂ ਛੇਕੇ ਜਾਣ ਤੋਂ ਬਾਅਦ ਜਯੋਤੀ ਰਾਓ ਫੂਲੇ ਦੇ ਮਿੱਤਰ ਉਸਮਾਨ ਸ਼ੇਖ ਨੇ ਉਸ ਨੂੰ ਸ਼ਰਨ ਦਿੱਤੀ। ਇੱਥੇ ਹੀ ਸਾਵਿੱਤਰੀ ਬਾਈ ਫੂਲੇ ਦਾ ਮੇਲ ਫਾਤਿਮਾ ਬੇਗ਼ਮ ਸ਼ੇਖ ਨਾਲ ਹੋਇਆ। ਜੇ ਸਾਵਿੱਤਰੀ ਬਾਈ ਫੂਲੇ ਭਾਰਤ ਵਿੱਚ ਪਹਿਲੀ ਦਲਿਤ ਅਧਿਆਪਕਾ ਸੀ ਤਾਂ ਫਾਤਿਮਾ ਸ਼ੇਖ ਪਹਿਲੀ ਮੁਸਲਮਾਨ ਅਧਿਆਪਕਾ ਸੀ। ਨਸਰੀਨ ਸਯੱਦ ਨੇ ਫਾਤਿਮਾ ਸ਼ੇਖ ਦੀ ਜੀਵਨੀ ਲਿਖੀ ਤੇ ਸਾਵਿਤੱਰੀ ਬਾਈ ਫੂਲੇ ਦੀਆਂ ਕਵਿਤਾਵਾਂ ਦਾ ਉਰਦੂ ਵਿੱਚ ਅਨੁਵਾਦ ਕੀਤਾ।

ਮਰਦ ਪ੍ਰਧਾਨ ਸੋਚ ਤੇ ਜਾਤੀ ਹੰਕਾਰ ਕਾਰਨ ਸਾਵਿੱਤਰੀ ਬਾਈ ਫੂਲੇ ਅਗਿਆਤ ਹੀ ਰਹੀ ਹੈ। 3 ਜਨਵਰੀ ਦਾ ਉਸ ਦਾ ਜਨਮ ਦਿਨ ਹੈ ਤੇ 10 ਮਾਰਚ ਨੂੰ ਦੇਹਾਂਤ। ਸਾਨੂੰ ਆਲਮੀ ਨਾਰੀ ਦਿਵਸ ਨਾਲ ਜੋੜ ਕੇ ਸਾਵਿੱਤਰੀ ਬਾਈ ਫੂਲੇ ਨੂੰ ਵੀ ਯਾਦ ਕਰਨਾ ਚਾਹੀਦਾ ਹੈ।

**98763 23862**

*ਖ਼ਬਰ ਹੈ ਕਿ....*

## ਸ਼ਮਸ਼ਾਨ ਘਾਟ ਵਿੱਚ ਤਾਂਤਰਿਕ ਨੂੰ ਮੰਤਰ ਪੜ੍ਹਨੇ ਮਹਿੰਗੇ ਪਏ

ਪਿੰਡ ਹਾਮਝੇੜ੍ਹੀ ਦੇ ਸ਼ਮਸ਼ਾਨਘਾਟ ਵਿੱਚ ਇੱਕ ਤਾਂਤਰਿਕ ਨੂੰ ਪੰਜ ਵਿਅਕਤੀਆਂ ਸਮੇਤ ਇੱਕ ਵਿਅਕਤੀ ਦੇ ਸਸਕਾਰ ਮਗਰੋਂ ਸਿਵੇ ਦੀ ਸਵਾਹ 'ਤੇ ਮੰਤਰ ਪੜ੍ਹਨੇ ਮਹਿੰਗੇ ਪਏ। ਇਸੇ ਦੌਰਾਨ ਸ਼ਮਸ਼ਾਨਘਾਟ ਵਿੱਚ ਇਕੱਠੇ ਹੋਏ ਪਿੰਡ ਵਾਸੀਆਂ ਵੱਲੋਂ ਰੋਸ ਜ਼ਾਹਰ ਕੀਤੇ ਉੱਤੇ ਮੌਕੇ 'ਤੇ ਪਹੁੰਚੀ ਪੁਲੀਸ ਨੇ ਅਣਪਛਾਤੇ ਤਾਂਤਰਿਕ ਸਮੇਤ ਪੰਜ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਕੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਪਿੰਡ ਦਿਆਲ ਨਗਰ ਹਾਮਝੇੜ੍ਹੀ ਦੇ ਸਰਪੰਚ ਮੋਹਣ ਸਿੰਘ ਨੇ ਲਿਖਵਾਏ ਬਿਆਨਾਂ ਵਿੱਚ ਦੱਸਿਆ ਕਿ ਸ਼ਨਿਚਰਵਾਰ ਦੀ ਰਾਤ ਨੂੰ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਔਰਤ ਤੇ ਚਾਰ ਵਿਅਕਤੀਆਂ ਨਾਲ ਤਾਂਤਰਿਕ ਲਾਲ ਚਿੱਟੇ ਕੱਪੜੇ ਸਮੇਤ ਹੋਰ ਬਹੁਤ ਸਾਰਾ ਇਤਰਾਜ਼ਯੋਗ ਸਾਮਾਨ ਲੈ ਕੇ ਮੰਤਰ ਪੜ੍ਹ ਰਿਹਾ ਸੀ। ਸੂਚਨਾ ਮਿਲਣ 'ਤੇ ਸ਼ਮਸ਼ਾਨਘਾਟ ਵਿੱਚ ਪਹੁੰਚੇ ਪਿੰਡ ਵਾਸੀਆਂ ਨੇ ਰੋਸ ਜ਼ਾਹਰ ਕੀਤਾ। ਥਾਣਾ ਪਾਤੜਾਂ ਦੇ ਮੁਖੀ ਅਜੈ ਕੁਮਾਰ ਨੇ ਦੱਸਿਆ ਕਿ ਸਰਪੰਚ ਦੇ ਬਿਆਨਾਂ ਦੇ ਆਧਾਰ 'ਤੇ ਨੀਰਜ ਕੁਮਾਰ ਵਾਸੀ ਸੇਖੋਂ ਕਲੋਨੀ ਸਮਾਣਾ, ਯੁਗੇਸ਼ ਕੁਮਾਰ ਵਾਸੀ 10 ਸੈਟਰ ਪੰਚਕੂਲਾ, ਹਰਦੀਪ ਕੌਰ, ਗੁਰਮੀਤ ਸਿੰਘ ਵਾਸੀਅਨ ਮਲਕਾਣਾਂ ਪੱਤੀ ਸਮਾਣਾ, ਰਣਜੀਤ ਸਿੰਘ ਵਾਸੀ ਪਿੰਡ ਹਾਮਝੇੜ੍ਹੀ ਤੋਂ ਇਲਾਵਾ ਅਣਪਛਾਤੇ ਤਾਂਤਰਿਕ ਖਿਲਾਫ਼ ਧਾਰਾ 297 ਤਹਿਤ ਕੇਸ ਦਰਜ ਕਰਕੇ 2 ਵਿਅਕਤੀਆਂ ਨੂੰ ਕਾਬੂ ਕਰ ਲਿਆ ਗਿਆ ਹੈ ਜਦੋਂ ਕਿ ਬਾਕੀਆਂ ਦੀ ਭਾਲ ਲਈ ਲਈ ਛਾਪੇ ਮਾਰੇ ਜਾ ਰਹੇ ਹਨ।

## ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਠਿੰਡਾ ਇਕਾਈ ਦੇ ਸੀਨੀਅਰ ਮੈਂਬਰ ਸੁਰਿੰਦਰ ਕੁਮਾਰ ਦੇ ਮਾਤਾ ਕੁੰਤੀ ਦੇਵੀ ਜੀ, ਸੁਖਵਿੰਦਰਪਾਲ ਵਿਰਕ ਦੇ ਸਹੁਰਾ ਕੇਵਲ ਕ੍ਰਿਸ਼ਨ ਜੀ, ਰੋਪੜ ਇਕਾਈ ਦੇ ਮੈਂਬਰ ਬਹਾਦਰ ਸਿੰਘ ਦੇ ਮਾਤਾ ਨਛੱਤਰ ਕੌਰ ਜੀ, ਮਾ. ਪਰਵਿੰਦਰ ਸਿੰਘ ਦੇ ਪਿਤਾ ਬਲਦੇਵ ਕ੍ਰਿਸ਼ਨ ਜੀ, ਇਕਾਈ ਧੂਰੀ ਦੇ ਮੀਡੀਆ ਵਿਭਾਗ ਮੁਖੀ ਰਤਨ ਸਿੰਘ ਭੰਡਾਰੀ ਦੇ ਮਾਤਾ ਅਮਰਜੀਤ ਕੌਰ ਜੀ, ਇਕਾਈ ਭੀਖੀ ਦੇ ਮੀਡੀਆ ਵਿਭਾਗ ਦੇ ਮੁਖੀ ਗੁਰਿੰਦਰ ਔਲਖ ਦੇ ਪਿਤਾ ਮਾ. ਪ੍ਰੀਤਮ ਸਿੰਘ ਜੀ ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ ਕਰਦੀ ਹੋਈ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦੀ ਹੈ।

*ਨੌਜਵਾਨ/ਵਿਦਿਆਰਥੀ ਮੰਚ*

# ਤੁਹਾਨੂੰ ਪੜ੍ਹਦਿਆਂ ਕਿਹੜੀ ਕਿਤਾਬ ਪਸੰਦ ਆਈ ਹੈ ਅਤੇ ਕਿਉਂ ?

***ਮੈਨੂੰ ਪੜ੍ਹਦਿਆਂ ਸ਼ਿਵ ਵਰਮਾ ਵੱਲੋਂ ਲਿਖੀ ਕਿਤਾਬ 'ਅਜਿਹਾ ਸੀ ਸਾਡਾ ਭਗਤ ਸਿੰਘ' ਬਹੁਤ ਪਸੰਦ ਆਈ।***

ਇਹ ਸ਼ਹੀਦ ਭਗਤ ਸਿੰਘ ਨਾਲ ਬਿਤਾਏ ਸਮੇਂ ਦੀਆਂ ਯਾਦਾਂ 'ਤੇ ਆਧਾਰਿਤ ਉਹਨਾਂ ਦੀ ਜੀਵਨੀ ਹੈ। ਇਹ ਜੀਵਨੀ ਭਗਤ ਸਿੰਘ ਦਾ ਵਿਲੱਖਣ ਕਿਰਦਾਰ ਪੇਸ਼ ਕਰਦੀ ਹੈ। ਇਸ ਕਰਕੇ ਹੀ ਇਹ ਮੈਨੂੰ ਬਹੁਤ ਪਸੰਦ ਆਈ। ਉਨ੍ਹਾਂ ਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਂਕ ਸੀ। ਉਹ ਪੜ੍ਹੀਆਂ ਹੋਈਆਂ ਕਿਤਾਬਾਂ ਬਾਰੇ ਆਪਣੇ ਸਾਥੀਆਂ ਨਾਲ ਚਰਚਾ ਕਰਦੇ ਅਤੇ ਕਦੇ ਉਹ ਇਨਕਲਾਬੀ ਸਾਥੀਆਂ ਦੀਆਂ ਜੀਵਨੀਆਂ ਸੁਣਾਉਂਦੇ ਸਮੇਂ ਭਾਵੁਕ ਹੋ ਜਾਂਦੇ ਸਨ। ਉਹ ਹਿੰਦੀ, ਉਰਦੂ, ਪੰਜਾਬੀ ਅਤੇ ਅੰਗਰੇਜੀ ਭਾਸ਼ਾਵਾਂ ਵਿੱਚ ਮਾਹਿਰ ਸਨ। ਉਹ ਹਮੇਸ਼ਾ ਆਪਣੇ ਕੋਲ ਕਿਤਾਬਾਂ ਰੱਖਦੇ ਸਨ। ਭਗਤ ਸਿੰਘ ਅਤੇ ਉਸਦੇ ਸਾਥੀਆਂ ਵੱਲੋਂ ਬਣਾਈ ਨੌਜਵਾਨ ਭਾਰਤ ਸਭਾ ਦਾ ਮੁੱਖ ਉਦੇਸ਼ ਜਨਤਾ ਵਿੱਚ ਸਾਮਰਾਜ ਵਿਰੋਧੀ ਤਿੱਖੀ ਕੌਮੀ ਭਾਵਨਾ ਜਗਾਉਣਾ ਸੀ। ਭਗਤ ਸਿੰਘ ਇੱਕ ਨਾਸਤਕ ਵਿਅਕਤੀ ਸੀ।



**ਲਵਪ੍ਰੀਤ ਕੌਰ**
**ਬੀ.ਏ.-1, ਰਾਮਗੜ੍ਹੀਆ ਕਾਲਜ, ਫਗਵਾੜਾ**

***

ਮੈਨੂੰ ਪੜ੍ਹਦਿਆਂ 'Power of Subconscious Mind' ਕਿਤਾਬ ਬਹੁਤ ਪਸੰਦ ਆਈ ਕਿਉਂਕਿ ਇਹ ਅੰਧਵਿਸ਼ਵਾਸ ਨੂੰ ਖਤਮ ਕਰਦੀ ਹੈ। **ਡਾ. ਗਗਨਦੀਪ ਸਿੰਘ**

***

***ਮੈਨੂੰ ਪੜ੍ਹਦਿਆਂ ਬਲਵੰਤ ਗਾਰਗੀ ਦਾ ਨਾਟਕ 'ਲੋਹਾ ਕੁੱਟ' ਬਹੁਤ ਪਸੰਦ ਆਇਆ।***

ਇਹ ਇੱਕ ਉੱਚ ਪਾਏਦਾਰ ਰਚਨਾ ਹੈ। ਇਸ ਨਾਟਕ ਵਿੱਚ ਲੇਖਕ ਨੇ ਔਰਤ ਦੇ ਵੱਖ-ਵੱਖ ਰੂਪਾਂ ਨੂੰ ਬਾਖੂਬੀ ਬਿਆਨ ਕੀਤਾ ਹੈ। ਇਹ ਲਿਖਤ ਦੱਸਦੀ ਹੈ ਕਿ ਸਾਡੇ ਸਮਾਜ ਵਿੱਚ ਔਰਤ ਦੀਆਂ ਇੱਛਾਵਾਂ, ਸਧਰਾਂ, ਰੀਝਾਂ ਨੂੰ ਦਬਾਇਆ ਜਾਂਦਾ ਹੈ-ਆਮ ਘਰਾਂ ਵਿੱਚ ਉਹਨਾਂ ਸਧਰਾਂ ਨੂੰ ਪੂਰਾ ਕਰਨਾ ਤਾਂ ਦੂਰ ਦੀ ਗੱਲ, ਸੁਣਿਆ ਤੱਕ ਨਹੀਂ ਜਾਂਦਾ। ਔਰਤ ਪਾਤਰਾਂ ਰਾਹੀਂ ਦੱਸਿਆ ਗਿਆ ਹੈ ਕਿ ਅਸੀਂ ਹਾਲਾਤਾਂ ਨੂੰ ਇੱਕ ਹੱਦ ਤੱਕ ਤਾਂ ਸਹਿਣ ਕਰ ਸਕਦੇ ਹਾਂ ਪਰ ਸਾਡੀ ਜ਼ਮੀਰ ਦੀ ਆਵਾਜ਼ ਉਹਨਾਂ ਹਾਲਤਾਂ ਦੀਆਂ ਜੰਜ਼ੀਰਾਂ ਨੂੰ ਤੋੜਨ ਲਈ ਹਮੇਸ਼ਾ ਹੀ ਬੋਲਦੀ ਹੈ ਅਤੇ ਇੱਕ ਦਿਨ ਇਹ ਆਵਾਜ਼ ਕਾਮਯਾਬ ਜਰੂਰ ਹੁੰਦੀ ਹੈ।



**ਸਿਮਰਨ**
**ਬੀ.ਏ.-2, ਰਾਮਗੜ੍ਹੀਆ ਕਾਲਜ, ਫਗਵਾੜਾ**

## ਨਵੇਂ ਸ਼ੁਰੂ ਕੀਤੇ ਗਏ ਕਾਲਮ ਸੰਬੰਧੀ

ਪਿਆਰੇ ਵਿਦਿਆਰਥੀਓ/ਨੌਜਵਾਨੋਂ!

ਵਿਦਿਆਰਥੀਆਂ/ਨੌਜਵਾਨਾਂ ਦੇ ਵਿਚਾਰਾਂ ਨੂੰ ਜਾਨਣ ਲਈ ਨਵੇਂ ਸ਼ੁਰੂ ਕੀਤੇ ਗਏ ਕਾਲਮ ਲਈ ਵਿਸ਼ਾ ਹੈ-

**"ਤੁਹਾਨੂੰ ਪੜ੍ਹਦਿਆਂ ਕਿਹੜੀ ਕਿਤਾਬ ਪਸੰਦ ਆਈ ਹੈ ਅਤੇ ਕਿਉਂ ?"**

✶ ਆਪਣੇ ਵਿਚਾਰ ਲਿਖਕੇ ਜਾਂ ਟਾਈਪ ਕਰਕੇ ਡਾਕ ਰਾਹੀਂ ਜਾਂ e-mail ਰਾਹੀਂ ਭੇਜੇ ਜਾਣ।

✶ ਇਹ ਵਿਸ਼ੇ 'ਤੇ ਕੇਂਦਰਿਤ ਹੋਣੇ ਚਾਹੀਦੇ ਹਨ ਅਤੇ ਵੱਧ ਤੋਂ ਵੱਧ 100 ਸ਼ਬਦਾਂ ਵਿੱਚ ਹੋਣ। ਨਾਲ ਆਪਣੀ ਪਾਸਪੋਰਟ ਸਾਈਜ ਫੋਟੋ ਵੀ ਭੇਜੋ।

**ਡਾਕ ਪਤਾ -** ਮੁੱਖ ਦਫ਼ਤਰ
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਤਰਕਸ਼ੀਲ ਚੌਂਕ
ਬਰਨਾਲਾ

**email : balbirlongowal1966@gmail.com**

ਅੱਜ ਦੇ ਦੌਰ ਵਿੱਚ ਜੇਕਰ ਕੋਈ ਝੂਠ ਅਤੇ ਅਗਿਆਨਤਾ ਨਾਲ ਲੜਨਾ ਚਾਹੁੰਦਾ ਹੈ ਅਤੇ ਸੱਚ ਲਿਖਣਾ ਚਾਹੁੰਦਾ ਹੈ ਤਾਂ ਉਸਨੂੰ ਘੱਟੋ-ਘੱਟ ਪੰਜ ਚੁਣੌਤੀਆਂ ਨਾਲ ਜੂਝਣਾ ਪਵੇਗਾ-

✶ ਜਦੋਂ ਚਾਰੇ ਪਾਸੇ ਸੱਚ ਦਾ ਵਿਰੋਧ ਹੋ ਰਿਹਾ ਹੋਵੇ, ਉਸ ਵਿੱਚ ਉਸ ਵੇਲੇ ਸੱਚ ਲਿਖਣ ਦੀ ਹਿੰਮਤ ਹੋਣੀ ਚਾਹੀਦੀ ਹੈ।
✶ ਸੱਚ ਨੂੰ ਪ੍ਰਵਾਨ ਕਰਨ ਦੀ ਉਤਸੁਕਤਾ, ਭਾਵੇਂ ਉਸਨੂੰ ਹਰ ਥਾਂ ਦਬਾਇਆ ਜਾ ਰਿਹਾ ਹੋਵੇ।
✶ ਸੱਚ ਨੂੰ ਹਥਿਆਰ ਵਿੱਚ ਤਬਦੀਲ ਕਰਨ ਦਾ ਹੁਨਰ।
✶ ਇਹ ਫੈਸਲਾ ਕਰਨ ਦੀ ਯੋਗਤਾ ਕਿ ਕਿਹੜੇ ਲੋਕਾਂ ਦੇ ਹੱਥ ਵਿੱਚ ਜਾ ਕੇ ਸੱਚ ਪ੍ਰਭਾਵਸ਼ਾਲੀ ਹੋਵੇਗਾ।
✶ ਅਤੇ ਅਜਿਹੇ ਲੋਕਾਂ ਵਿੱਚ ਸੱਚ ਦਾ ਪ੍ਰਸਾਰ ਕਰਨ ਦੀ ਲਲਕ।

**ਬ੍ਰਤੋਲਤ ਬ੍ਰੈਖਤ**

*ਵਿਸ਼ੇਸ਼ ਰਿਪੋਰਟ*

# ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਰੋਹ - 2022

ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ 20ਵੀਂ ਬਰਸੀ 'ਤੇ ਸੂਬਾਈ ਸਮਾਰੋਹ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਇਆ, ਜਿਸ ਵਿਚ ਰਾਜ ਭਰ ਦੀਆਂ ਤਰਕਸ਼ੀਲ ਇਕਾਈਆਂ ਦੇ ਮੈਂਬਰ/ਆਗੂ ਤੇ ਸਨੇਹੀ ਸ਼ਾਮਲ ਹੋਏ।

**ਆਗਮਨ:** ਸਵੇਰੇ 10 ਵਜੇ ਤੋਂ ਹੀ ਸਮਾਰੋਹ ਵਿੱਚ ਸ਼ਾਮਲ ਹੋਣ ਵਾਲ਼ੇ ਤਰਕਸ਼ੀਲ ਸਨੇਹੀਆਂ ਦਾ ਆਉਣਾ ਸ਼ੁਰੂ ਹੋ ਗਿਆ। ਕ੍ਰਿਸ਼ਨ ਬਰਗਾੜੀ ਨਾਲ ਕੰਮ ਕਰਨ ਵਾਲ਼ੇ, ਕਦਰਦਾਨ, ਪਰਿਵਾਰ ਮੈਂਬਰ, ਦੇਸ਼, ਵਿਦੇਸ਼ ਤੋਂ ਸਮਾਗ਼ਮ ਵਿੱਚ ਸ਼ਾਮਲ ਹੋਣ ਆਏ ਸੱਜਣ ਤਰਕਸ਼ੀਲ ਭਵਨ ਵਿੱਚ ਚਾਹ ਪਾਣੀ ਪੀਂਦਿਆਂ ਸੰਵਾਦ ਰਚਾ ਰਹੇ ਸਨ। ਵਕਤ ਤੋਂ ਪਹਿਲਾਂ ਹੀ ਭਵਨ ਦਾ ਵਿਹੜਾ ਭਰਿਆ ਭਰਿਆ ਨਜ਼ਰ ਆ ਰਿਹਾ ਸੀ। ਨਾਟਕਕਾਰ ਡਾ. ਸਾਹਿਬ ਸਿੰਘ ਤੇ ਕੁਲਦੀਪ ਮਾਣੂੰਕੇ ਨਾਲ ਭਵਨ ਪਹੁੰਚੇ ਇਤਿਹਾਸਕਾਰ ਡਾ. ਸੁਭਾਸ਼ ਪਰਿਹਾਰ ਤਰਕਸ਼ੀਲ ਕਾਮਿਆਂ ਨਾਲ ਗੱਲੀਂ ਲੱਗੇ ਸਨ। ਸਭਨਾਂ ਲਈ ਪ੍ਰੇਰਨਾ ਸ੍ਰੋਤ ਬਣੇ ਆਪਣੇ ਮਰਹੂਮ ਨਾਇਕ ਦੇ ਯਾਦਗਾਰੀ ਸਮਾਰੋਹ ਵਿੱਚ ਜੁੜਨਾ, ਮਿਲ ਬੈਠਣਾ ਮਾਣ ਮੱਤਾ ਲੱਗ ਰਿਹਾ ਸੀ।

**ਸ਼ੁਰੂਆਤ:** ਸਨੇਹੀ ਦਰਸ਼ਕਾਂ ਨਾਲ ਭਰੇ ਸੈਮੀਨਾਰ ਹਾਲ ਵਿੱਚ ਸਮਾਰੋਹ ਦੀ ਸ਼ੁਰੂਆਤ ਸੂਬਾਈ ਤਰਕਸ਼ੀਲ ਆਗੂ ਰਾਜਿੰਦਰ ਭਦੌੜ ਨੇ ਕ੍ਰਿਸ਼ਨ ਬਰਗਾੜੀ ਦੀ ਜੀਵਨ ਘਾਲਣਾ ਦੀ ਗੱਲ ਕਰਦਿਆਂ ਕੀਤੀ। ਪਹਿਲੇ ਸੈਸ਼ਨ ਵਿੱਚ ਹੋਏ ਸਨਮਾਨ ਸਮਾਰੋਹ ਦੌਰਾਨ ਨਾਟਕਕਾਰ, ਰੰਗਕਰਮੀ ਤੇ ਨਿਰਦੇਸ਼ਕ ਡਾ. ਸਾਹਿਬ ਸਿੰਘ ਦਾ ਮੰਚ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਡਾ. ਸਾਹਿਬ ਸਿੰਘ ਨੇ ਆਖਿਆ ਕਿ ਜਿਸ ਕਰਮਯੋਗੀ ਦੀ ਯਾਦ ਵਿੱਚ ਮੈਨੂੰ ਇਹ ਸਨਮਾਨ ਦਿੱਤਾ ਗਿਆ ਹੈ, ਉਹ ਆਪਣੇ ਸਾਰਿਆਂ ਲਈ ਮਾਰਗ ਦਰਸ਼ਕ ਹੈ। ਇਹ ਸਨਮਾਨ ਮੇਰੇ ਵਾਸਤੇ ਇਸ ਲਈ ਉੱਤਮ ਹੈ ਕਿਉਂਕਿ ਕ੍ਰਿਸ਼ਨ ਬਰਗਾੜੀ ਦੀ ਜੀਵਨ ਘਾਲਣਾ ਤੇ ਤਰਕਸ਼ੀਲ ਲਹਿਰ ਲਈ ਯੋਗਦਾਨ ਨਿਵੇਕਲਾ, ਅਹਿਮ ਤੇ ਪ੍ਰੇਰਨਾਮਈ ਹੈ। ਉਨ੍ਹਾਂ ਕਿਹਾ ਕਿ ਨਾਟ ਕਲਾ ਰਾਹੀਂ ਜ਼ਿੰਦਗੀ ਤੇ ਸਮਾਜ ਨੂੰ ਸੁਖਾਵੇਂ ਰੁਖ ਤੋਰਨਾ ਲੋਕ ਪੱਖੀ ਕਲਾ ਦਾ ਧਰਮ ਹੈ। ਉਨ੍ਹਾਂ ਕ੍ਰਿਸ਼ਨ ਬਰਗਾੜੀ ਦੀ ਜੀਵਨ ਘਾਲਣਾ ਨੂੰ ਸਲਾਮ ਕਰਦਿਆਂ ਆਖਿਆ ਕਿ ਉਨ੍ਹਾਂ ਦੀ ਤਰਕਸ਼ੀਲ ਚੇਤਨਾ ਨਾਲ ਸਮਾਜ ਦਾ ਰਾਹ ਰੁਸ਼ਨਾਉਣ ਦੀ ਵਿਰਾਸਤ ਅੱਜ ਵੀ ਸਾਡਾ ਮਾਰਗ ਦਰਸ਼ਨ ਕਰਦੀ ਹੈ।

**ਦੂਸਰਾ ਸੈਸ਼ਨ:** ਇਸ ਸੈਸ਼ਨ ਵਿੱਚ 'ਫਿਰਕਾਪ੍ਰਸਤ ਤਾਕਤਾਂ ਵੱਲੋਂ ਇਤਿਹਾਸ 'ਤੇ ਹਮਲੇ' ਵਿਸ਼ੇ 'ਤੇ ਚਰਚਾ ਦਾ ਆਗਾਜ਼ ਹੋਇਆ। ਇਸ ਮੌਕੇ ਬੋਲਦਿਆਂ ਉੱਘੇ ਇਤਿਹਾਸਕਾਰ ਡਾ.ਸੁਭਾਸ਼ ਪਰਿਹਾਰ ਨੇ ਆਖਿਆ ਫਿਰਕਾਪ੍ਰਸਤ ਤਾਕਤਾਂ ਵੱਲੋਂ ਇਤਿਹਾਸ ਬਦਲਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਸੋਚੀ ਸਮਝੀ ਸਾਜਿਸ਼ ਦਾ ਸਿੱਟਾ ਹਨ ਜਿਸ ਦਾ ਮਕਸਦ ਭਗਵੇਂਕਰਨ ਰਾਹੀਂ ਫਿਰਕੂ ਫਾਸ਼ੀਵਾਦੀ ਸੋਚ ਨੂੰ ਉਤਸ਼ਾਹਿਤ ਕਰਕੇ ਲੋਕਾਂ ਵਿੱਚ ਧਰਮ, ਜਾਤ ਦੀਆਂ ਵੰਡੀਆਂ ਨੂੰ ਪੱਕਿਆਂ ਕਰਨਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਮਿਥਿਹਾਸ ਤੇ ਇਤਿਹਾਸ ਵਿੱਚ ਫ਼ਰਕ ਹੁੰਦਾ ਹੈ। ਜਦਕਿ ਮੌਜੂਦਾ ਹੁਕਮਰਾਨ ਮਿਥਿਹਾਸ ਨੂੰ ਇਤਿਹਾਸ ਬਣਾ ਕੇ ਪੇਸ਼ ਕਰਨ ਲਈ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਇਤਿਹਾਸ ਨੂੰ ਕੇਵਲ ਧਰਮ ਪ੍ਰਭਾਵਿਤ ਨਹੀਂ ਕਰਦਾ, ਸਗੋਂ ਹੋਰ ਅਨੇਕਾਂ ਆਰਥਿਕ, ਸਮਾਜਿਕ ਕਾਰਣ ਹਨ, ਜਿਹੜੇ ਇਤਿਹਾਸ ਵਿੱਚ ਆਪਣਾ ਰੋਲ ਅਦਾ ਕਰਦੇ ਹਨ। ਡਾ. ਪਰਿਹਾਰ ਨੇ ਆਖਿਆ ਕਿ ਫਿਰਕਾਪ੍ਰਸਤ ਤਾਕਤਾਂ ਦੀ ਧਰਮ ਦੇ ਸਾਏ ਹੇਠ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣ ਦੀ ਨੀਤੀ ਨੂੰ ਮਾਤ ਦੇਣ ਲਈ ਵਿਗਿਆਨਕ ਚੇਤਨਾ ਸਮੇਂ ਦੀ ਲੋੜ ਹੈ।

ਉਨ੍ਹਾਂ ਇਤਿਹਾਸ ਬਾਰੇ ਖ਼ੋਜ ਭਰਪੂਰ ਪੁਸਤਕਾਂ ਦਾ ਹਵਾਲਾ ਦਿੰਦਿਆਂ ਦਰਸ਼ਕਾਂ ਦੇ ਸ਼ੰਕੇ ਨਵਿਰਤ ਕੀਤੇ ਤੇ ਪੁੱਛੇ ਗਏ ਸੁਆਲਾਂ ਦੇ ਜੁਆਬ ਸਰਲ, ਭਾਵਪੂਰਤ ਢੰਗ ਨਾਲ ਦਿੱਤੇ। ਸਮਾਰੋਹ ਵਿੱਚ ਬੋਲਦਿਆਂ ਸਾਹਿਤ ਵਿਭਾਗ ਦੇ ਮੁਖੀ ਰਾਜਪਾਲ ਸਿੰਘ ਨੇ ਆਖਿਆ ਕਿ ਫਿਰਕਾਪ੍ਰਸਤੀ ਫੈਲਾਉਣ ਵਾਲੀਆਂ ਤਾਕਤਾਂ ਸੱਤਾ ਦੀ ਸ਼ਹਿ 'ਤੇ ਲੋਕਾਂ ਨੂੰ ਗੁੰਮਰਾਹ ਕਰਕੇ ਰਾਜ ਭਾਗ ਦੀ ਉਮਰ ਲੰਬੀ ਕਰਦੀਆਂ ਹਨ।

**ਸਮਾਪਤੀ ਵੱਲ:** ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਹੇਮ ਰਾਜ ਸਟੈਨੋ ਨੇ ਸਮਾਰੋਹ ਦੀ ਸਫ਼ਲਤਾ ਲਈ ਸਾਰਿਆਂ ਦਾ ਧੰਨਵਾਦ ਕੀਤਾ। ਇਸ ਸੂਬਾਈ ਸਮਾਰੋਹ ਵਿੱਚ ਰਾਜ ਭਰ ਦੀਆਂ ਤਰਕਸ਼ੀਲ ਇਕਾਈਆਂ ਤੋਂ ਇਲਾਵਾ ਰਾਜਿੰਦਰ ਕੌਰ ਬਰਗਾੜੀ, ਪ੍ਰੇਮ ਸਮਾਲਸਰ, ਮਾਸਟਰ ਰਾਮ ਕੁਮਾਰ ਭਦੌੜ, ਇਕੱਤਰ ਸੋਢੀ ਆਦਿ ਪਰਿਵਾਰਕ ਸਨੇਹੀਆਂ ਤੋਂ ਇਲਾਵਾ ਗੁਰਪ੍ਰੀਤ ਸਹਿਣਾ,ਰਾਜੇਸ਼ ਅਕਲੀਆ,ਜਸਵੰਤ ਮੁਹਾਲੀ, ਅਜਾਇਬ ਜਲਾਲੇਆਣਾ, ਮਾਸਟਰ ਕੁਲਜੀਤ ਅਬੋਹਰ,ਆਤਮਾ ਸਿੰਘ ਲੁਧਿਆਣਾ, ਸੁਖਦੇਵ ਫਗਵਾੜਾ, ਰਾਮ ਕੁਮਾਰ ਪਟਿਆਲਾ, ਜਰਨੈਲ਼ ਕ੍ਰਾਂਤੀ ਮੁਹਾਲੀ,ਅਜੀਤ ਪ੍ਰਦੇਸੀ ਰੋਪੜ, ਸੱਤਪਾਲ ਸਲੋਹ, ਚੰਨਣ ਵਾਂਦਰ, ਜਸਵੰਤ ਜੱਸ, ਅੰਮ੍ਰਿਤ ਰਿਸ਼ੀ, ਮਾਸਟਰ ਪਰਮਵੇਦ ਆਦਿ ਅਨੇਕਾਂ ਆਗੂ ਵੀ ਮੌਜੂਦ ਸਨ।

# ਪੇਸ਼ਕਦਮੀਆਂ

**ਤਰਕਸ਼ੀਲ ਸੁਸਾਇਟੀ ਯੂ.ਕੇ. ਅਤੇ ਖਟਕੜ ਕਲਾਂ ਨਿਵਾਸੀਆਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਬਰਮਿੰਘਮ ਵਿਖੇ ਦਿੱਲੀ ਕਿਸਾਨ ਮਜ਼ਦੂਰ ਅੰਦੋਲਨ ਨੂੰ ਸਮਰਪਿਤ ਕੀਤਾ ਗਿਆ ਪ੍ਰੋਗਰਾਮ :** ਇਹ ਪ੍ਰੋਗਰਾਮ ਰਾਏ ਫੰਕਸ਼ਨ ਹਾਲ, ਹੈਂਡਜ਼ਵਰਥ, ਬਰਮਿੰਘਮ ਵਿਖੇ ਕਰਵਾਇਆ ਗਿਆ। ਇਸ ਪ੍ਰੋਗਰਾਮ ਨੂੰ ਸਥਾਨਕ ਪੰਜਾਬੀ ਭਾਈਚਾਰੇ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਲੋਕਾਂ ਦੀ ਹਾਜ਼ਰੀ ਦਾ ਆਲਮ ਇਹ ਸੀ ਕਿ ਦਰਸ਼ਕਾਂ ਨੂੰ ਖੜੇ ਹੋ ਕੇ ਪ੍ਰੋਗਰਾਮ ਵੇਖਣਾ ਪਿਆ।

ਪ੍ਰੋਗਰਾਮ ਦੀ ਸ਼ੁਰੂਆਤ ਤਰਕਸ਼ੀਲ ਸੁਸਾਇਟੀ ਯੂ.ਕੇ. ਦੇ ਪ੍ਰਧਾਨ ਅਵਤਾਰ ਅਟਵਾਲ ਨੇ ਲੋਕਾਂ ਨੂੰ ਜੀ ਆਇਆਂ ਆਖ ਕੇ ਕੀਤੀ। ਪ੍ਰਧਾਨ ਅਟਵਾਲ ਜੀ ਤੋਂ ਬਾਅਦ ਸੁਸਾਇਟੀ ਦੇ ਜਨਰਲ ਸਕੱਤਰ ਸੁਰਿੰਦਰਪਾਲ ਵਿਰਦੀ ਜੀ ਨੇ ਸੁਸਾਇਟੀ ਦੇ ਕੰਮਾਂ ਬਾਰੇ ਅਤੇ ਆਉਣ ਵਾਲੇ ਸਮੇਂ ਵਿੱਚ ਸੁਸਾਇਟੀ ਦੇ ਕੰਮਾਂ ਦੀਆਂ ਯੋਜਨਾਵਾਂ ਬਾਰੇ ਜਾਣੂੰ ਕਰਵਾਇਆ। ਤਰਕਸ਼ੀਲ ਅਤੇ IWA ਦੇ ਮੈਂਬਰਾਂ ਵੱਲੋਂ ਤਿਆਰ ਕੋਰੀਓਗ੍ਰਾਫੀ ‘ਪਗੜੀ ਸੰਭਾਲ ਜੱਟਾ’ ਦੀ ਪੇਸ਼ਕਾਰੀ ਬਹੁਤ ਹੀ ਬਾਖੂਬੀ ਢੰਗ ਨਾਲ ਹੋਈ।

ਸਥਾਨਕ ਕਲਾਕਾਰਾਂ ਨੇ ਗੀਤ ਗਾ ਕੇ ਸਰੋਤਿਆਂ ਨੂੰ ਬੰਨ੍ਹੀ ਰੱਖਿਆ। ਬੂਟਾ ਪ੍ਰਦੇਸੀ, ਬਲਵੀਰ ਭੁਝੰਗੀ, ਜਿਨ ਤੇ ਸੀਤਲ ਦੀ ਜੋੜੀ, ਬਲਵਿੰਦਰ ਸਫਰੀ ਨੇ ਆਪਣੀ ਹਾਜ਼ਰੀ ਭਰੀ। ਬੱਚਿਆਂ ਦੀ ਢੋਲ ਟੀਮ ਨੇ ਵੀ ਆਪਣੇ ਜੌਹਰ ਵਿਖਾਏ। ਵਿਰਦੀ ਜੀ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਸੋਚ ਬਾਰੇ ਵਿਸਥਾਰ ਨਾਲ ਦੱਸਿਆ। ਉਹਨਾਂ ਤੋਂ ਇਲਾਵਾ IWA ਦੇ ਬੁਲਾਰੇ ਭਗਵੰਤ ਸਿੰਘ, ਰਜਿੰਦਰ ਦੂਲੇ ਅਤੇ ਕਾਂਸ਼ੀ ਟੀਵੀ ਦੇ ਪ੍ਰੀਜੈਨਟਰ ਧਰਮ ਚੰਦ ਮਹੇ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ। ਗੁਰਦਿਆਲ ਖੁਸ਼ਦਿਲ ਦੀ ਜਾਦੂ ਦੀ ਕਲਾ ਵੇਖਕੇ ਦਰਸ਼ਕਾਂ ਦੀਆਂ ਅੱਖਾਂ ਹੈਰਾਨੀ ਨਾਲ ਅੱਡੀਆਂ ਰਹਿ ਗਈਆਂ। ਖੁਸ਼ਦਿਲ ਨੇ ਜਦੋਂ ਜਾਦੂ ਦੇ ਕੁੱਝ ਭੇਦ ਖੋਹਲੇ ਅਤੇ ਦੱਸਿਆ ਕਿ ਕਿਵੇਂ ਇਹੋ ਜਿਹੇ ਟਰਿੱਕ ਕਰਕੇ ਪਾਖੰਡੀ ਬਾਬੇ ਸਾਨੂੰ ਲੁੱਟਦੇ ਹਨ ਤਾਂ ਹਾਜ਼ਰੀਨ ਅਸ਼ ਅਸ਼ ਕਰ ਉੱਠੇ। ਨਿਰਮਲ ਸੰਘਾ ਜੀ ਨੇ ਵੀ ਸੰਬੋਧਿਤ ਕੀਤਾ। ਉਹਨਾਂ ਨੇ ਸਿੰਘੂ ਬਾਰਡਰ ਤੇ ਬਿਤਾਏ ਸਮੇਂ ਦੇ ਅਨੁਭਵ ਸਾਂਝੇ ਕੀਤੇ ਅਤੇ ਵਿਸਥਾਰ ਨਾਲ ਕਿਸਾਨਾਂ ਦੀਆਂ ਸਮੱਸਿਆਵਾਂ, ਉਹਨਾਂ ਦੀਆਂ ਘਾਲਣਾਵਾਂ, ਜਿਗਰੇ ਅਤੇ ਕੁਰਬਾਨੀ ਬਾਰੇ ਦੱਸਿਆ। ਸੁਸਾਇਟੀ ਦੇ ਦੋ ਸਾਬਕਾ ਪ੍ਰਧਾਨ ਅੱਛਰ ਸਿੰਘ ਖਰਲਵੀਰ ਅਥੇ ਬਲਵੀਰ ਰੱਤੂ ਜੀ ਨੇ ਵੀ ਸੰਖੇਪ ਸ਼ਬਦਾਂ ਦੀ ਸਾਂਝ ਪਾਈ। ਸੁਸਾਇਟੀ ਨੇ ਕਿਤਾਬਾਂ ਦਾ ਸਟਾਲ ਵੀ ਲਗਾਇਆ। ਇਹ ਜ਼ਿੰਮੇਵਾਰੀ ਭਾਰਤ ਭੂਸ਼ਣ ਜੀ ਨੇ ਨਿਭਾਈ।

ਸਟੇਜ ਸੰਚਾਲਨ ਡਾ. ਹਰੀਸ਼ ਮਲਹੋਤਰਾ ਜੀ ਨੇ ਬਾਖੂਬੀ ਕੀਤਾ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਕੁਲਵੰਤ ਮਰਾੜ, ਸੱਚਦੇਵ ਵਿਰਦੀ, ਭਗਵੰਤ ਸਿੰਘ, ਨਵਦੀਪ ਸਹੋਤਾ, ਸੁਰਿੰਦਰਪਾਲ ਵਿਰਦੀ, ਅਸ਼ਵਨੀ ਕੁਮਾਰ, ਹਰਜੀਤ ਸਿੰਘ, ਰਾਜਿੰਦਰ ਦੂਲੇ ਅਤੇ ਧਰਮਿੰਦਰ ਸਿੰਘ ਨੇ ਖਾਸ ਭੂਮਿਕਾ ਨਿਭਾਈ। ਉੱਥੇ ਹੀ ਕਾਂਸ਼ੀ ਟੀ.ਵੀ. ਅਤੇ ਬਰਮਿੰਘਮ ਤੋਂ ਛਪਦੇ ਸਪਤਾਹਿਕ ਪੰਜਾਬੀ ਅਖਬਾਰ ‘ਸਮਾਜ ਵੀਕਲੀ’ ਨੇ ਵੀ ਇਸ ਪ੍ਰੋਗਰਾਮ ਦਾ ਸੁਨੇਹਾ ਘਰ ਘਰ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ। **ਕੁਲਵੰਤ ਸਿੰਘ ਮਰਾੜ (ਬਰਮਿੰਘਮ)**

**ਇਕਾਈ ਰੋਪੜ - 12 ਦਸੰਬਰ** - ਦਿੱਲੀ ਦਾ ਮਹਾਨ ਅਤੇ ਇਤਿਹਾਸਕ ਕਿਸਾਨੀ ਘੋਲ ਜਿੱਤਣ ਤੋਂ ਬਾਅਦ ਵਾਪਸ ਪਰਤ ਰਹੇ ਕਿਸਾਨਾਂ ਦੇ ਸਵਾਗਤੀ ਪ੍ਰੋਗਰਾਮ ’ਚ ਅਸ਼ੋਕ ਕੁਮਾਰ, ਪਵਨ ਰੱਤੋਂ, ਹਰਵਿੰਦਰ ਸੁਖਰਾਮ ਪੁਰੀ, ਅਜੀਤ ਪ੍ਰਦੇਸੀ ਅਤੇ ਦਵਿੰਦਰ ਸਰਥਲੀ ਵੱਲੋਂ ਸ਼ਮੂਲੀਅਤ ਕੀਤੀ ਗਈ।

**8 ਜਨਵਰੀ** - ਪੰਜਾਬ ਸਰਕਾਰ ਦੀਆਂ ਨੀਤੀਆਂ ਤੋਂ ਤੰਗ ਆ ਕੇ ਪੰਜਾਬ ਰੋਡਵੇਜ਼ ਰੂਪਨਗਰ ਵਿਖੇ ਚੱਲ ਰਹੇ ਰੋਸ ਧਰਨੇ ਵਿੱਚ ਅਸ਼ੋਕ ਕੁਮਾਰ, ਪਵਨ ਕੁਮਾਰ, ਅਜੀਤ ਪਰਦੇਸੀ ਵੱਲੋਂ ਭਰਾਤਰੀ ਜਥੇਬੰਦੀ ਦੇ ਤੌਰ ’ਤੇ ਸ਼ਮੂਲੀਅਤ ਕੀਤੀ ਗਈ।

**31 ਜਨਵਰੀ** - ਮੋਦੀ ਸਰਕਾਰ ਖਿਲਾਫ਼ ਪੰਜਾਬ ਦੇ ਸਾਰੇ ਜਿਲ੍ਹਿਆਂ ਵਿੱਚ ਡੀ.ਸੀ. ਦਫ਼ਤਰਾਂ ਦੇ ਸਾਹਮਣੇ ਵਿਸ਼ਵਾਸਘਾਤ ਦਿਵਸ ’ਤੇ ਪ੍ਰੋਗਰਾਮ ਰੱਖੇ ਗਏ। ਮੋਰਚੇ ਦੇ ਜਿਲ੍ਹਾ ਰੋਪੜ ਵੱਲੋਂ ਵੀ ਡੀ.ਸੀ. ਦਫਤਰ ਰੋਪੜ ਸਾਹਮਣੇ ਧਰਨਾ ਦਿੱਤਾ ਗਿਆ। ਅਜੀਤ ਪਰਦੇਸੀ, ਪਵਨ ਰੱਤੋਂ, ਹਰਵਿੰਦਰ ਸੁਖਰਾਮਪੁਰੀ ਅਤੇ ਬਲਵੀਰ ਖੈਰਾਬਾਦ ਹਾਜ਼ਰ ਹੋਏ।

**1 ਫਰਵਰੀ** - ਸੀਨੀਅਰ ਸੈਕੰਡਰੀ ਸਕੂਲ ਨੂਰਪੁਰਬੇਦੀ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਤਖਤਗੜ੍ਹ ਵਿਖੇ ਪ੍ਰੋਗਰਾਮ ਪੇਸ਼ ਕੀਤੇ ਗਏ ਜਿਸ ਵਿੱਚ ਅਜੀਤ ਪ੍ਰਦੇਸੀ, ਦਵਿੰਦਰ ਸਰਥਲੀ, ਪਵਨ ਰੱਤੋ ਅਤੇ ਅਸ਼ੋਕ ਕੁਮਾਰ ਵੱਲੋਂ ਆਪਣੇ ਵਿਚਾਰ ਅਤੇ ਜਾਦੂ ਟਰਿੱਕ ਵੀ ਪੇਸ਼ ਕੀਤੇ ਗਏ।

**ਗਿਆਨ ਚੰਦ**

**ਇਕਾਈ ਅੰਮ੍ਰਿਤਸਰ** - 1. ਸਰਕਾਰ ਤੋਂ ਵਿੱਦਿਅਕ ਅਦਾਰੇ ਖੁਲਵਾਉਣ ਦੀ ਮੰਗ ਨੂੰ ਲੈ ਕੇ ਇੱਕ ਜਨਤਕ ਮੀਟਿੰਗ ਕੀਤੀ ਗਈ।

2. ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ’ਤੇ 31 ਜਨਵਰੀ ਨੂੰ ਬੀ.ਕੇ.ਯੂ. ਉਗਰਾਹਾਂ ਵੱਲੋਂ ਡੀ.ਸੀ. ਦਫ਼ਤਰ ਵਿਖੇ ਵਿਸ਼ਵਾਸ ਘਾਤ ਦਿਵਸ ਮੌਕੇ ’ਤੇ ਕੀਤੇ ਇਕੱਠ ਵਿੱਚ ਇਕਾਈ ਵੱਲੋਂ

ਸੁਮੀਤ ਸਿੰਘ ਨੇ ਸੰਬੋਧਨ ਕੀਤਾ। ਲੋਕ ਮੋਰਚਾ ਪੰਜਾਬ ਵੱਲੋਂ ਬਟਾਲਾ ਵਿਖੇ 'ਇਨਕਲਾਬੀ ਬਦਲ ਉਸਾਰੋ' ਮੁਹਿੰਮ ਵਿੱਚ ਹਿੱਸਾ ਲਿਆ।

3. ਵਿਸ਼ੇਸ਼ ਮੀਟਿੰਗ : ਡਾ. ਸ਼ਿਆਮ ਸੁੰਦਰ ਦੀਪਤੀ ਜੀ ਦੀ ਪ੍ਰਧਾਨਗੀ ਹੇਠ ਉਹਨਾਂ ਦੀ ਰਿਹਾਇਸ਼ 'ਤੇ ਕੀਤੀ ਗਈ, ਜਿਸ ਵਿੱਚ ਪੰਜਾਬ ਦੀਆਂ ਸਮੂਹ ਸਿਆਸੀ ਪਾਰਟੀਆਂ, ਉਮੀਦਵਾਰਾਂ ਤੋਂ ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਿਸ਼ੀਆਂ ਆਦਿ ਖਿਲਾਫ਼ ਕਾਰਵਾਈ ਦਾ ਏਜੰਡਾ ਆਪਣੇ ਚੋਣ ਮੈਨੀਫੈਸਟੋ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਗਈ। ਕਰਨਾਟਕਾ 'ਚ ਸੰਘੀਆਂ ਵੱਲੋਂ ਕੀਤੀ ਗੁੰਡਾਗਰਦੀ ਦੀ ਨਿਖੇਧੀ ਕੀਤੀ ਗਈ।

ਇਹਨਾਂ ਸਰਗਰਮੀਆਂ ਵਿੱਚ ਜਸਪਾਲ ਬਾਸਰਕਾ, ਅਸ਼ਵਨੀ ਕੁਮਾਰ, ਸੁਮੀਤ ਸਿੰਘ, ਡਾ. ਦੀਪਤੀ, ਮਨਜੀਤ ਬਾਸਰਕਾ, ਕੁਲਜੀਤ ਵੇਰਕਾ ਆਦਿ ਨੇ ਸੰਬੋਧਨ ਕੀਤਾ ਅਤੇ ਸੁਖਮੀਤ ਸਿੰਘ, ਊਸ਼ਾ ਦੀਪਤੀ, ਹਰਜਿੰਦਰ ਜਲਾਲਪੁਰ, ਕਾਮਰੇਡ ਬਲਵਿੰਦਰ ਦੁਧਾਲਾ, ਬੀਐੱਮ. ਸਿੰਘ, ਰਮੇਸ਼ ਕੁਮਾਰ, ਬਨਾਰਸੀ ਦਾਸ, ਮੇਜਰ ਸਿੰਘ, ਸ਼ਕਤੀ ਕੁਮਾਰ, ਬਲਦੇਵ ਰਾਜ ਵੇਰਕਾ, ਰਾਜ ਵੇਰਕਾ, ਕੰਵਲਜੀਤ ਸਿੰਘ, ਹੇਮੰਤ ਕੁਮਾਰ, ਨਵਰੀਤ, ਰਾਜ ਕੁਮਾਰ ਵੇਰਕਾ ਆਦਿ ਸ਼ਾਮਲ ਹੋਏ।

**ਸੁਮੀਤ ਸਿੰਘ**

**ਇਕਾਈ ਸੰਗਰੂਰ - ਵਿਚਾਰ ਗੋਸ਼ਟੀ - ਵਿਸ਼ਾ 'ਸਿਹਤ ਸੇਵਾਵਾਂ ਅਤੇ ਤਰਕਸ਼ੀਲ ਸੋਚ'** : ਸਥਾਨਕ ਬੀ.ਐੱਸ.ਐੱਨ.ਐੱਲ. ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਸਥਾਨਕ ਸਿਟੀ ਪਾਰਕ ਵਿਖੇ ਇਹ ਵਿਚਾਰ ਗੋਸ਼ਟੀ ਆਯੋਜਿਤ ਕੀਤੀ ਗਈ। ਐਸੋਸੀਏਸ਼ਨ ਦੇ ਪ੍ਰਧਾਨ ਰਘਵੀਰ ਸਿੰਘ ਨੇ ਮਾ. ਪਰਮਵੇਦ, ਚਰਨ ਕਮਲ ਸਿੰਘ, ਗੁਰਦੀਪ ਸਿੰਘ ਅਧਾਰਿਤ ਤਰਕਸ਼ੀਲ ਟੀਮ ਦਾ ਸਵਾਗਤ ਕੀਤਾ। ਗੋਸ਼ਟੀ ਦੇ ਮੁੱਖ ਬੁਲਾਰੇ ਪਰਮਵੇਦ ਜੀ ਨੇ ਸੰਬੋਧਨ ਕੀਤਾ। ਸਵਾਲ ਜਵਾਬ ਦੇ ਸੈਸ਼ਨ ਵਿੱਚ ਰਾਜ ਕੁਮਾਰ ਸ਼ਰਮਾ, ਐੱਲ. ਐੱਨ. ਬਾਂਸਲ, ਸੁਰਿੰਦਰ ਪਾਲ, ਅਸ਼ਵਨੀ ਲਹਿਰਾ, ਹਰਪ੍ਰੀਤ ਸਿੰਘ ਲਹਿਰਾ, ਮੂਲਚੰਦ, ਯਸ਼ਪਾਲ, ਸੁਖਦੇਵ ਸਿੰਘ, ਮਹਿੰਦਰ ਸਿੰਘ, ਗੁਰਦਰਸ਼ਨ ਸਿੰਘ, ਬਲਦੇਵ ਸਿੰਘ, ਰਣਬੀਰ ਸਿੰਘ, ਬੁੱਧ ਰਾਮ ਗੋਇਲ, ਚਰਨਜੀਤ ਕੌਰ ਆਦਿ ਨੇ ਭਾਗ ਲਿਆ। ਤਰਕਸ਼ੀਲ ਸਾਹਿਤ ਵੰਡਿਆ। ਰਘਵੀਰ ਸਿੰਘ ਨੇ ਸਟੇਜ ਸੰਚਾਲਨ ਤੇ ਸੁਰਿੰਦਰ ਪਾਲ ਨੇ ਧੰਨਵਾਦ ਕੀਤਾ।

**ਇਕਾਈ ਜਲੰਧਰ** - 17 ਫਰਵਰੀ ਨੂੰ ਬਰਨਾਲਾ ਵਿਖੇ ਲੋਕ ਕਲਿਆਣ ਰੈਲੀ ਵਿੱਚ ਭਾਗ ਲਿਆ। ਕਿਤਾਬਾਂ ਦਾ ਸਟਾਲ ਲਾਇਆ। ਨਸੀਬ ਚੰਦ ਬੱਬੀ ਅਤੇ ਪਰਮਜੀਤ ਸਿੰਘ ਕਿਰਤੀ ਸ਼ਾਮਲ ਹੋਏ।

**ਨਸੀਬ ਚੰਦ ਬੱਬੀ**

**ਮਾਘੀ 'ਤੇ ਤਿੰਨ ਰੋਜ਼ਾ ਤਰਕਸ਼ੀਲ ਨਾਟ ਮੇਲਾ** : ਤਰਕਸ਼ੀਲ ਸੁਸਾਇਟੀ ਪੰਜਾਬ ਦੇ ਮੁਕਤਸਰ ਫਾਜ਼ਿਲਕਾ ਜ਼ੋਨ ਵੱਲੋਂ ਮਾਘੀ ਮੇਲਾ ਮੁਕਤਸਰ ਵਿਖੇ 20 ਵਾਂ ਤਿੰਨ ਰੋਜ਼ਾ ਤਰਕਸ਼ੀਲ ਨਾਟਕ ਮੇਲਾ 14,15 ਤੇ 16 ਜਨਵਰੀ 2022 ਨੂੰ ਕਰਵਾਇਆ ਗਿਆ। ਜਿਸ ਲਈ ਅਬੋਹਰ, ਫਾਜ਼ਿਲਕਾ, ਗੁਰੂਹਰਸਹਾਏ ਤੇ ਮੁਕਤਸਰ ਲੱਖੇਵਾਲੀ ਇਕਾਈਆਂ ਨੇ ਭਰਵਾਂ ਯੋਗਦਾਨ ਦਿੱਤਾ। ਕਲਾ ਦੀਆਂ ਵੱਖ-ਵੱਖ ਵੰਨਗੀਆਂ ਨਾਲ ਵਿਗਿਆਨਕ ਚੇਤਨਾ ਤੇ ਚੰਗੇਰੀ ਜ਼ਿੰਦਗੀ ਦਾ ਸੁਨੇਹਾ ਦੇਣ ਲਈ ਤਿੰਨ ਰੋਜ਼ਾ ਮੇਲੇ ਵਿੱਚ ਲੋਕ ਕਲਾ ਮੰਚ ਮਾਨਸਾ ਤੇ ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੀਆਂ ਨਾਟਕ ਟੀਮਾਂ ਵੱਲੋਂ 'ਬੇਗਾਨੇ ਬੋਹੜ ਦੀ ਛਾਂ', 'ਇਹ ਲਹੂ ਕਿਸ ਦਾ ਹੈ 'ਤੇ 'ਕਿਰਤੀ' ਨਾਟਕਾਂ ਦਾ ਸਫ਼ਲ ਮੰਚਨ ਕੀਤਾ ਗਿਆ। ਮੇਲੇ ਵਿਚ ਜੁੜੇ ਲੋਕਾਂ ਨੂੰ ਸੁਸਾਇਟੀ ਦੇ ਸੂਬਾਈ ਆਗੂ ਰਾਜਿੰਦਰ ਭਦੌੜ ਨੇ ਸੰਬੋਧਨ ਕੀਤਾ। ਮੇਲੇ ਵਿਚ ਲੋਕ ਸੰਗੀਤ ਮੰਡਲੀ ਜੀਦਾ ਦੇ ਕਲਾਕਾਰਾਂ ਨੇ ਜਗਸੀਰ ਜੀਦਾ ਤੇ ਗੁਰਦਾਸ ਗੁਰੂਸਰ ਦੀ ਅਗਵਾਈ ਵਿਚ ਲੋਕ ਬੋਲੀਆਂ ਤੇ ਅਗਾਂਹਵਧੂ ਗੀਤਾਂ ਨਾਲ ਹਾਜਰੀ ਲਵਾਉਂਦਿਆ ਲੋਕ ਸੋਚ ਨੂੰ ਹਲੂਣਾ ਦਿੱਤਾ। ਹੱਕ ਮੰਗੀਏ ਬਰਾਬਰ ਦੇ ਜਿਹੇ ਗੀਤਾਂ ਨਾਲ ਲੋਕ ਪੱਖੀ ਕਲਾ ਦਾ ਰੰਗ ਬਿਖੇਰਿਆ। ਜਾਦੂ ਕਲਾ ਦੇ ਭੇਦ ਸਮਝਾਉਣ ਤੇ ਗੈਬੀ ਸ਼ਕਤੀਆਂ ਦਾ ਡਰ ਮਿਟਾਉਣ ਲਈ ਸੁਖਦੇਵ ਮਲੂਕਪੁਰੀ ਨੇ ਜਾਦੂ ਦੇ ਅਨੇਕ ਖੇਲ ਵਿਖਾ ਕੇ ਮੇਲੀਆਂ ਦਾ ਮਨੋਰੰਜਨ ਕੀਤਾ। ਪੰਡਾਲ ਵਿਚ ਲੱਗੀ ਪੁਸਤਕ ਸਟਾਲ ਤੋਂ ਪੁਸਤਕਾਂ ਖਰੀਦਣ ਵਿਚ ਮੇਲੀਆਂ ਨੇ ਭਰਵੀਂ ਰੁਚੀ ਵਿਖਾਈ। ਕਲਾ ਨਾਲ ਲੋਕਾਂ ਦੇ ਹੱਥਾਂ ਚ ਪੁਸਤਕਾਂ ਦੇਣ ਦਾ ਅਮਲ ਤਿੰਨੇ ਦਿਨ ਚਲਦਾ ਰਿਹਾ। ਸੁਸਾਇਟੀ ਦੇ ਆਗੂਆਂ ਕੁਲਜੀਤ ਡੰਗਰਖੇੜਾ, ਪਰਵੀਨ ਜੰਡ ਵਾਲਾ ਤੇ ਬੂਟਾ ਸਿੰਘ ਵਾਕਫ਼ ਨੇ ਦੱਸਿਆ ਕਿ ਗੁਰਸ਼ਰਨ ਸਿੰਘ ਵਰਗੇ ਲੋਕ ਨਾਟਕਕਾਰਾਂ ਤੋਂ ਪ੍ਰੇਰਨਾ ਲੈ ਕੇ 20 ਸਾਲਾਂ ਤੋਂ ਚੇਤਨਾ ਦਾ ਛੱਟਾ ਦੇਣ ਦਾ ਯਤਨ ਜਾਰੀ ਹੈ ਜਿਸ ਨੂੰ ਮੇਲੀਆਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ। ਮੇਲੇ ਦੇ ਮੰਚ ਤੋਂ ਰੰਗਕਰਮੀ ਇੱਕਤਰ ਸਿੰਘ ਤੇ ਸੁਭਾਸ਼ ਬਿੱਟੂ ਮਾਨਸਾ ਦਾ ਸਨਮਾਨ ਕੀਤਾ ਗਿਆ। ਮੇਲੇ ਦੀ ਸਫ਼ਲਤਾ ਲਈ ਬਲਦੇਵ ਲੱਧੂਵਾਲਾ, ਪਰਮਿੰਦਰ ਖੋਖਰ, ਗੁਰਮੀਤ ਭਲਵਾਨ, ਭਗਤ ਸਿੰਘ ਚਿਮਨੇਵਾਲਾ, ਸੁਰਿੰਦਰ ਗੰਜੂਆਣਾ, ਭੁਪਿੰਦਰ ਵੜਿੰਗ, ਸ਼ਿਵਰਾਜ ਖੁੰਡੇ ਹਲਾਲ ਨੇ ਭਰਵਾਂ ਸਹਿਯੋਗ ਦਿੱਤਾ। ਮੰਚ ਸੰਚਾਲਨ ਦੀ ਜਿੰਮੇਵਾਰੀ ਰਾਮ ਸਵਰਨ ਲੱਖੇਵਾਲੀ ਨੇ ਨਿਭਾਈ। ਗਿਆਨ, ਚੇਤਨਾ ਤੇ ਪੁਸਤਕ ਸਭਿਆਚਾਰ ਨਾਲ ਸਮਾਜ ਨੂੰ ਪ੍ਰੇਰਨਾ ਦਿੰਦਾ ਇਹ ਨਾਟ ਮੇਲਾ ਜੁੜੇ ਦਰਸ਼ਕਾਂ ਦੇ ਮਨ ਰੁਸ਼ਨਾ ਗਿਆ।

**ਬੂਟਾ ਸਿੰਘ ਵਾਕਿਫ਼**

# ਆਰਥਿਕ ਸਹਾਇਤਾ

**ਸੂਬਾ ਕਮੇਟੀ ਲਈ**

ਰਿਟ. ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ, (ਮੁਖੀ ਇਕਾਈ ਸ਼ਾਹਕੋਟ ਵੱਲੋਂ) ਆਪਣੀ ਬੇਟੀ ਅਵਨੀਤ ਕੌਰ ਦੇ ਦਲਜੀਤ ਸਿੰਘ ਸਪੁੱਤਰ ਕੁਲਵਿੰਦਰ ਸਿੰਘ (ਮਹਿਲ ਕਲਾਂ) ਨਾਲ ਵਿਆਹ ਦੇ ਮੌਕੇ 10000

**ਮੈਗਜ਼ੀਨ ਲਈ**

ਜੀਤੋ ਮਾਨ, ਮੁੱਖ-ਅਧਿਆਪਕਾ, ਸ. ਹਾਈ ਸਕੂਲ ਭਾਗੂ (ਬਠਿੰਡਾ) ਵੱਲੋਂ (ਆਪਣੀ ਸੇਵਾ ਨਵਿਰਤੀ 'ਤੇ) 1100

**ਇਕਾਈ ਬਠਿੰਡਾ ਲਈ**

1. ਗੁਰਦੇਵ ਸਿੰਘ ਗਿੱਲ ਸਾਬਕਾ ਏ.ਡੀ. ਪੀ.ਆਈ. ਸਿੱਖਿਆ ਵਿਭਾਗ ਪੰਜਾਬ 1000
2. ਵੀਰ ਸਿੰਘ ਲੈਕਚਰਾਰ ਸ.ਸ.ਸ.ਸ. ਭੋਖੜਾ 3000
3. ਗੁਰਵਿੰਦਰ ਸਿੰਘ ਮੈਂਬਰ ਇਕਾਈ ਬਠਿੰਡਾ 2100
4. ਕੁਲਦੀਪ ਸਿੰਘ Ex. JE ਅਜੀਤ ਰੋਡ ਬਠਿੰਡਾ 500
5. ਮਾਸਟਰ ਮੇਵਾ ਸਿੰਘ ਪਿੰਡ ਕੁਟੀ 1000
6. ਰਾਜ ਕੁਮਾਰ ਬਾਂਸਲ 1000
7. ਗੁਰਟੇਕ ਸਿੰਘ, ਡੈਸਕ ਕੰਟਰੋਲਰ ਥਰਮਲ ਲਹਿਰਾ ਮੁਹੱਬਤ ਵੱਲੋਂ (ਆਪਣੀ ਸੇਵਾ ਨਵਿਰਤੀ 'ਤੇ) (ਬਿਕਰਮਜੀਤ ਰਾਹੀਂ) 1000
8. ਅਰਮਾਨਦੀਪ ਸਿੰਘ ਸਿੱਧੂ ਸਪੁੱਤਰ ਗੁਰਸ਼ੀਲ ਸਿੰਘ ਆਦਰਸ਼ ਨਗਰ ਬਠਿੰਡਾ ਵੱਲੋਂ (ਬੇਟੇ ਦੇ ਵਿਆਹ ਦੀ ਖੁਸ਼ੀ ਵਿੱਚ) (ਬਿਕਰਮਜੀਤ ਰਾਹੀਂ) 1100
9. ਗੁਰਬੀਰ ਸਿੰਘ ਇੰਸਪੈਕਟਰ ਫੂਡ ਸਪਲਾਈ ਬਠਿੰਡਾ 2000
10. ਗੁਰਜਿੰਦਰ ਸਿੰਘ ਲੈਕਚਰਾਰ ਪੋਲ. ਸਾਇੰਸ, ਸ.ਸ.ਸ.ਸ. ਭਗਵਾਨਗੜ੍ਹ 1000
11. ਬੀਰਵਿੰਦਰ ਸਿੰਘ ਪਰਸਨਲ ਸੈਕਟਰੀ ਪਾਵਰਕਾਮ ਥਰਮਲ, ਬਠਿੰਡਾ 1000
12. ਜਵਾਹਰ ਲਾਲ ਸਾਬਕਾ ਸਹਾਇਕ ਕਾਰਜਕਾਰੀ ਇੰਜਨੀਅਰ, ਪਾਵਰਕਾਮ 1000
13. ਸਰਬਜੀਤ ਸਿੰਘ ਗਿੱਲ ਲੈਕ. ਡਾਇਟ ਦਿਉਣ, ਬਠਿੰਡਾ 1000
14. ਮਾਤਾ ਰਣਜੀਤ ਕੌਰ ਪਿੰਡ ਚੱਕ ਅਤਰ ਸਿੰਘ ਵਾਲਾ ਦੇ ਸਤਿਕਾਰ ਸਮਾਗਮ ਸਮੇਂ ਉਹਨਾਂ ਦੇ ਪੁੱਤਰ ਗੁਰਚਰਨ ਸਿੰਘ ਵੱਲੋਂ 2100
15. ਪ੍ਰਿੰਸੀਪਲ ਮਨਜੀਤ ਸਿੰਘ ਸ.ਸ. ਸਿਵੀਆਂ 2100

**ਮੈਗਜ਼ੀਨ ਲਾਈਫ ਮੈਂਬਰਸ਼ਿਪ**

ਸਿਕੰਦਰ ਸਿੰਘ, ਮਕਾਨ ਨੰ. 181, ਹਾਊਸਫੈੱਡ ਕਲੋਨੀ, ਬਠਿੰਡਾ-151001

**ਮੁਕਤਸਰ ਫਾਜ਼ਿਲਕਾ ਜ਼ੋਨ ਲਈ**

ਮਾਸਟਰ ਗੁਰਜਿੰਦਰ ਡੋਹਕ ਦੀ ਯਾਦ ਵਿੱਚ ਸਾਬਕਾ ਸਰਪੰਚ ਟਿੱਕਾ ਸਿੰਘ ਸੰਧੂ, ਡੋਹਕ ਪਰਿਵਾਰ ਵੱਲੋਂ 5100

**ਬਰਗਾੜੀ ਕੇਂਦਰ ਲਈ**

ਬਲਦੇਵ ਫਰਨੀਚਰ ਹਾਊਸ ਬਾਜਾਖਾਨਾ 3000
ਸੁਖਪਾਲ ਸਿੰਘ ਨੰਬਰਦਾਰ, ਬਰਗਾੜੀ 2000
ਬਲਦੇਵ ਸਿੰਘ ਬਠਿੰਡਾ 1000
ਲਖਵਿੰਦਰ ਸਿੰਘ ਵੜਿੰਗ 1000
ਮਾਸਟਰ ਪਰਮਪਾਲ ਸਿੰਘ 2000

**ਇਕਾਈ ਸ਼ਾਹਕੋਟ ਲਈ**

ਰਿਟ. ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ, (ਮੁਖੀ ਇਕਾਈ ਸ਼ਾਹਕੋਟ) ਵੱਲੋਂ ਆਪਣੀ ਬੇਟੀ ਅਵਨੀਤ ਕੌਰ ਦੇ ਦਲਜੀਤ ਸਿੰਘ ਸਪੁੱਤਰ ਕੁਲਵਿੰਦਰ ਸਿੰਘ (ਮਹਿਲ ਕਲਾਂ) ਨਾਲ ਵਿਆਹ ਦੇ ਮੌਕੇ 10000

**ਇਕਾਈ ਲੁਧਿਆਣਾ ਲਈ**

ਪ੍ਰਿੰਸੀਪਲ ਗੁਰਚਰਨ ਸਿੰਘ, ਰਾਜਗੁਰੂ ਨਗਰ, ਲੁਧਿਆਣਾ 500

**ਇਕਾਈ ਰੋਪੜ ਲਈ**

ਮਾ. ਪਰਮਿੰਦਰ ਸਿੰਘ (ਇਕਾਈ ਮੈਂਬਰ) 2500

**ਇਕਾਈ ਮੋਹਾਲੀ ਲਈ**

ਗੁਰਦੀਪ ਕੌਰ, ਸੀਨੀ. ਮੀਤ ਪ੍ਰਧਨ, ਨਗਰ ਕੌਂਸਲ, ਖਰੜ 500
ਸੁਰਿੰਦਰ ਕੌਰ ਗਰੇਵਾਲ, ਮੁਹਾਲੀ. (ਕਾ. ਸੌਦਾਗਰ ਸਿੰਘ ਗਰੇਵਾਲ ਦੀ ਯਾਦ ਵਿੱਚ) 2000

**ਇਕਾਈ ਮਾਨਸਾ ਲਈ**

ਅਮਨਜੋਤ ਸਿੰਘ (ਆਪਣੇ ਪਿਤਾ ਐਡਵੋਕੇਟ ਭਗਵੰਤ ਸਿੰਘ ਦੀ ਯਾਦ ਵਿੱਚ) 2100



# ਪ੍ਰਤੀਕਰਮ

ਸੰਪਾਦਕ 'ਤਰਕਸ਼ੀਲ'
ਮੁੱਖ ਦਫ਼ਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਬਰਨਾਲਾ -148101 (ਪੰਜਾਬ)
**email : tarkshiloffice@gmail.com**



ਜਨਵਰੀ -ਫਰਵਰੀ ਅੰਕ ਦਾ ਮੁੱਖ ਪੰਨਾ ਹਨੇਰੇ ਵਿੱਚ ਆਸ ਦੀ ਕਿਰਨ ਦਿਖਾਉਂਦਾ ਹੈ। ਪਰ ਨਵੇਂ ਸਾਲ ਦੇ ਅੰਕ ਦਾ ਮੁੱਖ ਪੰਨਾ ਇਸ ਤੋਂ ਵੱਧ ਆਸ ਵੰਨਾਂ ਅਤੇ ਰੌਸ਼ਨ ਹੋਣਾ ਚਾਹੀਦਾ ਸੀ। ਐੱਮ. ਐੱਸ.ਪੀ. ਬਾਰੇ ਲੇਖ ਦੇ ਪਹਿਲੇ ਪੈਰ੍ਹੇ ਵਿੱਚ ਡਾ. ਸੁਖਪਾਲ ਲਿਖਦੇ ਹਨ ਕਿ ਪੂਰੇ ਸੰਸਾਰ ਵਿੱਚ ਪੂੰਜੀਵਾਦ ਬਹੁਤ ਗਹਿਰੇ ਸੰਕਟ ਵਿੱਚੋਂ ਲੰਘ ਰਿਹਾ ਹੈ। ਗੱਲ ਕੁਝ ਸਮਝ ਨਹੀਂ ਆਈ ਕਿਉਂਕਿ ਸੰਕਟ ਵਿੱਚ ਤਾਂ ਉਹ ਹਨ ਜੋ ਬਰਾਬਰੀ ਵਾਲਾ ਸਮਾਜ ਸਿਰਜਣ ਦੀ ਗੱਲ ਕਰਦੇ ਹਨ ਅਤੇ ਪੂੰਜੀਵਾਦ ਉੱਪਰ ਇੱਕ ਆਰਥਿਕ ਪ੍ਰਬੰਧ ਦੇ ਤੌਰ 'ਤੇ ਕੋਈ ਖਤਰਾ ਨਜ਼ਰ ਨਹੀਂ ਆਉਂਦਾ। ਲੇਖ 'ਤਰਕਸੰਗਤ ਸੰਵੇਦਨਸ਼ੀਲਤਾ' ਵਿਸ਼ੇ ਨਾਲ ਨਿਆਂ ਨਹੀਂ ਕਰ ਸਕਿਆ। ਅਦਾਕਾਰਾ ਕੰਗਣਾ ਰਣੌਤ ਦੇ ਬਿਆਨਾਂ ਵਿੱਚੋਂ ਝਲਕਦੀ ਨਫ਼ਰਤੀ ਵਿਚਾਰਧਾਰਾ ਬਾਰੇ ਲੇਖ ਬਹੁਤ ਮਿਹਨਤ ਨਾਲ ਲਿਖਿਆ ਹੋਇਆ ਹੈ। ਅੰਗਰੇਜ਼ਪ੍ਰਸਤ ਹਿੰਦੂ ਰਾਸ਼ਟਰਵਾਦੀਏ ਅੱਜ ਦੇਸ਼ ਭਗਤ ਬਣ ਬੈਠੇ ਹਨ। ਪੜ੍ਹਣਯੋਗ ਪੁਸਤਕਾਂ ਵਧੀਆ ਕਾਲਮ ਸ਼ੁਰੂ ਕੀਤਾ ਹੈ। ਮਨੋਜ ਮਲਿਕ ਦਾ ਅਧਿਐਨ ਦੇ ਰਸਤੇ ਪੈ ਕੇ ਸੰਘੀ ਤੋਂ ਤਰਕਸ਼ੀਲ ਬਣ ਜਾਣਾ ਚੰਗਾ ਲੱਗਿਆ।

**ਜਸਕਰਨ, ਫਤਿਹਗੜ੍ਹ ਸਾਹਿਬ**

'ਤਰਕਸ਼ੀਲ' ਮੈਗਜੀਨ ਦੇ ਜਨਵਰੀ- ਫਰਵਰੀ 2022 ਅੰਕ ਸਬੰਧੀ ਮੇਰੀ ਰਾਏ : ਅੰਦੋਲਨ ਕਦੇ ਖਤਮ ਨਹੀਂ ਹੋ ਸਕਦਾ ਜਦ ਤੱਕ ਜਮਾਤੀ ਸਮਾਜ ਮੌਜੂਦ ਹੈ। ਵਿਗਿਆਨਕ ਨਜਰੀਆ, ਅਲੋਚਨਾਤਮਕ ਸੋਚ ਅਤੇ ਸੁਆਲ ਕਰਨ ਦੀ ਯੋਗਤਾ 'ਤੇ ਅਧਾਰਿਤ ਜਿਉਣ ਦੀ ਕਲਾ ਹੈ। ਕਾਰਪੋਰੇਟ ਅਦਾਰੇ ਸਰਕਾਰੀ ਮੰਡੀਕਰਨ ਦਾ ਮਲੀਆਮੇਟ ਕਰਕੇ ਨਿੱਜੀ ਮੰਡੀ ਦਾ ਵਿਸਥਾਰ ਕਰਨ ਅਤੇ ਕਾਰਪੋਰੇਟ ਖੇਤੀ ਰਾਹੀਂ ਸਮੁੱਚੇ ਅਰਥਚਾਰੇ ਉਪਰ ਕੰਟਰੋਲ ਬਣਾ ਕੇ ਪੂਰੇ ਵਿਸ਼ਵ ਦੀ ਖਾਦ ਮੰਡੀ 'ਤੇ ਕੰਟਰੋਲ ਕਰਨ ਲਈ ਉਤਾਵਲੇ ਹਨ। ਹਿੰਦੂ ਰਾਜ ਆਜ਼ਾਦੀ, ਸਮਾਨਤਾ ਅਤੇ ਭਰੱਪਣ ਲਈ ਖਤਰਾ ਹੈ। ਇੱਕ ਨਾਸਤਿਕ ਬੰਦਾ ਵੱਧ ਫਖਰ ਤੇ ਜ਼ਿੰਮੇਵਾਰੀ ਨਾਲ ਜਿਉਂਦਾ ਹੈ। ਇੱਕ ਸਕੂਲ ਦੇ ਬੱਚਿਆਂ ਨੇ ਦੀਵਾਲੀ ਮੌਕੇ ਪਟਾਕਿਆਂ ਤੋਂ ਬਚਾ ਕੇ 38,000/- ਰੁਪਏ ਸਕੂਲ ਦੀ ਲਾਇਬ੍ਰੇਰੀ ਨੂੰ ਨਵੀਆਂ ਪੁਸਤਕਾਂ ਖ੍ਰੀਦਣ ਲਈ ਦਿੱਤੇ। ਕਿਸਾਨ ਅੰਦੋਲਨ ਵਾਂਗ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਵੀ ਹਰ ਵਰਗ ਦੀ ਸਮੂਲੀਅਤ ਵਾਲੇ ਵਿਆਪਕ ਅੰਦੋਲਨ ਦੀ ਲੋੜ ਹੈ। ਪੂਜਾ ਪਾਠਾਂ, ਅੰਧ-ਵਿਸਵਾਸਾਂ ਨੇ ਕੁੱਝ ਨਹੀਂ ਸੌਰਨਾ। ਚੇਤਨਤਾ ਅਤੇ ਸੰਘਰਸ਼ ਹੀ ਇਨ੍ਹਾਂ ਦਾ ਹੱਲ ਹੈ। ਡਰ ਵਿੱਚ ਜੀਅ ਰਹੇ ਇਨਸਾਨ ਨੂੰ ਅੰਧ-ਵਿਸ਼ਵਾਸਾਂ ਦੇ ਬੰਧਨ ਤੋਂ ਮੁਕਤ ਕਰਨਾ ਸੌਖਾ ਨਹੀਂ ਹੈ। ਅਰਦਾਸਾਂ, ਮੰਨਤਾਂ ਅਤੇ ਪੂਜਾ ਪਾਠਾਂ ਦੇ ਸੌਂਰਟਕੱਟ ਨਾਲ ਸਫਲਤਾ ਨਹੀਂ ਮਿਲਦੀ। ਆਖਰ ਕਠੋਰ ਹਕੀਕਤਾਂ ਨਾਲ ਮੱਥਾ ਲਾਉਣਾ ਹੀ ਪੈਂਦਾ ਹੈ। ਕੈਂਸਰ ਵਰਗੀ ਬਿਮਾਰੀ ਦਾ ਹੌਂਸਲੇ ਨਾਲ ਮੁਕਾਬਲਾ ਕਰਦਿਆਂ ਉਸ ਨੇ ਵਿਛੜਨ ਵੇਲੇ ਵੀ ਲੋਕਾਈ ਨੂੰ ਸਬਕ ਦਿੱਤਾ। ਲੋਕ ਹੀ ਵੱਡੇ/ਮਹਾਨ ਹੁੰਦੇ ਹਨ। ਲੋਕਾਂ ਦੀ ਤਾਕਤ ਸਰਵਉੱਚ ਹੁੰਦੀ ਹੈ। ਕਿੰਨੀਆਂ ਮਹਾਨ ਅਤੇ ਮਹੱਤਵਪੂਰਨ ਗੱਲਾਂ ਹਨ। ਹੋਰ ਵੀ ਅਣਗਿਣਤ ਮੋਤੀ ਪਏ ਹਨ 'ਤਰਕਸ਼ੀਲ' ਮੈਗਜ਼ੀਨ ਦੇ ਜਨਵਰੀ-ਫਰਵਰੀ 2022 ਦੇ ਅੰਕ ਵਿੱਚ। ਤਰਕਸ਼ੀਲ ਮੈਗਜ਼ੀਨ ਬੌਧਿਕ ਵਿਕਾਸ ਦਾ ਇੱਕ ਵਧੀਆ ਸਰੋਤ ਹੈ, ਜੇਕਰ ਇਸ ਨੂੰ ਪੂਰੀ ਰੀਝ ਨਾਲ ਪੜ੍ਹਨ, ਸਮਝਣ ਅਤੇ ਚੰਗੀ ਤਰ੍ਹਾਂ ਘੋਖਣ ਦੀ ਰੁਚੀ ਹੋਵੇ।

ਸਮੁੱਚੇ ਅਦਾਰੇ ਨੂੰ ਵਾਰ ਵਾਰ ਸਲਾਮ।

**ਅਜੀਤ ਪ੍ਰਦੇਸੀ**

---

ਇਨਸਾਨ ਦੀ ਸਭ ਤੋਂ ਵੱਡੀ ਦੌਲਤ ਉਸ ਦੀ ਜ਼ਿੰਦਗੀ ਹੁੰਦੀ ਹੈ ਅਤੇ ਜੀਣ ਲਈ ਇਨਸਾਨ ਨੂੰ ਬਸ ਇੱਕ ਹੀ ਜ਼ਿੰਦਗੀ ਮਿਲਦੀ ਹੈ। ਉਸ ਨੂੰ ਇਸ ਤਰ੍ਹਾਂ ਆਪਣੀ ਜ਼ਿੰਦਗੀ ਜਿਉਣੀ ਚਾਹੀਦੀ ਹੈ ਕਿ ਉਸ ਨੂੰ ਮਨੋ-ਮਨੀਂ ਇਸ ਦੁੱਖ ਦੀ ਤਕਲੀਫ ਨੂੰ ਸਹਿਣਾ ਨਾ ਪਵੇ ਕਿ ਉਸ ਨੇ ਆਪਣੀ ਜ਼ਿੰਦਗੀ ਦੇ ਸਾਲ ਇੰਝ ਹੀ ਗੁਜਾਰ ਦਿੱਤੇ ਹਨ। ਉਸ ਨੂੰ ਇਸ ਤਰ੍ਹਾਂ ਜੀਣਾ ਚਾਹੀਦਾ ਹੈ ਕਿ ਮਰਦੇ ਸਮੇਂ ਇਹ ਕਹਿ ਸਕੇ ਕਿ ਮੈਂ ਆਪਣੀ ਸਾਰੀ ਜ਼ਿੰਦਗੀ, ਆਪਣੀ ਸਾਰੀ ਤਾਕਤ ਸੰਸਾਰ ਦੇ ਉਸ ਮਹਾਨ ਕਾਰਜ, ਮਨੁੱਖਤਾ ਦੀ ਆਜ਼ਾਦੀ ਦੀ ਲੜਾਈ ਵਿੱਚ ਲਾਈ ਹੈ। ਇਨਸਾਨ ਨੂੰ ਆਪਣੀ ਜ਼ਿੰਦਗੀ ਦੇ ਹਰ ਪਲ ਦੀ ਵਰਤੋਂ ਕਰਨੀ ਚਾਹੀਦੀ ਹੈ, ਕੌਣ ਜਾਣੇ ਕਦੋਂ ਕੋਈ ਅਚਾਨਕ ਬਿਮਾਰੀ ਜਾਂ ਬੇਰਹਿਮ ਦੁਰਘਟਨਾ ਉਸ ਦੀ ਜ਼ਿੰਦਗੀ ਦੇ ਸੂਤ ਨੂੰ ਕੱਟ ਦੇਵੇ।

**ਨਿਕੋਲਾਈ ਓਸਤਰੋਵਸਕੀ**

# ਅਧੂਰਾ ਗਿਆਨ ਤੇ ਗਲਤ ਧਾਰਨਾ



**ਜਸਵੰਤ ਮੋਹਾਲੀ**

ਜਿੱਥੇ ਬਾਬਿਆਂ ਦੇ ਵੱਗ ਤੇ ਡੇਰਿਆਂ ’ਤੇ ਭੀੜਾਂ ਜੁੜਦੀਆਂ ਹੋਣ ਉੱਥੇ ਰਾਜਨੀਤੀ ਨੂੰ ਨਾ ਸਸਤੀ ਸਿੱਖਿਆ ਦਾ ਦਾਅਵਾ ਕਰਨ ਦੀ ਲੋੜ ਹੈ ਨਾ ਹਸਪਤਾਲਾਂ ਦਾ ਵਾਅਦਾ। ਬੱਸ ਲੀਡਰ ਦੀ ਬਾਬੇ ਨਾਲ ਫੋਟੋ ਖਬਰਾਂ ਵਿੱਚ ਆ ਜਾਵੇ। ਆਖਰ ਉਹ ਕਿਹੜੇ ਕਾਰਨ ਹਨ ਕਿ ਲੋਕਾਈ ਦਾ ਵੱਡਾ ਹਿੱਸਾ ਅੰਧਵਿਸ਼ਵਾਸ਼ੀ, ਫਿਰਕੂ ਤੇ ਅੰਧਭਗਤ ਬਣਿਆਂ ਰਹਿੰਦਾ ਹੈ ਤੇ ਵਿਗਿਆਨਕ ਚੇਤਨਾ ਸਮਾਜ ਦੇ ਨਿਗੂਣੇ ਹਿੱਸੇ ਤੱਕ ਸੀਮਤ ਰਹਿੰਦੀ ਹੈ? ਕਹਿੰਦੇ ਨੇ “ਇਹ ਦੁਨੀਆਂ ਮੰਨਦੀ ਜ਼ੋਰਾਂ ਨੂੰ”। ਤਕੜੇ ਦੀ ਹਰ ਥੋਥੀ ਤੋਂ ਥੋਥੀ ਗੱਲ ’ਤੇ ਵੀ ਵਾਹ-ਵਾਹ ਹੁੰਦੀ ਹੈ। ਮੋਦੀ ਗਟਰ ਉੱਤੇ ਪਾਈਪ ਲਾਕੇ ਕੁਕਿੰਗ ਗੈਸ ਬਣਾਉਣ ਦਾ ਕਿੱਸਾ ਸੁਣਾ ਦੇਵੇ, ਤਾੜੀਆਂ ਮਾਰ ਦੇਣਾ ਮੂਹਰੇ ਬੈਠੇ ਵਿਗਿਆਨੀਆਂ ਤੇ ਮਾਹਿਰਾਂ ਦੀ ਬੇਬਸੀ ਹੁੰਦੀ ਹੈ। ਕਮਿਊਨਿਸਟ ਮੈਨੀਫੈਸਟੋ ਵੀ ਤਾਂ ਇਹੀ ਕਹਿੰਦਾ ਹੈ ਕਿ ਹਰ ਯੁਗ ਦੇ ਭਾਰੂ ਵਿਚਾਰ ਰਾਜ ਕਰਦੀ ਜਮਾਤ ਦੇ ਵਿਚਾਰ ਹੀ ਹੁੰਦੇ ਹਨ। ਸਭਿਆਚਾਰ ਦੇ ਭਾਰੂ ਵਰਤਾਰੇ ਤਕੜੇ ਦੇ ਹਿਸਾਬ ਨਾਲ ਚਲਦੇ ਹਨ। ਸਾਡੇ ਵਿਚਾਰਾਂ ਨੂੰ ਨਿਰਧਾਰਤ ਕਰਨ ਲਈ ਹੋਰ ਵੀ ਕਈ ਫੈਕਟਰ ਜ਼ਿੰਮੇਵਾਰ ਹੁੰਦੇ ਹਨ। ਜਿਵੇਂ ਪੀੜ੍ਹੀ-ਦਰ-ਪੀੜ੍ਹੀ ਚੱਲੇ ਆਉਂਦੇ ਅੰਧ-ਵਿਸ਼ਵਾਸ਼ ਜਾਂ ਸਮਾਜ ਦੀ ਬਹੁਗਿਣਤੀ ਤੋਂ ਪ੍ਰਭਾਵਿਤ ਹੋਣਾ (ਇਹਨੂੰ ਭੇਡ ਚਾਲ ਵੀ ਕਹਿੰਦੇ ਹਨ)। ਬਿਪਤਾ ਮਾਰੀ ਲੋਕਾਈ ਵੈਸੇ ਵੀ ਕਿਸੇ ਦਿਸਦੀ/ ਅਣਦਿਸਦੀ ਸ਼ਕਤੀ ’ਤੇ ਟੇਕ ਰੱਖਣ ਲਈ ਤਿਆਰ ਹੀ ਬੈਠੀ ਹੁੰਦੀ ਹੈ। ਬੌਧਿਕ ਆਲਸ ਕਾਰਣ ਵੀ ਸਾਡਾ ਸਮਾਜ ਕਿਸੇ ਦੀ ਸੁਣੀ-ਸੁਣਾਈ ਨੂੰ ਮੰਨ ਲੈਂਦਾ ਹੈ। ਸਤੰਬਰ ਮਹੀਨੇ 1995 ਵਿੱਚ ਸਵੇਰੇ-ਸਵੇਰੇ ਖਬਰ ਫੈਲ ਗਈ ਕਿ ਮੰਦਰਾਂ ਵਿੱਚ ਗਣੇਸ਼ ਜੀ ਦੀ ਮੂਰਤੀ ਦੁੱਧ ਪੀ ਰਹੀ ਹੈ। ਦੁਪਹਿਰ ਤੋਂ ਪਹਿਲਾਂ-ਪਹਿਲਾਂ ਉਪਾਸ਼ਕਾਂ ਦੀਆਂ ਭੀੜਾਂ ਨੇ ਟਨਾਂ ਦੇ ਹਿਸਾਬ ਦੁੱਧ ਰੋੜ੍ਹ ਦਿੱਤਾ। ਉਦੋਂ ਸ਼ਾਇਦ ਬੀਬੀਸੀ ਪੱਤਰਕਾਰ ਮਾਰਕ ਟਲੀ ਨੇ ਬਿਆਨ ਦਿੱਤਾ ਸੀ ਕਿ ਬਾਕੀ ਦੁਨੀਆਂ ਦਾ ਤਾਂ ਪਤਾ ਨਹੀਂ ਪਰ ਭਾਰਤ ਵਿੱਚ ਪੱਤਰਕਾਰੀ ਦਾ ਸਭ ਤੋਂ ਤੇਜ਼ ਸਾਧਨ ਅਫਵਾਹਾਂ ਹਨ। ਡਿਜਿਟਲ ਇੰਡੀਆ ਵਿੱਚ ਅਫਵਾਹਾਂ ਵੀ ਡਿਜਿਟਲ ਹੋ ਗਈਆਂ ਹਨ। ਫੇਕ ਨਿਊਜ਼ ਅਫਵਾਹਾਂ ਦਾ ਡਿਜਿਟਲ ਨਾਮ ਹੈ। ਇਹ ਲਾਈਲੱਗ ਸਮਾਜ ਦਾ ਲੱਛਣ ਹੈ। ਵਟਸਐਪ ਦੀ ਤੇਜ ਟੈਕਨੋਲੋਜੀ ਅਤੇ ਮੁਫਤ ਵਰਗੀ ਸਰਵਿਸ ਹੋਣ ਕਰਕੇ ਇਸ ਵਿੱਚ ਅਥਾਹ ਵਾਧਾ ਹੋਇਆ ਹੈ। ਇਸਨੇ ਸਮਾਜ ਦੇ ਵੱਡੇ ਹਿੱਸੇ ਦੇ ਵਿਚਾਰਾਂ, ਵਿਸ਼ਵਾਸ਼ਾਂ ਤੇ ਮਤ ਨੂੰ ਸਿਸਟਮ ਦੇ ਹੱਕ ਵਿੱਚ ਢਾਲਣ ਦਾ ਕੰਮ ਕੀਤਾ ਹੈ। ਹੇਠ ਦਿੱਤੀ ਖ਼ੂਬਸੂਰਤ ਮਿਸਾਲ ਤੋਂ ਪਤਾ ਚੱਲੇਗਾ ਕਿ ਵਿਚਾਰ ਕਿਵੇਂ ਬਣਦੇ ਤੇ ਬਦਲਦੇ ਰਹਿੰਦੇ ਹਨ। ਆਓ ਦੇਖੀਏ। ਸਵੇਤਾ ਦਸ ਕਿਲੋਮੀਟਰ ਇੱਕ ਘੰਟੇ ਵਿੱਚ ਦੌੜਦੀ ਹੈ ਤੇ ਆਕਾਸ ਡੇਢ ਘੰਟੇ ਵਿੱਚ। ਤੁਸੀਂ ਕੀ ਕਹੋਗੇ ਕਿ ਦੋਹਾਂ ਵਿੱਚੋਂ ਵਧੇਰੇ ਤੇਜ ਤੇ ਤੰਦਰੁਸਤ ਕੌਣ ਹੈ? ਬਿਨਾਂ ਸ਼ੱਕ ਸਾਡਾ ਉੱਤਰ ਹੋਵੇਗਾ ਸਵੇਤਾ। ਪਰ ਜੇਕਰ ਮੈਂ ਤੁਹਾਨੂੰ ਦੱਸਾਂ ਕਿ ਸਵੇਤਾ ਸਾਫ ਟਰੈਕ ਉੱਪਰ ਦੌੜੀ ਅਤੇ ਆਕਾਸ ਰੇਤ ਉੱਪਰ ਫਿਰ ਤੁਹਾਡਾ ਕੀ ਜੁਆਬ ਹੋਵੇਗਾ? ਹੁਣ ਤੁਸੀਂ ਕਹੋਗੇ ਆਕਾਸ। ਪਰ ਜੇਕਰ ਸਾਨੂੰ ਪਤਾ ਚੱਲੇ ਕਿ ਸਵੇਤਾ ਦੀ ਉਮਰ ਸੱਠ ਸਾਲ ਦੀ ਹੈ ਅਤੇ ਅਕਾਸ ਦੀ ਪੱਚੀ ਸਾਲ। ਤਾਂ ਸ਼ਾਇਦ ਫਿਰ ਤੁਸੀਂ ਕਹੋਗੇ ਸ਼ਵੇਤਾ। ਮੈਂ ਦੋਹਾਂ ਬਾਰੇ ਤੁਹਾਨੂੰ ਕੁੱਝ ਹੋਰ ਜਾਣਕਾਰੀ ਦਿੰਦਾ ਹਾਂ। ਆਕਾਸ ਦਾ ਭਾਰ 100 ਕਿਲੋਗ੍ਰਾਮ ਅਤੇ ਸਵੇਤਾ ਦਾ ਭਾਰ 50 ਕਿਲੋ। ਤੁਹਾਡਾ ਜੁਆਬ ਫਿਰ ਬਦਲ ਜਾਵੇਗਾ। ਇਸ ਮਿਸਾਲ ਤੋਂ ਇਹ ਸਾਬਤ ਹੁੰਦਾ ਹੈ ਕਿ ਤੁਹਾਡੀਆਂ ਧਾਰਨਾਵਾਂ ਜਾਂ ਵਿਚਾਰ ਦਿੱਤੀ ਜਾ ਰਹੀ ਜਾਣਕਾਰੀ ਦੇ ਹਿਸਾਬ ਨਾਲ ਬਦਲਦੇ ਰਹਿੰਦੇ ਹਨ। ਅਧੂਰੀ ਜਾਂ ਤੋੜ ਮਰੋੜ ਕੇ ਪੇਸ਼ ਕੀਤੀ ਜਾਣਕਾਰੀ ਗਲਤ ਸਿੱਟਿਆਂ ਦਾ ਅਤੇ ਗਲਤ ਧਾਰਨਾਵਾਂ ਦਾ ਕਾਰਨ ਬਣਦੀ ਹੈ। ਗਾਂਧੀ ਤੇ ਗੋਡਸੇ ਬਾਰੇ ਵੀ ਤੁਸੀਂ ਇਸੇ ਤਰ੍ਹਾਂ ਸੋਚਦੇ ਹੋ। ਦੋ ਮਿੰਟ ਦੀ ਵੀਡੀਓ ਦੇ ਆਧਾਰ ’ਤੇ ਤੁਸੀਂ ਗੋਡਸੇ ਨੂੰ ਹਤਿਆਰੇ ਤੋਂ ਦੇਸ਼ਭਗਤ ਮੰਨ ਸਕਦੇ ਹੋ। ਏਸੇ ਤਰ੍ਹਾਂ ਵਟਸਐਪ ’ਤੇ ਇੱਕ ਮੈਸੇਜ ਮਿਲਿਆ “ਆਰੀਆ ਸਮਾਜੀ ਸਨ ਭਗਤ ਸਿੰਘ।” ਇਸ ਵਿੱਚ ਸ਼ਹੀਦ ਭਗਤ ਸਿੰਘ ਦੇ ਲੇਖ “ਮੈਂ ਨਾਸਤਿਕ ਕਿਉਂ ਹਾਂ” ਵਿੱਚੋਂ ਸਿਰਫ ਉਸਦੇ ਆਰੀਆ ਸਮਾਜੀ ਪ੍ਰਵਾਰ ਵਿੱਚ ਜਨਮੇ ਹੋਣ ਤੱਕ ਦਾ ਹਿੱਸਾ ਲੈ ਲਿਆ ਸੀ। ਅਗਲਾ ਹਿੱਸਾ ਛੱਡ ਦਿੱਤਾ ਗਿਆ ਸੀ ਜਿਸ ਵਿੱਚ ਉਹ ਦੱਸਦਾ ਹੈ ਕਿ ਕਿਵੇਂ ਅਧਿਐਨ ਕਰਦੇ-ਕਰਦੇ ਉਹ ਨਾਸਤਿਕ ਹੋ ਗਿਆ। ਸਹੀ ਨਿਰਣੇ ਵਾਸਤੇ ਤੁਹਾਨੂੰ ਵਧੇਰੇ ਜਾਣਕਾਰੀ ਯਾਨੀ ਵਧੇਰੇ ਅਧਿਐਨ ਦੀ ਜ਼ਰੂਰਤ ਹੈ। ਵਟਸਐਪ ਸੁਨੇਹਿਆਂ ਨੂੰ “ਏਧਰੋਂ ਫੜੋ ਓਧਰ ਸੁੱਟੋ” ਵਾਲੀ ਗੇਮ ਨਾ ਸਮਝੋ। ਸੋਸ਼ਲ ਮੀਡੀਆ ਵਰਤਦਿਆਂ ਸਿਰਫ ਅੱਖਾਂ, ਕੰਨ ਤੇ ਹੱਥ ਹੀ ਨਾ ਵਰਤੋ ਸਗੋਂ ਦਿਮਾਗ ਦੀ ਕਿਰਿਆ/ਪ੍ਰਤੀਕਿਰਿਆ ਵੀ ਸ਼ਾਮਲ ਕਰੋ।

ਪ੍ਰਤੀਕਰਮ

## ਵਿਲੱਖਣ ਸਨਮਾਨ : ਇਕ ਕਰਮਸ਼ੀਲ ਇਨਸਾਨ ਦੇ ਨਾਮ 'ਤੇ

ਮਾਣ ਸਨਮਾਨ ਹੁਲਾਰਾ ਦਿੰਦੇ ਨੇ। ਤੁਹਾਡੇ ਮਨ ਅੰਦਰ ਇਹ ਵਿਸ਼ਵਾਸ ਪੈਦਾ ਕਰਦੇ ਹਨ ਕਿ ਜੋ ਕੁਝ ਤੁਸੀਂ ਕਰ ਰਹੇ ਹੋ, ਉਸ ਨੂੰ ਕੋਈ ਦੇਖ ਰਿਹਾ ਹੈ, ਸਮਝ ਰਿਹਾ ਹੈ, ਮਾਣ ਰਿਹਾ ਹੈ ਤੇ ਸਰਾਹ ਰਿਹਾ ਹੈ। ਸਨਮਾਨ ਤੁਹਾਡੇ ਮੋਢਿਆਂ 'ਤੇ ਸਿਰਫ਼ ਤਮਗੇ ਦੀ ਤਰ੍ਹਾਂ ਨਹੀਂ ਸਜਦੇ, ਬਲਕਿ ਤੁਹਾਡੇ ਮੋਢਿਆਂ 'ਤੇ ਜ਼ਿੰਮੇਵਾਰੀ ਦਾ ਭਾਰ ਵੀ ਪਾਉਂਦੇ ਹਨ। ਮੋਢਿਆਂ ਦਾ ਹਰ ਹਾਲਤ ਵਿੱਚ ਮਜ਼ਬੂਤ ਰਹਿਣਾ ਬਹੁਤ ਜ਼ਰੂਰੀ ਹੈ। ਅੱਜ ਦੇ ਸਨਮਾਨ ਤੋਂ ਬਾਅਦ ਮੇਰੇ ਅਹਿਸਾਸ ਕੁਝ ਅਜਿਹੇ ਹੀ ਹਨ।

ਸਭ ਤੋਂ ਖਾਸ ਗੱਲ ਇਹ ਕਿ ਅੱਜ ਦਾ ਸਨਮਾਨ ਕ੍ਰਿਸ਼ਨ ਬਰਗਾੜੀ ਦੇ ਨਾਮ 'ਤੇ ਮਿਲਿਆ ਹੈ। ਉਹ ਇਕ ਆਲਰਾਊਂਡਰ ਮਨੁੱਖ ਸੀ। ਬਰਗਾੜੀ ਵਿਖੇ ਮਨੋਰੋਗ ਕੇਂਦਰ ਚਲਾਉਣਾ, ਮਨੋਰੋਗੀਆਂ ਦਾ ਇਲਾਜ ਕਰਨਾ। ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਬਾਹਰ ਕੱਢਣਾ। ਵਿਗਿਆਨਕ ਚੇਤਨਾ ਦਾ ਪ੍ਰਚਾਰ ਤੇ ਪਸਾਰ ਕਰਨਾ। ਤੇ ਬਹੁਤ ਸਾਰੇ ਪਰਿਵਾਰਾਂ ਨੂੰ ਉਸ ਕਲੇਸ਼ ਤੋਂ ਮੁਕਤ ਕਰਨਾ ਜੋ ਸਿਰਫ਼ ਉਨ੍ਹਾਂ ਦੀ ਅਗਿਆਨਤਾ ਕਰਕੇ ਪਿਆ ਹੋਇਆ ਸੀ ਤੇ ਦੰਭੀ ਸਾਧ ਸੰਤ ਲੁੱਟ ਕਰ ਰਹੇ ਸੀ। ਤਰਕਸ਼ੀਲ ਸੁਸਾਇਟੀ ਪੰਜਾਬ ਦਾ ਇਹ ਕਰਮਸ਼ੀਲ ਯੋਧਾ ਕ੍ਰਿਸ਼ਨ ਬਰਗਾੜੀ ਹਰ ਮੋਰਚੇ 'ਤੇ ਡਟਿਆ ਹੋਇਆ ਨਜ਼ਰ ਆਉਂਦਾ ਸੀ। ਜ਼ਿੰਦਗੀ ਵਿੱਚ ਅਨੇਕਾਂ ਵਾਰ ਖ਼ੂਨਦਾਨ ਕਰਨ ਵਾਲਾ ਇਹ ਯੋਧਾ, ਜੋ ਖੇਡ ਕਬੱਡੀ ਦਾ ਜ਼ਬਰਦਸਤ ਜਾਫੀ ਸੀ, ਅਖੀਰ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨੇ ਢਾਹ ਲਿਆ..ਪਰ ਉਹ ਢਹਿ ਕੇ ਵੀ ਢਿਹਾ ਨਹੀਂ ਸੀ.. ਚੜ੍ਹਦੀ ਕਲਾ ਵਿੱਚ ਰਿਹਾ ਅਖੀਰ ਤਕ ! ਉਸ ਚੜ੍ਹਦੀ ਕਲਾ ਵਾਲੇ ਇਨਸਾਨ ਦੇ ਨਾਮ 'ਤੇ ਸਨਮਾਨ ਹਾਸਿਲ ਕਰਨਾ ਮੇਰੀ ਜ਼ਿੰਦਗੀ ਦਾ ਇਕ ਵਿਸ਼ੇਸ਼ ਹਾਸਲ ਹੈ।

ਮੰਚ ਤੋਂ ਜਿਹੜਾ ਸਨਮਾਨ ਪੱਤਰ ਪੜ੍ਹਿਆ ਗਿਆ, ਉਸ ਨੇ ਮੈਨੂੰ ਭਾਵੁਕ ਵੀ ਕੀਤਾ ਤੇ ਇਸ ਗੱਲ ਦਾ ਮਾਣ ਵੀ ਹੋਇਆ ਕਿ ਉਸ ਸਨਮਾਨ ਪੱਤਰ ਵਿਚ ਭਾਅ ਗੁਰਸ਼ਰਨ ਸਿੰਘ ਦਾ ਜ਼ਿਕਰ ਬਹੁਤ ਖ਼ੂਬਸੂਰਤ ਤਰੀਕੇ ਨਾਲ ਕੀਤਾ ਗਿਆ ਸੀ। ਪ੍ਰਸਿੱਧ ਇਤਿਹਾਸਕਾਰ ਸੁਭਾਸ਼ ਪਰਿਹਾਰ, ਪ੍ਰਸਿੱਧ ਚਿੰਤਕ ਹੇਮ ਰਾਜ ਸਟੈਨੋ, ਚਿੰਤਕ ਰਾਜਪਾਲ ਸਿੰਘ, ਮਾਸਟਰ ਰਾਜਿੰਦਰ ਭਦੌੜ, ਜਸਵੰਤ ਮੁਹਾਲੀ, ਕ੍ਰਿਸ਼ਨ ਹੋਰਾਂ ਦੀ ਜੀਵਨ ਸਾਥਣ ਰਾਜਿੰਦਰ ਭੈਣ ਜੀ ਤੇ ਹੋਰ ਆਗੂਆਂ ਹੱਥੋਂ ਸਨਮਾਨ ਲੈਣਾ ਵਧੀਆ ਲੱਗਿਆ।

ਡਾ. ਸਾਹਿਬ ਸਿੰਘ

27 ਫ਼ਰਵਰੀ, 2022

## ਮਾਂ ਦੀ ਯਾਦ ਵਿੱਚ ਤਰਕਸ਼ੀਲ ਭਵਨ ਲਈ ਇੱਕ ਲੱਖ ਰੁਪਏ



ਪਿੰਡ ਗੁਰੂਸਰ(ਮੁਕਤਸਰ) ਦੇ ਸੇਵਾ ਮੁਕਤ ਇੰਜੀਨੀਅਰ ਪ੍ਰੀਤਮ ਸਿੰਘ ਪੁੱਤਰ ਮਰਹੂਮ ਹਾਕਮ ਸਿੰਘ ਧਾਲੀਵਾਲ ਨੇ ਆਪਣੀ ਮਾਂ ਦੀ ਯਾਦ ਨੂੰ ਚੇਤਨਾ ਰੰਗੀ ਬਣਾਉਣ ਦਾ ਸਾਰਥਕ ਉਪਰਾਲਾ ਕੀਤਾ ਹੈ। ਵਿਗਿਆਨਕ ਚੇਤਨਾ ਦੇ ਪ੍ਰਚਾਰ ਪਾਸਾਰ ਵਿੱਚ ਆਪਣਾ ਯੋਗਦਾਨ ਪਾਉਂਦਿਆਂ ਤਰਕਸ਼ੀਲ ਭਵਨ ਬਰਨਾਲਾ ਨੂੰ ਮਾਤਾ ਨਿਹਾਲ ਕੌਰ ਦੀ ਯਾਦ ਵਿੱਚ ਇੱਕ ਲੱਖ ਰੁਪਏ ਦੀ ਸਹਾਇਤਾ ਭੇਜੀ ਹੈ। 30 ਸਾਲਾਂ ਤੋਂ ਤਰਕਸ਼ੀਲ ਲਹਿਰ ਨਾਲ ਜੁੜੇ ਪ੍ਰੀਤਮ ਸਿੰਘ ਦਾ ਕਹਿਣਾ ਹੈ ਕਿ ਮਾਂ ਆਪਣੀ ਔਲਾਦ ਨੂੰ ਜੀਵਨ ਜਾਚ ਸਿਖਾਉਣ ਤੇ ਉਸਦਾ ਰਾਹ ਰੁਸ਼ਨਾਉਣ ਲਈ ਜਿਹੜਾ ਕੰਮ ਕਰਦੀ ਹੈ, ਇਹੋ ਕਾਰਜ ਤਰਕਸ਼ੀਲ ਸੁਸਾਇਟੀ ਪਿਛਲੇ 38 ਸਾਲ ਤੋਂ ਕਰ ਰਹੀ ਹੈ, ਜਿਸ ਨੇ ਆਪਣੇ ਕਾਰਜਾਂ ਨਾਲ ਵਿਗਿਆਨਕ ਚੇਤਨਾ ਰੂਪੀ ਚਾਨਣ ਵੰਡਦਿਆਂ ਸਮਾਜ ਦਾ ਰਾਹ ਰੁਸ਼ਨਾਇਆ ਹੈ। ਆਪਣੀ ਸਿਦਕਵਾਨ ਤੇ ਸਭਨਾਂ ਦਾ ਭਲਾ ਚਾਹੁਣ ਵਾਲੀ ਮਾਂ ਨਿਹਾਲ ਕੌਰ ਦੀ ਯਾਦ ਨੂੰ ਸਾਂਭਣ ਦਾ ਇਹ ਉਪਰਾਲਾ ਹੋਰਨਾਂ ਲਈ ਪ੍ਰੇਰਨਾ ਸ੍ਰੋਤ ਹੈ। ਮਾਂ ਤੇ ਉਸਦੇ ਪਰਿਵਾਰ ਦੀ ਸੋਚ ਨੂੰ ਸਲਾਮ।

## ਗੁਰਜਿੰਦਰ ਡੋਹਕ ਦੇ ਤੁਰ ਜਾਣ ਦੀ ਕਸਕ



ਜ਼ਿੰਦਗੀ ਤੇ ਸਮਾਜ ਨੂੰ ਚੰਗੇਰਾ ਬਣਾਉਣ ਲਈ ਤੁਰਿਆ ਮਾਸਟਰ ਗੁਰਜਿੰਦਰ ਡੋਹਕ ਨਹੀਂ ਰਿਹਾ। 7 ਜਨਵਰੀ 2022 ਨੂੰ ਉਸਦਾ ਜੀਵਨ ਪੰਧ ਬੇਵਕਤ ਰੁਕ ਗਿਆ। ਮਨ 'ਚ ਸੁਪਨੇ ਸੰਜੋਈ ਆਪਣੇ ਅਧਿਆਪਨ ਕਿੱਤੇ ਨਾਲ ਇਨਸਾਫ਼ ਕਰਦਾ, ਸਮਾਜ ਸੇਵਾ, ਤਰਕਸ਼ੀਲਤਾ, ਰੰਗ ਮੰਚ ਦੇ ਖੇਤਰ ਵਿੱਚ ਵੀ ਸਰਗਰਮ ਰਿਹਾ। ਉਸ ਦੇ ਅੰਦਰ ਜਗਦੀ ਚੇਤਨਾ ਦੀ ਲੋਅ ਹਮੇਸ਼ਾ ਚੰਗਾ, ਨਿਵੇਕਲਾ ਕਰਨ ਲਈ ਪ੍ਰੇਰਦੀ ਰਹੀ। ਤਰਕਸ਼ੀਲ ਲਹਿਰ ਦੇ ਪ੍ਰਚਾਰ ਪਸਾਰ ਲਈ ਰੰਗ ਮੰਚ ਨਾਲ ਜੁੜਿਆ ਤੇ ਆਪਣੀ ਨਾਟ ਮੰਡਲੀ ਬਣਾ ਕੇ ਲੋਕਾਂ ਨੂੰ ਚੇਤਨਾ ਦੀ ਜਾਗ ਲਾਉਂਦਾ ਰਿਹਾ। ਆਪਣੇ ਪਿੰਡ, ਵਿਦਿਆਰਥੀਆਂ ਤੇ ਸੰਗੀ ਸਨੇਹੀਆਂ ਕੋਲ ਤਰਕਸ਼ੀਲ ਵਿਚਾਰਾਂ ਦਾ ਚਾਨਣ ਬਿਖੇਰਦਾ ਬੇਵਕਤ ਵਿਛੜ ਗਿਆ। ਸਮਾਜ ਦੇ ਭਲੇ ਤੇ ਵਿਗਿਆਨਕ ਚੇਤਨਾ ਲਈ ਉਸ ਵੱਲੋਂ ਕੀਤੇ ਕਾਰਜਾਂ ਸਦਕਾ ਉਹ ਹਮੇਸ਼ਾਂ ਯਾਦਾਂ ਵਿੱਚ ਵਸਿਆ ਰਹੇਗਾ।

ਜਿਲਦ ਨੰ. 23 ਰਜਿ. ਨੰ. PUNPUN/2000/05393 ਅੰਕ : 2

*ਵਧਦੇ ਕਦਮਾਂ ਦਾ ਸਫ਼ਰ*

## ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਰੋਹ 2022



ਨਾਮਵਰ ਨਾਟਕਕਾਰ ਡਾ. ਸਾਹਿਬ ਸਿੰਘ ਨੂੰ ਕ੍ਰਿਸ਼ਨ ਬਰਗਾੜੀ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕਰਦੇ ਹੋਏ ਸੂਬਾਈ ਆਗੂ



ਉੱਘੇ ਇਤਿਹਾਸਕਾਰ ਡਾ. ਸੁਭਾਸ਼ ਪਰਿਹਾਰ 'ਫਿਰਕਾਪ੍ਰਸਤਾਂ ਵੱਲੋਂ ਇਤਿਹਾਸ 'ਤੇ ਹਮਲੇ' ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ।



ਸਮਾਰੋਹ ਵਿੱਚ ਇਤਿਹਾਸਕਾਰ ਡਾ. ਸੁਭਾਸ਼ ਪਰਿਹਾਰ ਦੇ ਸਨਮਾਨ ਦਾ ਦ੍ਰਿਸ਼

If undelivered please return to :

**Tarksheel**

**Tarksheel Bhawan, Tarksheel Chowk,**
**Sanghera By Pass, BARNALA-148101**
**Post Box No. 55**

Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ..............................................................

..............................................................

..............................................................